23-DEC-PAGE-1.qxd 12/22/2023 10:30 PM Page 1

ਸ਼ਨੀਵਾਰ, 23 ਦਸੰਬਰ, 2023
8 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 203

# ਨਵਾਂ ਜ਼ਮਾਨਾ

DAILY NAWAN ZAMANA • SATURDAY, 23 DECEMBER, 2023

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.L.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸਕੂਲਾਂ 'ਚ ਸਰਦੀਆਂ ਦੀਆਂ ਛੁੱਟੀਆਂ ਭਲਕ ਤੋਂ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਠੰਢ ਕਾਰਨ ਰਾਜ ਦੇ ਸਕੂਲਾਂ 'ਚ ਸਰਦੀਆਂ ਦੀਆਂ ਛੁੱਟੀਆਂ 24 ਤੋਂ 31 ਦਸੰਬਰ ਤੱਕ ਕਰਨ ਦਾ ਫੈਸਲਾ ਕੀਤਾ ਹੈ। ਸਿੱਖਿਆ ਵਿਭਾਗ ਦੇ ਸਕੱਤਰ ਕਮਲ ਕਿਸ਼ੋਰ ਯਾਦਵ ਵੱਲੋਂ ਪੱਤਰ ਜਾਰੀ ਕਰਕੇ ਸਾਰੇ ਸਰਕਾਰੀ, ਮਾਨਤਾ ਪ੍ਰਾਪਤ, ਨਿੱਜੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਛੁੱਟੀਆਂ ਦਾ ਐਲਾਨ ਕੀਤਾ ਗਿਆ ਹੈ।

## ਕਮਰਸ਼ੀਅਲ ਸਿਲੰਡਰ ਸਾਢੇ 39 ਰੁਪਏ ਘਟਿਆ

**ਨਵੀਂ ਦਿੱਲੀ** : 19 ਕਿਲੋ ਦੇ ਐੱਲ ਪੀ ਜੀ ਕਮਰਸ਼ੀਅਲ ਸਿਲੰਡਰ ਦੀ ਕੀਮਤ 'ਚ ਸ਼ੁੱਕਰਵਾਰ 39.50 ਰੁਪਏ ਪ੍ਰਤੀ ਸਿਲੰਡਰ ਦੀ ਕਟੌਤੀ ਕੀਤੀ ਗਈ, ਪਰ ਘਰੇਲੂ ਵਰਤੋਂ ਦੇ ਐੱਲ ਪੀ ਜੀ ਸਿਲੰਡਰ (14.2 ਕਿਲੋ) ਦੀ ਕੀਮਤ 903 ਰੁਪਏ 'ਤੇ ਬਰਕਰਾਰ ਰੱਖੀ ਗਈ। ਦਿੱਲੀ 'ਚ ਹੁਣ ਕਮਰਸ਼ੀਅਲ ਸਿਲੰਡਰ ਦੀ ਕੀਮਤ 1,757 ਰੁਪਏ ਪ੍ਰਤੀ ਸਿਲੰਡਰ ਹੋਵੇਗੀ, ਜੋ ਪਹਿਲਾਂ 1,796.50 ਰੁਪਏ ਸੀ।

## ਦੋ ਹਵਾਲਾਤੀਆਂ ਦੀ ਮੌਤ

**ਹੁਸ਼ਿਆਰਪੁਰ** : ਇੱਥੋਂ ਦੀ ਕੇਂਦਰੀ ਜੇਲ੍ਹ 'ਚ ਸ਼ੁੱਕਰਵਾਰ ਤੜਕੇ ਦੋ ਹਵਾਲਾਤੀਆਂ ਨੇ ਕਥਿਤ ਤੌਰ 'ਤੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਕਾਰਨਾਂ ਦਾ ਪਤਾ ਨਹੀਂ ਲੱਗਾ। ਮ੍ਰਿਤਕਾਂ ਦੀ ਪਛਾਣ ਓਂਕਾਰ ਵਾਸੀ ਸੁੰਦਰ ਨਗਰ ਅਤੇ ਟੀਟੂ ਵਾਸੀ ਪਿੰਡ ਮੇਹਣਾ ਵਜੋਂ ਹੋਈ ਹੈ। ਓਂਕਾਰ ਡਰੱਗ ਕੇਸ 'ਚ ਅੰਦਰ ਸੀ, ਜਦੋਂ ਕਿ ਟੀਟੂ 'ਤੇ ਬਲਾਤਕਾਰ ਦਾ ਕੇਸ ਸੀ।

## ਭਾਰਤੀ ਫਿਲਮ ਆਸਕਰ 'ਚੋਂ ਬਾਹਰ

**ਨਵੀਂ ਦਿੱਲੀ** : ਆਸਕਰ ਪੁਰਸਕਾਰਾਂ ਲਈ ਕੌਮਾਂਤਰੀ ਫੀਚਰ ਫਿਲਮ ਸ਼੍ਰੇਣੀ ਵਿਚ ਭਾਰਤ ਦੀ ਅਧਿਕਾਰਤ ਐਂਟਰੀ ਵਜੋਂ ਭੇਜੀ ਗਈ ਮਲਿਆਲਮ ਫਿਲਮ-2018 : 'ਐਵਰੀਵਨ ਇਜ਼ ਏ ਹੀਰੋ' ਵੱਕਾਰੀ ਅਕੈਡਮੀ ਪੁਰਸਕਾਰਾਂ ਦੀ ਦੌੜ 'ਚੋਂ ਬਾਹਰ ਹੋ ਗਈ ਹੈ। ਅਕੈਡਮੀ ਆਫ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਿਜ਼ ਨੇ ਕਿਹਾ ਕਿ ਜੂਡ ਐਂਥਨੀ ਜੋਸੇਫ ਵੱਲੋਂ ਨਿਰਦੇਸ਼ਤ ਫਿਲਮ ਇਸ ਸ਼੍ਰੇਣੀ ਲਈ ਚੁਣੀਆਂ 15 ਫਿਲਮਾਂ 'ਚ ਸ਼ਾਮਲ ਨਹੀਂ ਹੋ ਸਕੀ। ਇਸ ਸ਼੍ਰੇਣੀ 'ਚ 88 ਦੇਸ਼ਾਂ ਦੀਆਂ ਫਿਲਮਾਂ ਪੁੱਜੀਆਂ ਸਨ।

# ਸੰਸਦ 'ਚ ਦੋ ਮੁੰਡੇ ਵੜੇ ਤਾਂ ਦੇਸ਼ ਭਗਤ ਕਹਾਉਣ ਵਾਲੇ ਭੱਜ ਗਏ : ਰਾਹੁਲ



**ਨਵੀਂ ਦਿੱਲੀ** : ਸੰਸਦ ਵਿੱਚੋਂ 146 ਮੈਂਬਰਾਂ ਦੀ ਮੁਅੱਤਲੀ ਖਿਲਾਫ ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਨੇ ਸ਼ੁੱਕਰਵਾਰ ਇੱਥੇ ਜੰਤਰ-ਮੰਤਰ ਵਿਚ ਲੋਕਤੰਤਰ ਬਚਾਓ ਪ੍ਰਦਰਸ਼ਨ ਕੀਤਾ। ਇਸ ਵਿਚ ਕਾਂਗਰਸ ਤੋਂ ਇਲਾਵਾ ਖੱਬੀਆਂ ਪਾਰਟੀਆਂ, ਡੀ ਐੱਮ ਕੇ, ਐੱਨ ਸੀ ਪੀ (ਸ਼ਰਦ ਪਵਾਰ ਗੁਟ), ਸਪਾ, ਨੈਸ਼ਨਲ ਕਾਨਫਰੰਸ, ਟੀ ਐੱਮ ਸੀ, ਜੇ ਐੱਮ ਐੱਮ ਤੇ ਰਾਜਦ ਸਮੇਤ ਹੋਰਨਾਂ ਪਾਰਟੀਆਂ ਦੇ ਆਗੂ ਸ਼ਾਮਲ ਹੋਏ।

ਰਾਹੁਲ ਗਾਂਧੀ ਨੇ ਕਿਹਾ-ਕੁਝ ਦਿਨ ਪਹਿਲਾਂ ਸੰਸਦ ਵਿਚ ਦੋ ਨੌਜਵਾਨ ਆ ਵੜੇ। ਉਨ੍ਹਾਂ ਨੂੰ ਵਿਜ਼ਟਰ ਗੈਲਰੀ ਤੋਂ ਹੇਠਾਂ ਕੁੱਦਦੇ ਅਸੀਂ ਸਭ ਨੇ ਦੇਖਿਆ। ਉਨ੍ਹਾਂ ਥੋੜ੍ਹਾ ਧੂੰਆਂ ਫੈਲਾਇਆ, ਪਰ ਭਾਜਪਾ ਦੇ ਸਾਰੇ ਸਾਂਸਦ ਭੱਜ ਗਏ, ਜਿਹੜੇ ਖੁਦ ਨੂੰ ਦੇਸ਼ਭਗਤ ਕਹਿੰਦੇ ਹਨ, ਉਨ੍ਹਾਂ ਦੀ ਹਵਾ ਨਿਕਲ ਗਈ ਸੀ।

ਉਨ੍ਹਾ ਅੱਗੇ ਕਿਹਾ-ਮੈਂ ਕਿਸੇ ਨੂੰ ਕਿਹਾ ਕਿ ਦੇਸ਼ ਵਿਚ ਕਿਤੇ ਵੀ ਛੋਟਾ ਜਿਹਾ ਸਰਵੇ ਕਰੋ ਕਿ ਦੇਸ਼ ਦੇ ਨੌਜਵਾਨ ਮੋਬਾਈਲ (ਇੰਸਟਾਗਰਾਮ, ਟਵਿਟਰ, ਫੇਸਬੁੱਕ) 'ਤੇ ਕਿੰਨਾ ਸਮਾਂ ਬਿਤਾਉਂਦੇ ਹਨ। ਜਵਾਬ ਮਿਲਿਆ, ਸਾਢੇ ਸੱਤ ਘੰਟੇ। ਨਰਿੰਦਰ ਮੋਦੀ ਦੀ ਸਰਕਾਰ ਵਿਚ ਦੇਸ਼ ਦਾ ਨੌਜਵਾਨ ਸਾਢੇ ਸੱਤ ਘੰਟੇ ਮੋਬਾਈਲ ਫੋਨ 'ਤੇ ਰਹਿੰਦਾ ਹੈ ਕਿਉਂਕਿ ਉਸ ਕੋਲ ਰੁਜ਼ਗਾਰ ਨਹੀਂ ਹੈ। ਇਹ ਹਿੰਦੁਸਤਾਨ ਦੀ ਹਕੀਕਤ ਹੈ। ਇਸੇ ਦੇ ਚਲਦਿਆਂ ਉਹ ਨੌਜਵਾਨ ਸੰਸਦ ਵਿਚ ਵੜੇ।

ਉਨ੍ਹਾ ਕਿਹਾ-ਮੀਡੀਆ ਵਿਚ ਇਹ ਗੱਲ ਨਹੀਂ ਆਈ ਕਿ ਦੇਸ਼ ਵਿਚ ਬੇਰੁਜ਼ਗਾਰੀ ਹੈ। ਮੀਡੀਆ ਨੇ ਕਿਹਾ ਕਿ ਸੰਸਦ ਦੇ ਬਾਹਰ ਸਾਂਸਦ ਬੈਠੇ ਸੀ, ਉਥੇ ਰਾਹੁਲ ਨੇ ਵੀਡੀਓ ਬਣਾ ਲਈ। ਮਤਲਬ ਇਹ ਨਹੀਂ ਕਿਹਾ ਕਿ ਡੇਢ ਸੌ ਦੇ ਕਰੀਬ ਸਾਂਸਦਾਂ ਨੂੰ ਸੰਸਦ ਵਿੱਚੋਂ ਬਾਹਰ ਕਰ ਦਿੱਤਾ ਹੈ। ਮੀਡੀਆ ਨੇ ਇਹ ਸਵਾਲ ਨਹੀਂ ਉਠਾਇਆ ਕਿ ਸਾਂਸਦਾਂ ਨੂੰ ਬਾਹਰ ਕਿਉਂ ਕਰ ਦਿੱਤਾ। ਅਸੀਂ ਅਮਿਤ ਸ਼ਾਹ ਨੂੰ ਪੁੱਛਿਆ ਕਿ ਤੁਸੀਂ ਗ੍ਰਹਿ ਮੰਤਰੀ ਹੋ, ਦੋ ● ਬਾਕੀ ਸਫ਼ਾ 2 'ਤੇ

# ਪ੍ਰਧਾਨ ਮੰਤਰੀ ਜੀ ਸਨਮਾਨ ਹੁਣ ਬੋਝ ਬਣ ਗਏ : ਪੂਨੀਆ

## ਭਾਰਤੀ ਕੁਸ਼ਤੀ ਫੈਡਰੇਸ਼ਨ 'ਤੇ ਬ੍ਰਿਜ ਭੂਸ਼ਣ ਧੜੇ ਦਾ ਮੁੜ ਕਬਜ਼ਾ ਹੋਣ 'ਤੇ ਪਦਮਸ੍ਰੀ ਵਾਪਸ



**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ ਉੱਤੇ ਭਾਜਪਾ ਸਾਂਸਦ ਤੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਦਾ ਮੁੜ ਕਬਜ਼ਾ ਹੋ ਜਾਣ ਦੇ ਇਕ ਦਿਨ ਬਾਅਦ ਨਾਮੀ ਭਲਵਾਨ ਬਜਰੰਗ ਪੂਨੀਆ ਨੇ ਪਦਮਸ੍ਰੀ ਪੁਰਸਕਾਰ ਵਾਪਸ ਕਰ ਦਿੱਤਾ। ਉਸ ਨੇ ਕਿਹਾ ਕਿ ਫੈਡਰੇਸ਼ਨ ਦੀਆਂ ਚੋਣਾਂ ਦੱਸਦੀਆਂ ਹਨ ਕਿ ਭਲਵਾਨਾਂ ਦਾ ਭਵਿੱਖ ਹੁਣ ਸੁਰੱਖਿਅਤ ਨਹੀਂ ਰਹੇਗਾ। ਉਲੰਪਿਕ ਦੀ ਕਾਂਸੀ ਤਮਗਾ ਜੇਤੂ ਸਾਕਸ਼ੀ ਮਲਿਕ ਨੇ ਤਾਂ ਵੀਰਵਾਰ ਹੀ ਕੁਸ਼ਤੀ ਛੱਡਣ ਦਾ ਐਲਾਨ ਕਰ ਦਿੱਤਾ ਸੀ।

ਪੂਨੀਆ ਨੇ ਟਵਿੱਟਰ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਬੋਧਤ ਪੱਤਰ 'ਚ ਕਿਹਾ ਹੈ-ਮੈਂ ਪ੍ਰਧਾਨ ਮੰਤਰੀ ਨੂੰ ਆਪਣਾ ਪਦਮਸ੍ਰੀ ਐਵਾਰਡ ਵਾਪਸ ਕਰ ਰਿਹਾ ਹਾਂ। ਕਹਿਣ ਨੂੰ ਇਹ ਮੇਰਾ ਪੱਤਰ ਹੈ ਪਰ ਇਹੀ ਮੇਰੀ ਸਟੇਟਮੈਂਟ ਹੈ। ਪੂਨੀਆ ਨੇ ਪੱਤਰ 'ਚ ਲਿਖਿਆ ਹੈ-ਪਿਆਰੇ ਪ੍ਰਧਾਨ ਮੰਤਰੀ ਜੀ। ਉਮੀਦ ਕਰਦਾ ਹਾਂ ਕਿ ਰਾਜ਼ੀ-ਖੁਸ਼ੀ ਹੋਵੋਗੇ। ਤੁਸੀਂ ਕਈ ਕੰਮਾਂ ਵਿਚ ਬਿਜ਼ੀ ਹੋਵੋਗੇ ਪਰ ਮੈਂ ਤੁਹਾਡਾ ਧਿਆਨ ਦੇਸ਼ ਦੇ ● ਬਾਕੀ ਸਫ਼ਾ 2 'ਤੇ

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਭਾ ਦੌਰਾਨ ਵੱਜਣਗੇ ਮਾਤਮੀ ਬਿਗਲ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਪੰਜਾਬ ਸਰਕਾਰ ਵੱਲੋਂ ਸ਼ਰਧਾਂਜਲੀ ਭੇਟ ਕਰਨ ਦੇ ਨਿਮਾਣੇ ਜਿਹੇ ਉਪਰਾਲੇ ਵਜੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਕਿਹਾ ਕਿ ਸ਼ਹੀਦੀ ਸਭਾ ਦੌਰਾਨ 27 ਦਸੰਬਰ ● ਬਾਕੀ ਸਫ਼ਾ 2 'ਤੇ

# ਪੱਥਰਾਂ ਦਾ ਟਰੱਕ ਕਾਰ 'ਤੇ ਡਿੱਗਾ, ਨਵ-ਵਿਆਹੇ ਜੋੜੇ ਸਣੇ 4 ਮੌਤਾਂ



**ਮੋਗਾ (ਅਮਰਜੀਤ ਬੱਬਰੀ)**-ਸ਼ੁੱਕਰਵਾਰ ਬਾਅਦ ਦੁਪਹਿਰ ਮੋਗਾ-ਬਰਨਾਲਾ ਰੋਡ 'ਤੇ ਬੁੱਟਰ ਕਲਾਂ ਨੇੜੇ ਪੱਥਰਾਂ ਦਾ ਭਰਿਆ ਟਿੱਪਰ ਕਾਰ ਉੱਪਰ ਪਲਟ ਗਿਆ, ਜਿਸ ਕਾਰਨ 2 ਔਰਤਾਂ ਅਤੇ ਦੋ ਪੁਰਸ਼ਾਂ ਦੀ ਮੌਤ ਹੋ ਗਈ। ਪੰਜ ਸਾਲਾ ਬੱਚੀ ਬਚ ਗਈ। ਦੌਧਰ ਪਿੰਡ ਦੀ ਕੁੜੀ, ਜੋ ਹਨੂੰਮਾਨਗੜ੍ਹ ਵਿਆਹੀ ਹੋਈ ਸੀ, ਆਪਣੇ ਪਤੀ, ਜੇਠ ਅਤੇ ਜਠਾਣੀ ਨਾਲ ਦੌਧਰ ਆ ਰਹੀ ਸੀ। ਇਸ ਦੌਰਾਨ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਟਿੱਪਰ ਥੱਲੇ ਦੱਬ ਗਈ ਗੱਡੀ ਨੂੰ ਅੱਗ ਲੱਗ ਗਈ। ਕੁੜੀ ਦਾ 15 ਦਿਨ ਪਹਿਲਾਂ ਹੀ ਵਿਆਹ ਹੋਇਆ ਸੀ। ਮ੍ਰਿਤਕਾਂ ਦੀ ਪਛਾਣ ਸੋਹਾਵਤ ਸਿੰਘ ਪੁੱਤਰ ਰਤਨ ਸਿੰਘ, ਲਵਪ੍ਰੀਤ ਕੌਰ ਪਤਨੀ ਸੋਹਾਵਤ ਸਿੰਘ, ਕਰਮਨ ਸਿੰਘ ਪੁੱਤਰ ਰਤਨ ਸਿੰਘ ਅਤੇ ਇਕ ਹੋਰ ਮਹਿਲਾ ਵਜੋਂ ਹੋਈ ਹੈ। ਇਹ ਦੌਧਰ ਵਿਖੇ ਵਿਆਹ ਸਮਾਗਮ ਵਿਚ ਸ਼ਿਰਕਤ ਕਰਨ ਆ ਰਹੇ ਸਨ। ਰਾਤ ਨੂੰ ਵਿਆਹ ਦੀ ਜਾਗੋ ਸੀ। ਪੁਲਸ ਤੇ ਲੋਕਾਂ ਨੇ ਕਰੇਨ ਦੀ ਮਦਦ ਨਾਲ ਭਾਰੀ ਜੱਦੋ ਜਹਿਦ ਤੋਂ ਬਾਅਦ ਕਾਰ ਵਿਚ ਫਸੇ ਲੋਕਾਂ ਨੂੰ ਬਾਹਰ ਕੱਢਿਆ।

## ਇਮਰੋਜ਼ ਚਲਾਣਾ ਕਰ ਗਏ



**ਨਵੀਂ ਦਿੱਲੀ** : ਨਾਗਮਣੀ ਦੇ ਪੰਨਿਆਂ ਨੂੰ ਰੇਖਾ ਚਿੱਤਰਾਂ ਨਾਲ ਸਜਾਉਣ ਵਾਲੇ ਚਿੱਤਰਕਾਰ ਇਮਰੋਜ਼ (98) ਦਾ ਮੁੰਬਈ ਵਿਖੇ ਸ਼ੁੱਕਰਵਾਰ ਸਵੇਰੇ ਦੇਹਾਂਤ ਹੋ ਗਿਆ। ਉਹ ਕਾਫੀ ਦਿਨਾਂ ਤੋਂ ਬਿਮਾਰ ਸਨ ਤੇ ਉਹ ਅੰਮ੍ਰਿਤਾ ਪ੍ਰੀਤਮ ਦੀ ਨੂੰਹ ਅਲਕਾ ਕੋਲ ਕਈ ਸਾਲਾਂ ਤੋਂ ਰਹਿ ਰਹੇ ਸਨ। ਮੁੰਬਈ ਉਨ੍ਹਾ ਕੋਲ ਗਈ ਲੇਖਿਕਾ ਅੰਮੀਆ ਕੰਵਰ ਨੇ ਦੱਸਿਆ ਕਿ ਇਮਰੋਜ਼ ਨੂੰ ਕੁਝ ਸਮਾਂ ਪਹਿਲਾਂ ਮੁੰਬਈ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ ਤੇ ਉਹ ਫੂਡ ਨਾਲੀ ਨਾਲ ਖਾਣਾ ਲੈ ਰਹੇ ਸਨ। ਇਮਰੋਜ਼ ਨੇ ਅੱਖਰਕਾਰੀ ਤੇ ਕਿਤਾਬਾਂ ਦੇ ਟਾਈਟਲ ਬਣਾਉਣ ਲਈ ਵੱਖਰੀ ਸ਼ੈਲੀ ਵਿਕਸਤ ਕੀਤੀ ਅਤੇ ਪੰਜਾਬੀ, ਹਿੰਦੀ, ਉਰਦੂ ਦੀਆਂ ਅਨੇਕਾਂ ਕਿਤਾਬਾਂ ਦੇ ਟਾਈਟਲ ਤਿਆਰ ਕੀਤੇ।

## ਪੰਜਾਬ ਤੋਂ ਬਿਹਾਰ ਜਾਂਦੀਆਂ 765 ਪੇਟੀਆਂ ਫੜੀਆਂ ਗਈਆਂ

**ਪ੍ਰਯਾਗਰਾਜ** : ਯੂ ਪੀ ਪੁਲਸ ਦੀ ਸਪੈਸ਼ਲ ਟਾਸਕ ਫੋਰਸ ਨੇ ਬਿਹਾਰ ਜਾ ਰਹੀ ਆਲੂਆਂ ਦੀ ਖੇਪ ਅੰਦਰ ਪੰਜਾਬ ਤੋਂ ਸਮਗਲ ਕੀਤੀਆਂ ਜਾ ਰਹੀਆਂ ਸ਼ਰਾਬ ਦੀਆਂ 765 ਪੇਟੀਆਂ ਨੂੰ ਜ਼ਬਤ ਕਰ ਲਿਆ ਹੈ।

ਇਹ ਸ਼ਰਾਬ ਕਰੀਬ ਇਕ ਕਰੋੜ ਦੀ ਹੈ। ਬਿਹਾਰ 'ਚ ਸ਼ਰਾਬ 'ਤੇ ਪਾਬੰਦੀ ਹੈ। ਫੜੇ ਗਏ ਟਰੱਕ ਡਰਾਈਵਰ ਨੇ ਦੱਸਿਆ ਕਿ ਬਿਹਾਰ 'ਚ ਇਹ ਸ਼ਰਾਬ ਉੱਚੇ ਭਾਅ 'ਤੇ ਵੇਚੀ ਜਾਣੀ ਸੀ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



| ਜਗਦੀਸ਼ ਰਾਏ ਮਾਛੀਵਾੜਾ | ਸ਼ੈਂਕੀ ਸ਼ਰਮਾ ਮਾਛੀਵਾੜਾ | ਹਰਸ਼ ਕੁਮਾਰ ਮਾਛੀਵਾੜਾ |
|---|---|---|
| 98552-08112 | 98557-76622 | 95018-19055 |

ਸ਼ਹੀਦੀ ਜੋੜ ਮੇਲ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

*-ਜਨਰਲ ਮੈਨੇਜਰ*

## ਭਾਜਪਾ ਸਾਂਸਦ ਦੇ ਬਿਆਨ ਦਰਜ

**ਨਵੀਂ ਦਿੱਲੀ** : ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸ਼ੁੱਕਰਵਾਰ ਕਿਹਾ ਕਿ ਸੰਸਦ ਸੁਰੱਖਿਆ ਸੰਨ੍ਹ ਮਾਮਲੇ 'ਚ ਭਾਜਪਾ ਦੇ ਲੋਕ ਸਭਾ ਮੈਂਬਰ ਪ੍ਰਤਾਪ ਸਿਮਹਾ ਦਾ ਬਿਆਨ ਦਰਜ ਕੀਤਾ ਗਿਆ ਹੈ। ਇੱਥੇ ਪ੍ਰੈੱਸ ਕਾਨਫਰੰਸ 'ਚ ਜੋਸ਼ੀ ਨੇ ਕਿਹਾ ਕਿ 13 ਦਸੰਬਰ ਨੂੰ ਸੁਰੱਖਿਆ 'ਚ ਕੁਤਾਹੀ ਦੀ ਜਾਂਚ ਜਾਰੀ ਹੈ ਅਤੇ ਰਿਪੋਰਟ ਆਉਣ ਤੋਂ ਬਾਅਦ ਕਾਨੂੰਨ ਤਹਿਤ ਅਗਲੀ ਕਾਰਵਾਈ ਕੀਤੀ ਜਾਵੇਗੀ। 2001 ਵਿਚ ਸੰਸਦ 'ਤੇ ਹੋਏ ਅੱਤਵਾਦੀ ਹਮਲੇ ਦੀ ਬਰਸੀ 'ਤੇ ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਨੇ ਸਿਫਰ ਕਾਲ ਦੌਰਾਨ ਲੋਕ ਸਭਾ ਦੀ ਦਰਸ਼ਕ ਗੈਲਰੀ ਤੋਂ ਸਦਨ ਵਿਚ ਛਾਲ ਮਾਰ ਦਿੱਤੀ ਸੀ ਅਤੇ ਪੀਲੀ ਗੈਸ ਛੱਡੀ ਸੀ। ਹਾਲਾਂਕਿ ਸੰਸਦ ਮੈਂਬਰਾਂ ਨੇ ਉਸ ਨੂੰ ਫੜ ਲਿਆ। ਸ਼ਰਮਾ ਅਤੇ ਮਨੋਰੰਜਨ ਨੂੰ ਸਿਮਹਾ ਦੇ ਦਫਤਰ ਨੇ ਦਰਸ਼ਕਾਂ ਦੀ ਗੈਲਰੀ ਲਈ ਪਾਸ ਜਾਰੀ ਕੀਤੇ ਸਨ। ਸਿਮਹਾ ਮੈਸੂਰ ਤੋਂ ਲੋਕ ਸਭਾ ਮੈਂਬਰ ਹਨ।

## ਅੱਜ-ਨਾਮਾ

ਫਿਕਰ ਜਿਹਾ ਕੁਝ ਫੇਰ ਸਰਕਾਰ ਕਰਦੀ,
ਆਉਂਦੀ ਦਿੱਸੇ ਕੋਰੋਨਾ ਦੀ ਲਹਿਰ ਬੇਲੀ।
ਪਹਿਲਾਂ ਜਿਹੀ ਨਹੀਂ ਤੇਜ਼ ਰਫਤਾਰ ਭਾਵੇਂ,
ਫਿਰ ਵੀ ਰਹੀ ਨਾ ਕਿਸੇ ਥਾਂ ਠਹਿਰ ਬੇਲੀ।
ਪਿਛਲੀ ਬੀਤੀ ਦੀ ਭੁੱਲਦੀ ਯਾਦ ਹੈ ਨਹੀਂ,
ਕਿੱਡਾ ਵੱਡਾ ਸੀ ਆ ਗਿਆ ਕਹਿਰ ਬੇਲੀ।
ਘਰਾਂ ਵਿੱਚੋਂ ਨਾ ਨਿਕਲ ਸਨ ਲੋਕ ਸਕਦੇ,
ਸੁੰਨਮਸਾਨ ਸਨ ਪਿੰਡ ਜਾਂ ਸ਼ਹਿਰ ਬੇਲੀ।
ਅਗੇਤੀ ਕਰਦੀ ਸਰਕਾਰ ਆ ਠੀਕ ਚਿੰਤਾ,
ਸਮਝਣਾ ਸਾਨੂੰ ਵੀ ਚਾਹੀਦਾ ਫਰਜ਼ ਬੇਲੀ।
ਥੋੜ੍ਹੀ ਜਿਹੀ ਚੌਕਸੀ ਰੱਖੀ ਤਾਂ ਭਲਾ ਹੋਸੀ,
ਏਨਾ ਕਰਨ ਦਾ ਕੋਈ ਨਹੀਂ ਹਰਜ ਬੇਲੀ।

-ਤੀਸ ਮਾਰ ਖਾਂ

## ਉਸਮਾਨ ਖਵਾਜਾ ਨੂੰ ਝਾੜ



**ਸਿਡਨੀ** : ਆਸਟਰੇਲੀਆਈ ਬੱਲੇਬਾਜ਼ ਉਸਮਾਨ ਖਵਾਜਾ ਨੂੰ ਗਾਜ਼ਾ 'ਚ ਫਲਸਤੀਨੀਆਂ ਦੇ ਸਮਰਥਨ 'ਚ ਪਾਕਿਸਤਾਨ ਖਿਲਾਫ ਪਹਿਲੇ ਟੈਸਟ ਦੌਰਾਨ ਬਾਂਹ 'ਤੇ ਕਾਲੀ ਪੱਟੀ ਬੰਨ੍ਹਣ 'ਤੇ ਆਈ ਸੀ ਸੀ ਨੇ ਝਾੜ ਪਾਈ ਹੈ। ਆਈ ਸੀ ਸੀ ਦੇ ਨਿਯਮਾਂ ਦੇ ਤਹਿਤ ਕ੍ਰਿਕਟਰ ਕੌਮਾਂਤਰੀ ਮੈਚਾਂ ਦੌਰਾਨ ਕੋਈ ਸਿਆਸੀ, ਧਾਰਮਿਕ ਜਾਂ ਨਸਲੀ ਸੰਦੇਸ਼ ਨਹੀਂ ਦਿਖਾ ਸਕਦੇ। ਪਾਕਿਸਤਾਨ 'ਚ ਜਨਮੇ ਖਵਾਜਾ ਆਸਟਰੇਲੀਆ ਲਈ ਟੈਸਟ ਖੇਡਣ ਵਾਲੇ ਪਹਿਲੇ ਮੁਸਲਿਮ ਕ੍ਰਿਕਟਰ ਹਨ। ਆਈ ਸੀ ਸੀ ਦੇ ਬੁਲਾਰੇ ਨੇ ਕਿਹਾ-ਉਸਮਾਨ ਨੇ ਕ੍ਰਿਕਟ ਆਸਟਰੇਲੀਆ ਅਤੇ ਆਈ ਸੀ ਸੀ ਤੋਂ ਇਜਾਜ਼ਤ ਲਏ ਬਿਨਾਂ ਨਿੱਜੀ ਸੰਦੇਸ਼ (ਬਾਂਹ 'ਤੇ ਕਾਲੀ ਪੱਟੀ) ਦਿੱਤਾ ਸੀ। ਉਸ ਨੂੰ ਉਸ ਦੇ ਪਹਿਲੇ ਅਪਰਾਧ ਲਈ ਝਾੜ ਪਾਈ ਗਈ ਹੈ ਤੇ ਮੁੜ ਕਰਨ 'ਤੇ ਸਜ਼ਾ ਦਿੱਤੀ ਜਾਵੇਗੀ।



23-DEC-PAGE-1.qxd 12/22/2023 10:33 PM Page 2



## ਦੇਸ਼ ਭਗਤ ਗਲੋਬਲ ਸਕੂਲ 'ਚ ਬੱਚਿਆਂ ਨੂੰ 'ਚਾਰ ਸਾਹਿਬਜ਼ਾਦੇ' ਡਾਕੂਮੈਂਟਰੀ ਦਿਖਾਈ



**ਮੁਕਤਸਰ** (**ਸ਼ਮਿੰਦਰਪਾਲ, ਪੂਜਾ**)-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ, ਚਾਂਸਲਰ ਡਾਕਟਰ ਤੇਜਿੰਦਰ ਕੌਰ, ਸਕੂਲ ਪ੍ਰਿੰਸੀਪਲ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਬੱਚਿਆਂ ਨੂੰ 'ਚਾਰ ਸਾਹਿਬਜ਼ਾਦੇ' ਉੱਪਰ ਡਾਕੂਮੈਂਟਰੀ ਦਿਖਾਈ ਗਈ। ਇਹ ਡਾਕੂਮੈਂਟਰੀ ਦਿਖਾਉਣ ਦਾ ਮੰਤਵ ਬੱਚਿਆਂ ਨੂੰ ਸਿੱਖੀ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਸੀ। ਪ੍ਰਿੰਸੀਪਲ ਸੰਜੀਵ ਜਿੰਦਲ ਨੇ ਕਿਹਾ ਕਿ ਬੱਚਿਆਂ ਨੂੰ ਜ਼ਿੰਦਗੀ ਵਿੱਚ ਸਹੀ ਸੇਧ ਦੇਣ ਲਈ ਸਾਨੂੰ ਇਹੋ ਜਿਹੀਆਂ ਗਤੀਵਿਧੀਆਂ ਕਰਵਾਉਣੀਆਂ ਚਾਹੀਦੀਆਂ ਹਨ ਤਾਂ ਜੋ ਬੱਚਿਆਂ ਵਿੱਚ ਧਾਰਮਿਕ ਪ੍ਰਵਿਰਤੀਆਂ ਪੈਦਾ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਦਰਦਨਾਕ ਘਟਨਾ ਹੈ। ਇੱਕ ਪਾਸੇ ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ, ਦੂਜੇ ਪਾਸੇ ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ ਤੇ ਸਿੱਖੀ ਸਿਦਕ ਦੀ ਭਾਵਨਾ ਨਾਲ, ਜ਼ੁਲਮ ਤੇ ਤਸ਼ੱਦਦ ਵਿਰੁੱਧ, ਧਾਰਮਿਕ ਸੁਤੰਤਰਤਾ ਲਈ ਡੱਟ ਕੇ ਮੁਕਾਬਲਾ ਕਰਨ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ।

## ਏ ਡੀ ਜੀ ਪੀ ਨੇ ਸ਼ਹੀਦੀ ਸਭਾ ਸਬੰਧੀ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਸ੍ਰੀ ਫ਼ਤਹਿਗੜ੍ਹ ਸਾਹਿਬ** (**ਪ੍ਰਮੋਦ ਭਾਰਦਵਾਜ**)-26 ਦਸੰਬਰ ਤੋਂ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼ੁਰੂ ਹੋਣ ਜਾ ਰਹੀ ਸ਼ਹੀਦੀ ਸਭਾ 'ਚ ਨਤਮਸਤਕ ਹੋਣ ਲਈ ਦੂਰੋਂ ਨੇੜਿਓਂ ਆ ਰਹੀ ਸੰਗਤ ਦੀ ਸੁਰੱਖਿਆ ਤੇ ਸੁਵਿਧਾ ਦੇ ਮੱਦੇਨਜ਼ਰ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਪਰੋਕਤ ਦਾਅਵਾ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਸਬੰਧੀ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਪਹੁੰਚੇ ਏ.ਡੀ.ਜੀ.ਪੀ. ਜਸਕਰਨ ਸਿੰਘ ਨੇ ਕੀਤਾ। ਏ.ਡੀ.ਜੀ.ਪੀ. ਨੇ ਦੱਸਿਆ ਕਿ ਸ਼ਹੀਦੀ ਸਭਾ ਦੌਰਾਨ ਫ਼ਤਹਿਗੜ੍ਹ ਸਾਹਿਬ ਦੇ ਇਲਾਕੇ ਨੂੰ ਚਾਰ ਸੈਕਟਰਾਂ 'ਚ ਵੰਡਿਆ ਗਿਆ ਹੈ, ਜਿੱਥੇ ਸੁਰੱਖਿਆ ਤੇ ਟ੍ਰੈਫਿਕ ਡਿਊਟੀ 'ਤੇ ਚਾਰ ਹਜ਼ਾਰ ਤੋਂ ਵੱਧ ਪੁਲਸ ਕਰਮੀ ਤੇ ਅਫਸਰ ਤਾਇਨਾਤ ਰਹਿਣਗੇ ਅਤੇ ਡਰੋਨ ਸਰਵੀਲੈਂਸ ਤੇ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਵੀ ਅਹਿਮ ਸਥਾਨਾਂ, ਟ੍ਰੈਫਿਕ ਤੇ ਸ਼ਰਧਾਲੂਆਂ ਲਈ ਬਣਾਈਆਂ ਗਈਆਂ 21 ਪਾਰਕਿੰਗਾਂ 'ਤੇ ਨਜ਼ਰ ਰੱਖੀ ਜਾਵੇਗੀ। ਉਨ੍ਹਾ ਦੱਸਿਆ ਕਿ ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ ਤੱਕ ਲਿਜਾਣ ਤੇ ਵਾਪਸ ਲੈ ਕੇ ਆਉਣ ਲਈ ਚਾਰ ਥਾਵਾਂ ਤੋਂ ਮੁਫਤ ਸ਼ਟਲ ਬੱਸ ਸਰਵਿਸ ਮੁਹੱਈਆ ਕਰਵਾਈ ਜਾਵੇਗੀ, ਜਿਸ ਲਈ 75 ਬੱਸਾਂ ਤੇ 40 ਈ-ਰਿਕਸ਼ੇ ਲਗਾਏ ਹਨ। ਉਨ੍ਹਾ ਨਾਲ ਮੌਜੂਦ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਸ਼ਹੀਦੀ ਸਭਾ ਦੌਰਾਨ ਸੜਕਾਂ 'ਤੇ ਜਾਮ ਵਰਗੀ ਸਥਿਤੀ ਤੋਂ ਬਚਣ ਲਈ ਕੁਝ ਸੜਕਾਂ ਨੂੰ ਵਨ ਵੇ ਕੀਤਾ ਗਿਆ ਹੈ ਤੇ ਵੱਖ-ਵੱਖ ਥਾਵਾਂ 'ਤੇ 10 ਸਮਾਧਾਨ ਕੇਂਦਰ ਬਣਾਏ ਗਏ ਹਨ, ਜਿੱਥੋਂ ਲੋੜ ਪੈਣ 'ਤੇ ਸ਼ਰਧਾਲੂਆਂ ਨੂੰ ਪੁਲਸ ਸਹਾਇਤਾ, ਮੈਡੀਕਲ ਸਹਾਇਤਾ ਤੇ ਲੋੜੀਂਦੀ ਜਾਣਕਾਰੀ 24 ਘੰਟੇ ਮੁਹੱਈਆ ਕਰਵਾਈ ਜਾਵੇਗੀ।

## ਕੇਂਦਰੀ ਵਿਦਿਆਲਿਆ ਸਲਾਈਟ ਦਾ ਸਲਾਨਾ ਸਮਾਗਮ



**ਲੌਂਗੋਵਾਲ** (**ਪ੍ਰਦੀਪ ਸਿੰਘ ਸੱਪਲ**)-ਕੇਂਦਰੀ ਵਿਦਿਆਲਿਆ ਸਲਾਈਟ ਲੌਂਗੋਵਾਲ ਵੱਲੋਂ ਸਕੂਲ ਦਾ ਸਾਲਾਨਾ ਸਮਾਗਮ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਮਨੀਕਾਂਤ ਪਾਸਵਾਨ (ਸਲਾਈਟ ਡਾਇਰੈਕਟਰ) ਦਾ ਸਕੂਲ ਦੇ ਪ੍ਰਿੰਸੀਪਲ ਨੇ ਭਰਵਾਂ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਤੇ ਸਕੂਲ ਪ੍ਰਿੰਸੀਪਲ ਵੱਲੋਂ ਦੀਪ ਜਗਾ ਕੇ ਕੀਤੀ ਗਈ। ਸਾਲਾਨਾ ਸਮਾਰੋਹ ਵਿੱਚ ਸਕੂਲ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਭਾਰਤ ਦੇ ਵੱਖ-ਵੱਖ ਰਾਜਾਂ ਰਾਜਸਥਾਨੀ, ਗੁਜਰਾਤੀ, ਗਿੱਧਾ-ਭੰਗੜਾ ਦੇ ਸੱਭਿਆਚਾਰ ਦੀ ਝਲਕ ਦੇਖਣ ਨੂੰ ਮਿਲੀ। ਸਕੂਲ ਪ੍ਰਿੰਸੀਪਲ ਨੇ ਸਕੂਲ ਦੀ ਸਾਲਾਨਾ ਰਿਪੋਰਟ ਵਿੱਚ ਸਕੂਲ ਦੀਆਂ ਵੱਖ-ਵੱਖ ਗਤੀਵਿਧੀਆਂ ਤੇ ਉਪਲਬਧੀਆਂ ਦਾ ਲੇਖ-ਜੋਖਾ ਪੇਸ਼ ਕੀਤਾ। ਮੁੱਖ ਮਹਿਮਾਨ ਨੇ ਸਕੂਲ ਦੇ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਤਿਭਾ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਅੰਤ ਵਿੱਚ ਉਨ੍ਹਾਂ ਸਕੂਲ ਦੇ ਅਨੁਸ਼ਾਸਨ ਤੇ ਇਮਤਿਹਾਨਾਂ ਦੇ ਨਤੀਜਿਆਂ ਦੀ ਸ਼ਲਾਘਾ ਕਰਦੇ ਹੋਏ ਵਿਦਿਆਰਥੀਆਂ ਦੇ ਨੈਤਿਕ ਵਿਕਾਸ 'ਤੇ ਜ਼ੋਰ ਦੇਣ ਦੀ ਗੱਲ ਆਖੀ।

## ਈ ਟੀ ਟੀ ਅਧਿਆਪਕ ਜਥੇਬੰਦੀ ਵੱਲੋਂ ਜਸਵਿੰਦਰ ਸਿੰਘ ਸਿੱਧੂ ਦਾ ਸਨਮਾਨ



**ਕੋਟ ਈਸੇ ਖਾਂ** (**ਅਰੋੜਾ**)-ਹਾਊਸਿੰਗ ਬੋਰਡ ਗਮਾਡਾ ਪੰਜਾਬ ਦੇ ਡਾਇਰੈਕਟਰ ਲੱਗਣ ਉਪਰੰਤ ਈ ਟੀ ਟੀ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਦਾ ਸਨਮਾਨ ਲਗਾਤਾਰ ਹੋ ਰਿਹਾ ਹੈ। ਜਸਵਿੰਦਰ ਸਿੰਘ ਸਿੱਧੂ ਦੇ ਘਰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਜਿਥੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ, ਸਮਾਜ ਸੇਵੀ ਸੰਸਥਾਵਾਂ ਵੱਲੋਂ ਜਸਵਿੰਦਰ ਸਿੰਘ ਸਿੱਧੂ ਦਾ ਸਨਮਾਨ ਕੀਤਾ ਜਾ ਰਿਹਾ ਹੈ, ਉਥੇ ਉਨ੍ਹਾ ਦੀ ਆਪਣੀ ਜਥੇਬੰਦੀ ਈ ਟੀ ਟੀ ਅਧਿਆਪਕ ਯੂਨੀਅਨ ਪੰਜਾਬ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਮਨਮੀਤ ਸਿੰਘ ਰਾਏ, ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਮੋਗਾ ਨੇ ਆਪਣੀ ਟੀਮ ਨਾਲ ਸਿੱਧੂ ਦੇ ਨਿਵਾਸ ਸਥਾਨ ਤੇ ਪੁੱਜ ਕੇ ਉਨ੍ਹਾ ਦਾ ਸਨਮਾਨ ਕੀਤਾ ਅਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਜਸਵਿੰਦਰ ਸਿੰਘ ਸਿੱਧੂ ਜ਼ਮੀਨ ਨਾਲ ਜੁੜੇ ਹੋਏ ਉਹ ਲੀਡਰ ਹਨ, ਜਿਨ੍ਹਾ ਨੇ ਹਜ਼ਾਰਾਂ ਘਰਾਂ ਦੇ ਚੁੱਲ੍ਹਿਆ 'ਚ ਅੱਗ ਬਲਦੀ ਕੀਤੀ ਹੈ। ਜਸਵਿੰਦਰ ਸਿੰਘ ਸਿੱਧੂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ 'ਚ ਵੀ ਬਹੁਤ ਵੱਡੀ ਭੂਮਿਕਾ ਅਦਾ ਕੀਤੀ ਸੀ। ਪੰਜਾਬ ਸਰਕਾਰ ਵੱਲੋਂ ਉਨ੍ਹਾ ਨੂੰ ਸਰਕਾਰੀ ਅਹੁਦੇ ਨਾਲ ਨਿਵਾਜਣ ਤੇ ਜਿਥੇ ਉਨ੍ਹਾ ਦਾ ਕੱਦ ਪੰਜਾਬ 'ਚ ਉਚਾ ਹੋਇਆ ਹੈ, ਉਥੇ ਪੰਜਾਬ ਦੇ ਮੁਲਾਜ਼ਮ ਵਰਗ ਨੂੰ ਵੀ ਉਨ੍ਹਾ ਤੋਂ ਆਸ ਬੱਝੀ ਹੈ ਕਿ ਉਹ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਵਰਗੇ ਮੁੱਦੇ ਨੂੰ ਅੱਗੇ ਲੱਗ ਕੇ ਹੱਲ ਕਰਵਾਉਣਗੇ। ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਉਨ੍ਹਾ ਤੇ ਜੋ ਭਰੋਸਾ ਜਤਾਇਆ ਉਸ ਤੇ ਖਰਾ ਉਤਰਨਗੇ ਅਤੇ ਪੰਜਾਬ ਦੇ ਲੋਕਾਂ ਨੂੰ ਹਾਊਸਿੰਗ ਬੋਰਡ ਅਤੇ ਗਮਾਡਾ 'ਚ ਸਾਫ ਸੁਥਰੀਆਂ ਸੇਵਾਵਾਂ ਪ੍ਰਦਾਨ ਕਰਵਾਉਣ 'ਚ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਉਣਗੇ। ਕਲੋਨੀਆਂ ਦੀ ਐਨ ਓ ਸੀ ਦਾ ਮੁੱਦਾ ਉਹ ਪਹਿਲ ਦੇ ਆਧਾਰ ਤੇ ਮੁੱਖ ਮੰਤਰੀ ਪੰਜਾਬ ਨੂੰ ਮਿਲ ਕੇ ਸੁਲਝਾਉਣਗੇ।

## ਰੋਟਰੀ ਕਲੱਬ ਵੱਲੋਂ ਗਊਸ਼ਾਲਾ ਨੂੰ ਰਿਕਸ਼ਾ ਰੇਹੜੀ ਭੇਟ



**ਪਾਤੜਾਂ** (**ਨਿਸ਼ਾਨ ਸਿੰਘ ਬਣਵਾਲਾ**)-ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਸ੍ਰੀ ਗੋਪਾਲ ਗਊਸ਼ਾਲਾ ਪਿੰਡ ਬਰਾਸ ਵਿਖੇ ਰਿਕਸ਼ਾ ਰੇਹੜੀ ਦਿੱਤੀ। ਪ੍ਰਧਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਰੋਜ਼ਾਨਾ ਗਊਸ਼ਾਲਾ ਵਿਖੇ ਹਰਾ ਚਾਰਾ ਅਤੇ ਤੂੜੀ ਦੀ ਢੋਆ ਢੁਆਈ ਔਖਾ ਕੰਮ ਸੀ, ਇਸ ਔਖ ਨੂੰ ਦੇਖਦੇ ਕਲੱਬ ਵੱਲੋਂ ਰਿਕਸ਼ਾ ਰੇਹੜੀ ਗਊਸ਼ਾਲਾ ਨੂੰ ਭੇਟ ਕੀਤੀ ਗਈ।ਗਊਆਂ ਇੱਕ ਬੇਜ਼ੁਬਾਨ ਅਤੇ ਬਾਸਹਾਰਾ ਪਸ਼ੂ ਹਨ, ਇਸ ਲਈ ਸਭ ਨੂੰ ਮਿਲ ਕੇ ਇਨ੍ਹਾਂ ਦੀ ਸੇਵਾਰੂਪੀ ਦਾਨ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ।ਇਹ ਰਿਕਸ਼ਾ ਰੇਹੜੀ ਕਲੱਬ ਨੂੰ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਦੀ ਗ੍ਰਾਂਟ ਵਜੋਂ ਪ੍ਰਾਪਤ ਹੋਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਕਟਰੀ ਹਰਮੇਸ਼ ਮੇਸ਼ੀ, ਕੈਸ਼ੀਅਰ ਸੰਦੀਪ ਗੁਪਤਾ, ਰਾਕੇਸ਼ ਗਰਗ ਚੇਅਰਮੈਨ ਮਦਰ ਇੰਡੀਆ, ਜ਼ੋਨਲ ਸੈਕਟਰੀ ਨਰਾਇਣ ਗਰਗ, ਅਸ਼ੋਕ ਗਰਗ, ਕੁਨਾਲ ਗੋਇਲ, ਕਪਿਲ ਕੌਸ਼ਲ, ਨਰਾਇਣ ਦਾਸ, ਰਾਕੇਸ਼ ਸਿੰਗਲਾ ਚੇਅਰਮੈਨ ਗੁਰੂਕੁਲ ਸਕੂਲ, ਡਾ. ਅਸ਼ੋਕ ਦੇਵ, ਡਾ. ਮੋਹਨ ਲਾਲ, ਸੋਨੂ ਬਾਸਲ, ਜੀਵਨ ਕੁਮਾਰ, ਰਕੇਸ਼ ਬੱਬਲ, ਗੋਬਿੰਦ ਸਿੰਘ ਵਿਰਦੀ, ਬ੍ਰਿਜ ਲਾਲ, ਵਿਸ਼ਾਲ ਗੋਇਲ, ਸੰਜੀਵ ਕੁਮਾਰ, ਦੀਪਕ ਕੁਮਾਰ, ਸ਼ਿਵ ਸ਼ੰਕਰ, ਮਿੰਕਲ ਗਰਗ, ਯੋਗੇਸ਼ ਗਰਗ, ਆਦਿ ਮੈਂਬਰ ਹਾਜ਼ਰ ਸਨ।

## ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਨੇ ਬਹੁਤ ਘੱਟ ਸਮੇਂ 'ਚ ਕੈਨੇਡਾ ਦਾ ਸਟਡੀ ਵੀਜ਼ਾ ਲਗਵਾਇਆ



**ਬਾਘਾ ਪੁਰਾਣਾ** (**ਮਨੀ ਸਿੰਗਲਾ**)-ਬਾਘਾ ਪੁਰਾਣਾ ਦੇ ਮੇਨ ਬੱਸ ਸਟੈਂਡ ਵਿਚ ਸਥਿਤ ਇਲਾਕੇ ਦੀ ਨਾਮਵਰ ਸੰਸਥਾ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਜੋ ਕਿ ਆਈਲੈਟਸ ਅਤੇ ਪੀ ਟੀ ਈ ਦੇ ਖੇਤਰ ਵਿਚ ਮੁਹਾਰਤ ਹਾਸਲ ਕਰਨ ਦੇ ਨਾਲ-ਨਾਲ ਇਮੀਗ੍ਰੇਸ਼ਨ ਸਰਵਿਸ ਬਹੁਤ ਸੁਚੱਜੇ ਢੰਗ ਨਾਲ ਨਿਭਾ ਰਹੀ ਹੈ। ਸੰਸਥਾ ਨੇ ਜਸ਼ਨਪ੍ਰੀਤ ਕੌਰ ਪੁੱਤਰੀ ਰਣਧੀਰ ਸਿੰਘ ਵਾਸੀ ਦੇਸੂ ਜੋਧਾ (ਹਰਿਆਣਾ) ਦਾ ਕੈਨੇਡਾ ਦਾ ਸਟੂਡੈਂਟ ਵੀਜ਼ਾ ਬਹੁਤ ਹੀ ਘੱਟ ਸਮੇਂ ਵਿਚ ਲਗਵਾ ਕੇ ਵਿਦੇਸ਼ ਪੜ੍ਹਾਈ ਕਰਨ ਦਾ ਸੁਪਨਾ ਸਾਕਾਰ ਕੀਤਾ। ਇਸ ਮੌਕੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਅਤੇ ਨੰਦ ਸਿੰਘ ਬਰਾੜ ਐਮ.ਸੀ ਨੇ ਜਸ਼ਨਪ੍ਰੀਤ ਕੌਰ ਅਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸੰਸਥਾ ਵੱਲੋਂ ਬੱਚਿਆਂ ਦੇ ਵਿਦੇਸ਼ ਜਾਣ ਦੇ ਸੁਪਨੇ ਪੂਰੇ ਕੀਤੇ ਜਾਂਦੇ ਹਨ।

## ਪੈਨਸ਼ਨ ਐਸੋਸੀਏਸ਼ਨ ਕੈਂਟ ਮੰਡਲ ਨੇ ਪੈਨਸ਼ਨਰ ਦਿਵਸ ਮਨਾਇਆ

**ਜਲੰਧਰ** (**ਨ ਜ਼ ਸ**)-ਪੈਨਸ਼ਨ ਐਸੋਸੀਏਸ਼ਨ ਕੈਂਟ ਮੰਡਲ ਜਲੰਧਰ ਵੱਲੋਂ ਜੰਡੂ ਸਿੰਘਾ ਵਿਖੇ ਪੈਨਸ਼ਨਰ ਦਿਵਸ ਮਨਾਇਆ ਗਿਆ, ਜਿਸ ਵਿੱਚ ਚੀਫ਼ ਗੈਸਟ ਸ੍ਰੀਰਾਮ ਜੱਗੀ ਪ੍ਰਧਾਨ ਸਰਕਲ ਜਲੰਧਰ ਤੇ ਮੀਤ ਪ੍ਰਧਾਨ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਸਵਿੰਦਰ ਪਾਲ ਸਿੰਘ ਮੋਲੇਵਾਲੀ, ਵਿੱਤ ਸਕੱਤਰ ਡੀ ਕੇ ਮਹਿਤਾ, ਮੁਹੰਮਦ ਯੂਨਿਸ ਅਨੁਸਾਰੀ ਸਰਕਲ ਪ੍ਰਧਾਨ ਕਪੂਰਥਲਾ, ਨਰਿੰਦਰ ਕੁਮਾਰ ਮਹਿਤਾ ਸਰਕਲ ਪ੍ਰਧਾਨ ਨਵਾਂ ਸ਼ਹਿਰ, ਸੀਨੀਅਰ ਮੀਤ ਪ੍ਰਧਾਨ ਪ੍ਰੇਮ ਲਾਲ ਸਰਕਲ ਜਲੰਧਰ, ਗੁਰਦੇਵ ਸਿੰਘ ਪ੍ਰੈੱਸ ਸਕੱਤਰ ਜਲੰਧਰ ਸਰਕਲ, ਸਕੱਤਰ ਥੋੜੂ ਰਾਮ, ਭੈਣ ਸੁਮਨ ਲਤਾ ਮੀਤ ਪ੍ਰਧਾਨ ਸਰਕਲ ਜਲੰਧਰ ਮਾਡਲ ਟਾਊਨ ਕਮੇਟੀ, ਜਲੰਧਰ ਕੈਂਟ ਮੰਡਲ ਦੇ ਪ੍ਰਧਾਨ ਚਮਨਜੀਤ ਸਿੰਘ, ਕੈਂਟ ਮੰਡਲ ਸਕੱਤਰ ਸੁਰਿੰਦਰ ਸਿੰਘ, ਸ਼ਿੰਗਾਰਾ ਸਿੰਘ, ਪੂਰਨ ਚੰਦ, ਪਰਮਜੀਤ ਸਿੰਘ, ਜਗਨ ਨਾਥ, ਅਵਤਾਰ ਸਿੰਘ, ਪ੍ਰੈੱਸ ਸਕੱਤਰ ਅਵਤਾਰ ਸਿੰਘ, ਜਥੇਬੰਦਕ ਸਕੱਤਰ ਮਹਿੰਦਰ ਸਿੰਘ ਤੇ ਹੁਸ਼ਿਆਰਪੁਰ, ਕਪੂਰਥਲਾ ਸਰਕਲ ਦੇ ਬਹੁਤ ਸਾਰੇ ਸਾਥੀਆਂ ਨੇ ਭਾਗ ਲਿਆ। ਇਸ ਮੌਕੇ 70-71 ਸਾਲਾਂ ਦੇ 24 ਪੈਨਸ਼ਨਰ ਸਾਥੀਆਂ ਨੂੰ ਸਨਮਾਨਤ ਕੀਤਾ ਗਿਆ। ਬੁਲਾਰਿਆਂ ਨੇ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਵਿਸਥਾਰ 'ਚ ਚਾਨਣਾ ਪਾਇਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਆਏ ਸਾਥੀਆਂ ਨੂੰ ਚਾਹ-ਪਕੌੜੇ ਤੇ ਲੰਗਰ ਵਰਤਾਇਆ ਗਿਆ। ਮੁੱਖ ਮਹਿਮਾਨ ਵੱਲੋਂ ਸੂਬਾ ਕਮੇਟੀ ਦੇ ਉਲੀਕੇ ਪ੍ਰੋਗਰਾਮ ਮੁਤਾਬਕ 3 ਜਨਵਰੀ 2024 ਨੂੰ ਸ਼ਕਤੀ ਸਦਨ ਜਲੰਧਰ ਵਿਖੇ ਜ਼ੋਨ ਪੱਧਰ ਦੇ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਸੁਰਿੰਦਰ ਸਿੰਘ ਸਕੱਤਰ ਵੱਲੋਂ ਬਾਖੂਬੀ ਨਿਭਾਈ ਗਈ ਤੇ ਪ੍ਰਧਾਨ ਚਮਨਜੀਤ ਸਿੰਘ ਵੱਲੋਂ ਆਏ ਸਾਰੇ ਮਹਿਮਾਨਾਂ ਤੇ ਪੈਨਸ਼ਨਰਾਂ ਦਾ ਧੰਨਵਾਦ ਕੀਤਾ ਗਿਆ।

## ਨਗਰ ਕੌਂਸਲ ਦੇ ਸਫਾਈ ਸੇਵਕਾਂ ਦੀ ਹੜਤਾਲ ਖਤਮ



**ਬਰਨਾਲਾ** (**ਰਾਜਿੰਦਰ ਬਰਾੜ**)-ਨਗਰ ਕੌਂਸਲ ਬਰਨਾਲਾ ਦੇ ਸਫਾਈ ਸੇਵਕਾਂ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਕੀਤੀ ਜਾ ਰਹੀ ਭੁੱਖ ਹੜਤਾਲ ਅੱਜ ਖਤਮ ਕਰ ਦਿੱਤੀ ਗਈ। ਸਫਾਈ ਸੇਵਕਾਂ ਨੇ ਭੁੱਖ ਹੜਤਾਲ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਦੇ ਭਰੋਸੇ ਉੱਤੇ ਖਤਮ ਕੀਤੀ। ਹਸਨਪ੍ਰੀਤ ਨੇ ਦੱਸਿਆ ਕਿ ਮੰਤਰੀ ਮੀਤ ਹੇਅਰ ਦੀ ਪਹਿਲ ਸਦਕਾ ਸਫਾਈ ਸੇਵਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਬਰਨਾਲਾ 'ਚ ਆਊਟਸੋਰਸ ਪ੍ਰਣਾਲੀ ਰਾਹੀਂ ਕੰਮ ਕਰ ਰਹੇ 400 ਸਫਾਈ ਸੇਵਕਾਂ ਨੂੰ ਠੇਕੇ ਉੱਤੇ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸਫਾਈ ਸੇਵਕਾਂ ਦੀ ਠੇਕੇ ਉੱਤੇ ਅਧਾਰਤ 400 ਪੋਸਟਾਂ ਲਈ ਭਰਤੀ ਕਰਨ ਲਈ ਵੱਖ ਵੱਖ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਉਮੀਦਵਾਰਾਂ ਪਾਸੋਂ ਅਰਜ਼ੀਆਂ ਮੰਗੀਆਂ ਗਈਆਂ ਸਨ ਅਤੇ ਇਸ ਭਰਤੀ ਸਬੰਧੀ ਕੁੱਲ 1186 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ। ਨਗਰ ਕੌਂਸਲ ਬਰਨਾਲਾ ਵੱਲੋਂ ਮੈਰਿਟ ਦੇ ਅਧਾਰ 'ਤੇ 1186 ਉਮੀਦਵਾਰਾਂ ਵਿੱਚੋਂ ਵੱਖ ਵੱਖ ਕੈਟਾਗਿਰੀਆਂ ਅਧੀਨ 400 ਸਫਾਈ ਸੇਵਕਾਂ ਦੀ ਚੋਣ ਕੀਤੀ ਗਈ ਹੈ ਅਤੇ ਇਨ੍ਹਾਂ 400 ਸਫਾਈ ਸੇਵਕਾਂ ਵਿੱਚੋਂ ਲਗਭਗ 230 ਸਫਾਈ ਸੇਵਕ ਪਹਿਲਾਂ ਨਗਰ ਕੌਂਸਲ ਬਰਨਾਲਾ ਵਿਖੇ ਆਊਟਸੋਰਸ ਪ੍ਰਣਾਲੀ ਰਾਹੀਂ ਪਿਛਲੇ ਕਾਫੀ ਲੰਮੇ ਸਮੇਂ ਤੋਂ ਕੰਮ ਕਰ ਰਹੇ ਸਨ। ਉਨ੍ਹਾ ਸਫਾਈ ਸੇਵਕਾਂ ਵੱਲੋਂ ਕਾਫੀ ਸਮੇਂ ਤੋਂ ਇਨ੍ਹਾਂ ਦੀ ਨਿਯੁਕਤੀ ਆਊਟਸੋਰਸ ਏਜੰਸੀ ਦੀ ਬਜਾਏ ਕੰਟਰੈਕਟ 'ਤੇ ਕਰਨ ਦੀ ਮੰਗ ਵੀ ਕੀਤੀ ਜਾ ਰਹੀ ਸੀ। ਸੋ ਇਨ੍ਹਾਂ ਸਫਾਈ ਕਰਮਚਾਰੀਆਂ ਲਈ ਇਹ ਫੈਸਲਾ ਲਿਆ ਗਿਆ ਹੈ। ਇਸ ਮੌਕੇ ਐਮ.ਸੀ. ਰੁਪਿੰਦਰ ਸੀਤਲ ਬੰਟੀ, ਐਮ. ਸੀ. ਮਲਕੀਤ ਸਿੰਘ, ਬਲਾਕ ਪ੍ਰਧਾਨ ਅਮਨ ਗੋਇਲ, ਆਪ ਆਗੂ ਓਮ ਪ੍ਰਕਾਸ਼ ਆਦਿ ਮੌਜੂਦ ਸਨ।

## ਡੀ ਏ ਵੀ ਸਕੂਲ 'ਚ ਖੇਡ ਦਿਵਸ ਮਨਾਇਆ



**ਧੂਰੀ** (**ਸੁਖਦੇਵ ਧੂਰੀ**)
ਡੀ ਏ ਵੀ ਪਬਲਿਕ ਸਕੂਲ, ਕੱਕੜਵਾਲ ਵਿਖੇ ਸਕੂਲ ਦੇ ਸਰਪ੍ਰਸਤ ਬੀ. ਕੇ. ਸ਼ਰਮਾ ਦੀ ਅਗਵਾਈ ਵਿੱਚ ਸਕੂਲ ਵਿੱਚ 'ਸਲਾਨਾ ਅਨੰਦ ਲਾਲ ਸਪੋਰਟਸ ਦਿਵਸ' ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸੰਤ ਸਿੰਘ, ਡਾਇਰੈਕਟਰ ਰਜਿੰਦਰ ਪਾਲ ਅਤੇ ਸੁਖਵਿੰਦਰ ਪਾਲ ਨੇ ਹਵਾ 'ਚ ਗੁਬਾਰੇ ਉਡਾ ਕੇ ਖੇਡਾਂ ਦਾ ਸ਼ੁੱਭ ਆਰੰਭ ਕੀਤਾ। ਪਹੁੰਚੇ ਹੋਏ ਮੁੱਖ ਮਹਿਮਾਨਾਂ ਦਾ ਨਿੱਘਾ ਸਵਾਗਤ ਸਕੂਲ ਦੀ ਸਵਾਗਤ ਟੀਮ ਵਿੱਚ ਸ਼ਾਮਲ ਹਿਤੇਸ਼ ਗਰਗ, ਮੈਡਮ ਰਮਨਦੀਪ, ਕਮਲਦੀਪ ਸ਼ਰਮਾ ਅਤੇ ਮੈਡਮ ਪਰਮਜੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਇੰਚਾਰਜ ਜਤਿੰਦਰ ਸ਼ਰਮਾ ਅਤੇ ਸੁਰਜੀਤ ਸਿੰਘ (ਮੈਂਬਰ) ਨੇ ਵੱਖ-ਵੱਖ ਈਵੈਂਟਸ ਦਾ ਦੌਰਾ ਕੀਤਾ। ਇਸ ਖੇਡ ਦਿਵਸ ਵਿੱਚ ਫਿਜ਼ੀਕਲ ਟੀਚਰ ਟੀਮ ਚਰਨਜੀਤ ਕੌਰ, ਰਮਨਦੀਪ ਕੌਰ, ਗੁਰਪ੍ਰੀਤ ਕੌਰ, ਅਮਨਦੀਪ ਕੌਰ, ਦਲਜੀਤ ਕੌਰ ਅਤੇ ਜੋਤੀ ਸ਼ਰਮਾ ਦੀ ਦੇਖ-ਰੇਖ ਵਿੱਚ ਕਈ ਈਵੈਂਟਸ ਖੋ-ਖੋ, ਬੈਡਮਿੰਟਨ, ਵਾਲੀਬਾਲ, ਰੱਸਾਕਸ਼ੀ ਅਤੇ ਦੌੜਾਂ ਦੇ ਮੁਕਾਬਲੇ ਕਰਵਾਏ ਗਏ। ਮੈਡਮ ਕੰਵਲਜੀਤ ਰਾਣੀ ਅਤੇ ਪ੍ਰੀਆ ਜਿੰਦਲ ਨੇ ਪੂਰੇ ਖੇਡ ਦਿਵਸ ਦੀ ਐਂਕਰਿੰਗ ਦਾ ਕਾਰਜ ਸਿਰੇ ਚੜ੍ਹਾਇਆ। ਪ੍ਰਾਇਮਰੀ ਵਿੰਗ ਦੀਆਂ ਖੇਡਾਂ ਮੈਡਮ ਕੁਲਵਿੰਦਰ ਕੌਰ, ਰਮਨਦੀਪ ਕੌਰ, ਰਾਜਿੰਦਰ ਕੌਰ ਅਤੇ ਬਲਜੀਤ ਕੌਰ ਨੇ ਕਰਵਾਈਆਂ। ਇਸ ਮੌਕੇ ਸੁਖਪਾਲ ਕੌਰ, ਸਤਪਾਲ ਸਿੰਘ ਅਤੇ ਅਮਰਜੀਤ ਸਿੰਘ ਨੇ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ।

## ਜ਼ਰੂਰਤਮੰਦਾਂ ਦੀ ਮਦਦ ਲਈ ਅਕਾਲੀ ਦਲ ਸੁਤੰਤਰ ਹਮੇਸ਼ਾ ਅੱਗੇ ਰਹਿੰਦਾ : ਐੱਸ ਡੀ ਐੱਮ



**ਨਾਭਾ** (**ਵਰਿੰਦਰ ਵਰਮਾ**)
ਅਕਾਲੀ ਦਲ ਸਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਅਤੇ ਸਮੂਹ ਵਰਕਰਾਂ ਵੱਲੋਂ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ, ਮਾਤਾ ਗੁਜਰੀ ਜੀ, ਦੀਵਾਨ ਟੋਡਰ ਮੱਲ ਅਤੇ ਬਾਬਾ ਮੋਤੀ ਮਹਿਰਾ ਦੀ ਸ਼ਹੀਦੀ ਨੂੰ ਪ੍ਰਣਾਮ ਕਰਦੇ ਹੋਏ ਸ੍ਰੀ ਸਹਿਜ ਪਾਠ ਜੀ ਦੇ ਭੋਗ ਗੁਰਦੁਆਰਾ ਸ੍ਰੀ ਅਜਾਪਾਲ ਘੋੜਿਆਂ ਵਾਲਾ ਨਾਭਾ ਵਿਖੇ ਪਾਏ ਗਏ। ਇਸ ਮੌਕੇ ਮਹਾਂਪੁਰਖਾਂ ਵੱਲੋਂ ਦੀਵਾਨ ਸਜਾਏ ਗਏ ਤੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਅਕਾਲੀ ਦਲ ਸੁਤੰਤਰ ਵੱਲੋਂ 50 ਦੇ ਕਰੀਬ ਲੋੜਵੰਦ ਮਹਿਲਾਵਾਂ ਨੂੰ ਗਰਮ ਸੂਟ ਦਿੱਤੇ ਗਏ ਅਤੇ ਜ਼ਰੂਰਤਮੰਦ ਬਜ਼ੁਰਗਾਂ ਨੂੰ 30 ਦੇ ਕਰੀਬ ਗਰਮ ਲੋਈਆਂ ਦਿੱਤੀਆਂ ਗਈਆਂ। ਐਸ ਡੀ ਐਮ ਨਾਭਾ ਤਰਸੇਮ ਚੰਦ ਅਤੇ ਦਲ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਲੋੜਵੰਦਾਂ ਨੂੰ ਸਮਾਨ ਵੰਡਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ ਡੀ ਐਮ ਨਾਭਾ ਤਰਸੇਮ ਚੰਦ ਨੇ ਕਿਹਾ ਕਿ ਪਰਮਜੀਤ ਸਿੰਘ ਸਹੋਲੀ ਵਲੋਂ ਸਮੂਹ ਵਰਕਰਾਂ ਦੇ ਸਹਿਯੋਗ ਨਾਲ ਸਮਾਜ ਭਲਾਈ ਦੇ ਕਾਰਜ ਕੀਤੇ ਜਾ ਰਹੇ ਹਨ ਜਿਸ ਦੇ ਲਈ ਅਕਾਲੀ ਦਲ ਸੁਤੰਤਰ ਵਧਾਈ ਦਾ ਪਾਤਰ ਹੈ। ਸਹੋਲੀ ਨੇ ਜਿਥੇ ਐਸ ਡੀ ਐਮ ਨਾਭਾ ਦਾ ਵਿਸ਼ੇਸ਼ ਤੌਰ 'ਤੇ ਪਹੁੰਚਣ 'ਤੇ ਧੰਨਵਾਦ ਕੀਤਾ, ਉਥੇ ਹੀ ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਲੋੜਵੰਦ ਪਰਵਾਰਾਂ ਦੀ ਮਦਦ ਕੀਤੀ ਜਾਵੇਗੀ। ਇਸ ਮੌਕੇ ਸੰਤ ਬਾਬਾ ਨਛੱਤਰ ਸਿੰਘ ਕਲਰ ਭੈਣੀ, ਬਾਬਾ ਅਜੀਤ ਸਿੰਘ ਕਲਰ ਭੈਣੀ, ਬਾਬਾ ਬੂਟਾ ਸਿੰਘ ਜੋਧਪੁਰੀ, ਰਿਟਾਇਰਡ ਆਈ ਜੀ ਰਣਵੀਰ ਸਿੰਘ ਖੱਟੜਾ, ਜਗਜੀਤ ਸਿੰਘ ਦਲੱਦੀ, ਪਰਮਜੀਤ ਸਿੰਘ ਖੱਟੜਾ, ਹਰਬੰਸ ਸਿੰਘ ਖੱਟੜਾ, ਸੁਰਜੀਤ ਸਿੰਘ ਬਾਬਰਪੁਰ, ਬਿੰਦਾ ਬਿਰਕ, ਅਮਰ ਸਿੰਘ ਅਮਰ, ਜਗਰੂਪ ਸਿੰਘ ਬੋੜਾ, ਭੰਗੂ ਫਲੇੜੇਵਾਲ, ਹੈਪੀ ਸੁੱਖੇਵਾਲ, ਅਮਰੀਕ ਸਿੰਘ ਮਟੋਰਡਾ, ਨਿਰਭੈ ਸਿੰਘ ਰੈਸਲ, ਮੁਖਤਿਆਰ ਸਿੰਘ ਖੇੜੀ, ਟੋਨੀ ਰੈਸਲ, ਜੋਰਾ ਸਿੰਘ ਹਿਆਣਾ ਕਲਾ, ਜਰਨੈਲ ਸਿੰਘ ਹਿਆਣਾ ਕਲਾਂ, ਮੰਗਾ ਸਿੰਘ ਸੁੱਖੇਵਾਲ, ਰਘਵੀਰ ਸਿੰਘ ਨੌਹਰਾ, ਸੁਰਜੀਤ ਸਿੰਘ ਫੌਜੀ ਆਦਿ ਹਾਜ਼ਰ ਸਨ।

## ਛਾਪਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ



**ਮਹਿਲ ਕਲਾਂ** (**ਪ੍ਰਦੀਪ ਸਿੰਘ ਲੋਹਗੜ੍ਹ**)-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਸਰਕਲ ਮਹਿਲ ਕਲਾਂ ਵੱਲੋਂ ਡਾ: ਸਤਪਾਲ ਸਿੰਘ ਦੀ ਅਗਵਾਈ ਹੇਠ ਪਿੰਡ ਛਾਪਾ ਵਿਖੇ ਹਾੜ੍ਹੀ ਦੀਆਂ ਫ਼ਸਲਾਂ ਤੇ ਪੀ. ਐੱਮ. ਕਿਸਾਨ ਨਿਧੀ ਯੋਜਨਾ ਸਬੰਧੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ। ਇਸ ਮੌਕੇ ਡਾ: ਸਤਪਾਲ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਪੁਰਾਣੇ ਸਮੇਂ ਦੀ ਖੇਤੀ ਦੇ ਹੁਣ ਦੀ ਖੇਤੀ ਨਾਲ ਫਰਕ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾ ਕਿਹਾ ਕਿ ਜਿਨ੍ਹਾਂ ਖੇਤਾਂ ਵਿੱਚ ਪਰਾਲੀ ਜ਼ਮੀਨ ਵਿੱਚ ਹੀ ਵਾਹ ਕੇ ਕਣਕ ਦੀ ਬਿਜਾਈ ਕੀਤੀ ਹੈ, ਉਨ੍ਹਾਂ ਖੇਤਾਂ ਨੂੰ ਪਾਣੀ ਲਗਾਉਣ ਤੋਂ ਪਹਿਲਾਂ ਯੂਰੀਆ ਦਾ ਛਿੱਟਾ ਕਣਕ ਦੀ ਫਸਲ 'ਤੇ ਨਾਈਟਰੋਜਨ ਦੀ ਘਾਟ ਨਹੀਂ ਦਿਖਾਵੇਗਾ ਅਤੇ ਪਰਾਲੀ ਛੇਤੀ ਗਲਣ ਵਿੱਚ ਸਹਾਇਤਾ ਕਰੇਗਾ। ਉਨ੍ਹਾਂ ਤਣੇ ਦੀ ਗੁਲਾਬੀ ਸੁੰਡੀ ਸਬੰਧੀ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਡਾ: ਗੁਰਚਰਨ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਤੇ ਮਾਹਰਾਂ ਦੀ ਸਲਾਹ ਨਾਲ ਹੀ ਸਹੀ ਮਿਕਦਾਰ ਵਿੱਚ ਦਵਾਈਆਂ ਤੇ ਖਾਦਾਂ ਆਦਿ ਦੀ ਵਰਤੋਂ ਨਾਲ ਖੇਤੀ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਯਾਦਵਿੰਦਰ ਸਿੰਘ ਖੇਤੀਬਾੜੀ ਅਫ਼ਸਰ ਕੁਤਬਾ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਮਸ਼ੀਨਰੀ ਦਾ ਸੁਚੱਜਾ ਉਪਯੋਗ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਨਵਿੰਦਰਪਾਲ ਸਿੰਘ ਬਰਾੜ ਬਲਾਕ ਤਕਨੀਕੀ ਮੈਨੇਜਰ ਮਹਿਲ ਕਲਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਣਕ ਦੀ ਫਸਲ 'ਤੇ ਨਦੀਨਾਂ, ਕੀੜੇ-ਮਕੌੜਿਆਂ ਤੇ ਬਿਮਾਰੀਆਂ ਦੇ ਹਮਲੇ ਤੇ ਰੋਕਥਾਮ ਸਬੰਧੀ ਵਿਸਥਾਰਪੂਰਕ ਜਾਣਕਾਰੀ ਦਿੱਤੀ ਤੇ ਕਿਸਾਨਾਂ ਨੂੰ ਆਤਮਾ ਪ੍ਰੋਜੈਕਟ 'ਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣੂ ਕਰਵਾਇਆ।

## ...ਸ.ਫਾ 1 ਦੇ ਬਾਕੀ

### ਸੰਸਦ 'ਚ ਦੋ ਮੁੰਡੇ ਵੜੇ ...

ਨੌਜਵਾਨ ਅੰਦਰ ਕਿਵੇਂ ਆ ਗਏ, ਬੇਰੁਜ਼ਗਾਰੀ 'ਤੇ ਦੋ ਸਵਾਲ ਪੁੱਛੇ ਤਾਂ ਡੇਢ ਸੌ ਮੈਂਬਰਾਂ ਨੂੰ ਬਾਹਰ ਕਰ ਦਿੱਤਾ। ਇਹ ਸਿਰਫ ਡੇਢ ਸੌ ਲੋਕ ਨਹੀਂ ਹਨ, ਇਹ ਹਿੰਦੁਸਤਾਨ ਦੇ ਲੋਕਾਂ ਦੀ ਆਵਾਜ਼ ਹਨ। ਸਾਂਸਦਾਂ ਨੂੰ ਮੁਅੱਤਲ ਕਰਕੇ ਦੇਸ਼ ਦੇ 60 ਫੀਸਦੀ ਲੋਕਾਂ ਦੀ ਆਵਾਜ਼ ਬੰਦ ਕੀਤੀ ਗਈ ਹੈ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਨੇ ਕਿਹਾ ਕਿ ਮੋਦੀ-ਸ਼ਾਹ ਨੇ ਸੰਵਿਧਾਨ ਤੇ ਲੋਕਤੰਤਰ ਨੂੰ ਖਤਮ ਕਰਨ ਦੀ ਯੋਜਨਾ ਬਣਾਈ ਹੈ। ਇਸਨੂੰ ਨਾਕਾਮ ਕਰਨ ਲਈ ਆਪੋਜ਼ੀਸ਼ਨ ਪਾਰਟੀਆਂ ਨੇ ਇੰਡੀਆ ਬਣਾਇਆ ਹੈ। ਉਨ੍ਹਾ ਕਿਹਾ ਕਿ ਜਦੋਂ ਸਭ ਇਕ ਹੋ ਜਾਣਗੇ ਤਾਂ ਮੋਦੀ ਕੁਝ ਨਹੀਂ ਕਰ ਸਕਦੇ। ਮੋਦੀ ਜੀ ਨੂੰ ਘੁਮੰਡ ਹੈ ਕਿ ਉਹ 400 ਸੀਟਾਂ ਜਿੱਤ ਜਾਣਗੇ, ਪਰ ਉਹ ਏਨੇ ਪਾਪੂਲਰ ਨਹੀਂ ਹਨ। ਕਰਨਾਟਕ, ਤਿਲੰਗਾਨਾ ਤੇ ਹਿਮਾਚਲ ਵਿਚ ਗਲੀ-ਗਲੀ ਘੁੰਮੇ, ਪਰ ਹਾਰ ਗਏ।

ਉਨ੍ਹਾ ਰਾਜ ਸਭਾ ਦੇ ਚੇਅਰਮੈਨ ਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀ ਅਲੋਚਨਾ ਕਰਦਿਆਂ ਕਿਹਾ ਕਿ ਉਨ੍ਹਾ ਨੂੰ ਆਪਣੇ ਸੰਵਿਧਾਨਕ ਅਹੁਦੇ ਦਾ ਖਿਆਲ ਰੱਖਣਾ ਚਾਹੀਦਾ ਹੈ, ਨਾ ਕਿ ਇਹ ਦੋਸ਼ ਲਾਉਣਾ ਚਾਹੀਦਾ ਹੈ ਕਿ ਸੰਸਦ ਦੇ ਬਾਹਰ ਇਕ ਸਾਂਸਦ ਨੇ ਨਕਲ ਉਤਾਰ ਕੇ ਜਾਟ ਹੋਣ ਦੇ ਨਾਤੇ ਉਨ੍ਹਾ ਦੀ ਬੇਇੱਜ਼ਤੀ ਕੀਤੀ। ਉਨ੍ਹਾ ਕਿਹਾ-ਹਾਕਮ ਧਿਰ ਨੇ ਮੈਨੂੰ ਸਦਨ ਵਿਚ ਬੋਲਣ ਤੋਂ ਕਈ ਵਾਰ ਰੋਕਿਆ। ਇਸ ਦਾ ਮਤਲਬ ਇਹ ਤਾਂ ਨਹੀਂ ਕਿ ਮੈਂ ਕਹਾਂ ਕਿ ਮੈਨੂੰ ਦਲਿਤ ਹੋਣ ਦੇ ਨਾਤੇ ਬੋਲਣ ਨਹੀਂ ਦਿੱਤਾ ਗਿਆ।

ਕਾਂਗਰਸ ਸਾਂਸਦ ਸ਼ਸ਼ੀ ਥਰੂਰ ਨੇ ਕਿਹਾ ਕਿ ਦੁਨੀਆ 'ਚ ਲੋਕਤੰਤਰ ਦੇ ਇਤਿਹਾਸ 'ਚ ਕਿਸੇ ਵੀ ਦੇਸ਼ 'ਚ 146 ਸਾਂਸਦਾਂਨੂੰ ਮੁਅੱਤਲ ਨਹੀਂ ਕੀਤਾ ਗਿਆ। ਉਹ ਇਸ ਕਰਕੇ ਪ੍ਰਦਰਸ਼ਨ ਕਰ ਰਹੇ ਹਨ ਤਾਂ ਕਿ ਲੋਕਾਂ ਨੂੰ ਪਤਾ ਲੱਗੇ ਕਿ ਲੋਕਤੰਤਰ ਖਤਰੇ ਵਿਚ ਹੈ। ਰਾਜਦ ਦੇ ਮਨੋਜ ਝਾਅ ਨੇ ਕਿਹਾ-ਲੋਕਤੰਤਰ ਦੀ ਹੱਤਿਆ ਹੋ ਗਈ ਹੈ। ਹੁਣ ਲੋਕਤੰਤਰ ਨੂੰ ਸੁਰਜੀਤ ਕਰਨਾ ਹੈ।

ਇਸ ਮੌਕੇ ਐੱਨ ਸੀ ਪੀ ਦੇ ਸ਼ਰਦ ਪਵਾਰ, ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ, ਰਾਜਦ ਦੇ ਮਨੋਜ ਕੁਮਾਰ ਝਾਅ ਵੀ ਮੌਜੂਦ ਸਨ। ਪਵਾਰ ਨੇ ਕਿਹਾ ਕਿ ਆਪੋਜ਼ੀਸ਼ਨ ਲੋਕਤੰਤਰ ਬਚਾਉਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੈ।

### ਪ੍ਰਧਾਨ ਮੰਤਰੀ ਜੀ ...

ਭਲਵਾਨਾਂ ਵੱਲ ਦਿਵਾਉਣ ਲਈ ਇਹ ਲਿਖ ਰਿਹਾ ਹਾਂ। ਤੁਹਾਨੂੰ ਜ਼ਰੂਰ ਪਤਾ ਹੋਵੇਗਾ ਕਿ ਦੇਸ਼ ਦੀਆਂ ਮਹਿਲਾ ਭਲਵਾਨਾਂ ਨੇ ਜਿਨਸੀ ਸ਼ੋਸ਼ਣ ਦਾ ਦੋਸ਼ ਲਾਉਂਦਿਆਂ ਬ੍ਰਿਜ ਭੂਸ਼ਣ ਸਿੰਘ ਖਿਲਾਫ ਜਨਵਰੀ ਵਿਚ ਪ੍ਰੋਟੈਸਟ ਸ਼ੁਰੂ ਕੀਤਾ ਸੀ। ਮੈਂ ਵੀ ਉਨ੍ਹਾਂ ਦੇ ਪ੍ਰੋਟੈਸਟ ਵਿਚ ਸ਼ਾਮਲ ਹੋਇਆ। ਸਰਕਾਰ ਵੱਲੋਂ ਸਖਤ ਕਾਰਵਾਈ ਦਾ ਭਰੋਸਾ ਦੇਣ 'ਤੇ ਪ੍ਰੋਟੈਸਟ ਰੋਕ ਦਿੱਤਾ ਗਿਆ। ਪਰ ਤਿੰਨ ਮਹੀਨਿਆਂ ਤੱਕ ਬ੍ਰਿਜ ਭੂਸ਼ਣ ਖਿਲਾਫ ਕੋਈ ਐੱਫ ਆਈ ਆਰ ਦਰਜ ਨਹੀਂ ਕੀਤੀ ਗਈ। ਅਸੀਂ ਫਿਰ ਅਪ੍ਰੈਲ ਵਿਚ ਸੜਕ 'ਤੇ ਉੱਤਰੇ ਤਾਂ ਕਿ ਘੱਟੋ ਘੱਟ ਪੁਲਸ ਉਸ ਵਿਰੁੱਧ ਐੱਫ ਆਈ ਆਰ ਤਾਂ ਦਰਜ ਕਰੇ। ਜਨਵਰੀ ਵਿਚ ਉਸ ਵਿਰੁੱਧ 19 ਸ਼ਿਕਾਇਤਾਂ ਸਨ ਪਰ ਅਪ੍ਰੈਲ ਵਿਚ ਘਟ ਕੇ 7 ਰਹਿ ਗਈਆਂ। ਇਸ ਦਾ ਮਤਲਬ ਬ੍ਰਿਜ ਭੂਸ਼ਣ ਨੇ 12 ਮਹਿਲਾ ਭਲਵਾਨਾਂ ਨੂੰ ਡਰਾ ਲਿਆ। ਪੂਨੀਆ ਨੇ ਅੱਗੇ ਲਿਖਿਆ ਹੈ-ਮੈਨੂੰ ਅਰਜੁਨ ਐਵਾਰਡ, ਖੇਲ ਰਤਨ ਤੇ ਪਦਮਸ੍ਰੀ ਨਾਲ ਨਿਵਾਜਿਆ ਗਿਆ ਸੀ। ਮੇਰਾ ਹਰ ਥਾਂ ਅਰਜੁਨ ਐਵਾਰਡੀ ਕਹਿ ਕੇ ਸਨਮਾਨ ਕੀਤਾ ਜਾਂਦਾ ਰਿਹਾ ਹੈ, ਪਰ ਜਦ ਅਸੀਂ ਮਹਿਲਾ ਭਲਵਾਨਾਂ ਨੂੰ ਸੁਰੱਖਿਅਤ ਨਹੀਂ ਰੱਖ ਸਕੇ ਤਾਂ ਫਿਰ ਇਨ੍ਹਾਂ ਸਨਮਾਨਾਂ ਥੱਲੇ ਦਬ ਕੇ ਮੈਂ ਆਪਣੀ ਜ਼ਿੰਦਗੀ ਨਹੀਂ ਜੀ ਸਕਾਂਗਾ। ਜਿਨ੍ਹਾਂ ਬੇਟੀਆਂ ਨੇ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਬਰਾਂਡ ਅੰਬੈਸਡਰ ਬਣਨਾ ਸੀ, ਉਨ੍ਹਾਂ ਨੂੰ ਆਪਣੀ ਖੇਡ ਤੋਂ ਹੀ ਬਾਹਰ ਹੋਣਾ ਪਿਆ ਹੈ। ਇਸ ਦੇ ਬਾਅਦ ਵੀ ਅਸੀਂ 'ਸਨਮਾਨਤ' ਭਲਵਾਨ ਕੁਝ ਵੀ ਨਹੀਂ ਕਰ ਸਕੇ। ਇਹ ਸਾਡੇ ਲਈ ਚੁੱਭਣ ਵਾਲੀ ਗੱਲ ਹੈ।

ਬ੍ਰਿਜ ਭੂਸ਼ਣ ਸ਼ਰਣ ਸਿੰਘ ਦੇ ਕਰੀਬੀ ਸੰਜੈ ਸਿੰਘ ਦੇ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਚੁਣੇ ਜਾਣ ਦਾ ਜ਼ਿਕਰ ਕਰਦਿਆਂ ਪੂਨੀਆ ਨੇ ਕਿਹਾ ਹੈ-ਇਨ੍ਹਾਂ ਲੋਕਾਂ ਨੇ ਜਿੱਤ ਦੇ ਬਾਅਦ ਦਾਅਵਾ ਕੀਤਾ ਕਿ ਦਬਦਬਾ ਹੈ ਤੇ ਰਹੇਗਾ। ਇਸੇ ਮਾਨਸਕ ਦਬਾਅ ਵਿਚ ਆ ਕੇ ਉਲੰਪਿਕ ਮੈਡਲ ਜੇਤੂ ਇੱਕੋ-ਇੱਕ ਮਹਿਲਾ ਭਲਵਾਨ ਸਾਕਸ਼ੀ ਮਲਿਕ ਨੇ ਖੇਡ ਤੋਂ ਹੀ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ। ਬ੍ਰਿਜ ਭੂਸ਼ਣ ਦੀ ਇਸ ਜਿੱਤ ਦੇ ਚਲਦਿਆਂ ਸਾਡੀ ਸਾਰਿਆਂ ਦੀ ਰਾਤ ਰੋਂਦਿਆਂ ਨਿਕਲੀ। ਸਮਝ ਨਹੀਂ ਆ ਰਿਹਾ ਸੀ ਕਿ ਕਿੱਥੇ ਜਾਈਏ, ਕੀ ਕਰੀਏ ਤੇ ਕਿਵੇਂ ਜੀਵੀਏ। ਏਨਾ ਮਾਣ-ਸਨਮਾਨ ਦਿੱਤਾ ਸਰਕਾਰ ਨੇ ਤੇ ਲੋਕਾਂ ਨੇ। ਕੀ ਇਸੇ ਸਨਮਾਨ ਦੇ ਥੱਲੇ ਦਬ ਕੇ ਘੁੱਟਦਾ ਰਹਾਂ। ਸਾਲ 2019 ਵਿਚ ਮੈਨੂੰ ਪਦਮਸ੍ਰੀ ਨਾਲ ਨਿਵਾਜਿਆ ਗਿਆ। ਖੇਲ ਰਤਨ ਤੇ ਅਰਜੁਨ ਐਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ। ਜਦ ਇਹ ਸਨਮਾਨ ਮਿਲੇ ਤਾਂ ਬਹੁਤ ਖੁਸ਼ੀ ਹੋਈ ਤੇ ਲੱਗਾ ਕਿ ਜੀਵਨ ਸੁਫਲਾ ਹੋ ਗਿਆ। ਪਰ ਅੱਜ ਉਸ ਤੋਂ ਕਿਤੇ ਵੱਧ ਦੁਖੀ ਹਾਂ ਅਤੇ ਇਹ ਸਨਮਾਨ ਮੈਨੂੰ ਚੁੱਭ ਰਹੇ ਹਨ। ਕਾਰਨ ਸਿਰਫ ਇਕ ਹੀ ਹੈ, ਜਿਸ ਕੁਸ਼ਤੀ ਲਈ ਮੈਨੂੰ ਇਹ ਸਨਮਾਨ ਮਿਲੇ, ਉਸ ਵਿਚ ਸਾਡੀਆਂ ਸਾਥੀ ਮਹਿਲਾ ਭਲਵਾਨਾਂ ਨੂੰ ਆਪਣੀ ਸੁਰੱਖਿਆ ਲਈ ਕੁਸ਼ਤੀ ਤੱਕ ਛੱਡਣੀ ਪੈ ਰਹੀ ਹੈ। ਖੇਡਾਂ ਸਾਡੀਆਂ ਮਹਿਲਾ ਖਿਡਾਰਨਾਂ ਦੀ ਜ਼ਿੰਦਗੀ ਵਿਚ ਬਦਲਾਅ ਲੈ ਕੇ ਆਈਆਂ ਸਨ। ਪਹਿਲਾਂ ਪਿੰਡਾਂ ਵਿਚ ਕੋਈ ਇਹ ਕਲਪਨਾ ਨਹੀਂ ਸੀ ਕਰ ਸਕਦਾ ਕਿ ਪਿੰਡਾਂ ਵਿਚ ਮੁੰਡੇ ਤੇ ਕੁੜੀਆਂ ਇਕੱਠੇ ਖੇਡਦੇ ਦਿਸਣਗੇ। ਪਰ ਪਹਿਲੀ ਪੀੜ੍ਹੀ ਦੀਆਂ ਖਿਡਾਰਨਾਂ ਦੀ ਹਿੰਮਤ ਕਾਰਨ ਅਜਿਹਾ ਹੋ ਸਕਿਆ। ਹਰ ਪਿੰਡ ਵਿਚ ਤੁਹਾਨੂੰ ਕੁੜੀਆਂ ਖੇਡਦੀਆਂ ਦਿਸ ਪੈਣਗੀਆਂ ਅਤੇ ਉਹ ਖੇਡਣ ਲਈ ਦੇਸ਼-ਵਿਦੇਸ਼ ਤੱਕ ਜਾ ਰਹੀਆਂ ਹਨ। ਪਰ ਜਿਨ੍ਹਾਂ ਦਾ ਦਬਦਬਾ ਕਾਇਮ ਹੋਇਆ ਹੈ ਜਾਂ ਰਹੇਗਾ, ਉਨ੍ਹਾਂ ਦੀ ਪਰਛਾਈਂ ਤੱਕ ਮਹਿਲਾ ਖਿਡਾਰੀਆਂ ਨੂੰ ਡਰਾਉਂਦੀ ਹੈ ਤੇ ਹੁਣ ਤਾਂ ਉਹ ਪੂਰੀ ਤਰ੍ਹਾਂ ਨਾਲ ਦੁਬਾਰਾ ਕਾਬਜ਼ ਹੋ ਗਏ ਹਨ। ਬਜਰੰਗ ਪੂਨੀਆ ਨੇ ਸ਼ੁੱਕਰਵਾਰ ਪ੍ਰਧਾਨ ਮੰਤਰੀ ਨੂੰ ਪੱਤਰ ਦੇਣ ਲਈ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਕੋਠੀ ਦੇ ਬਾਹਰ ਰੋਕ ਲਿਆ। ਪੂਨੀਆ ਨੇ ਪੁਲਸ ਵਾਲਿਆਂ ਨੂੰ ਕਿਹਾ-ਮੇਰੇ ਕੋਲ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਪਰਮਿਸ਼ਨ ਨਹੀਂ ਹੈ। ਮੈਂ ਅੰਦਰ ਨਹੀਂ ਜਾ ਸਕਦਾ, ਕ੍ਰਿਪਾ ਕਰਕੇ ਤੁਸੀਂ ਇਹ ਪੱਤਰ ਪ੍ਰਧਾਨ ਮੰਤਰੀ ਤੱਕ ਪਹੁੰਚਾ ਦਿਓ। ਮੈਂ ਪ੍ਰੋਟੈਸਟ ਨਹੀਂ ਕਰ ਰਿਹਾ ਤੇ ਨਾ ਹੀ ਗੁੱਸੇ ਹਾਂ। ਫਿਰ ਉਹ ਫੁੱਟ ਪਾਥ 'ਤੇ ਹੀ ਪੁਰਸਕਾਰ ਰੱਖ ਕੇ ਆ ਗਏ। ਖੇਡ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ ਉਹ ਪੂਨੀਆ ਨੂੰ ਫੈਸਲਾ ਬਦਲਣ ਲਈ ਮਨਾਉਣਗੇ। ਇਸੇ ਦੌਰਾਨ ਉਲੰਪਿਕ ਤਮਗਾ ਜੇਤੂ ਮਹਿਲਾ ਭਲਵਾਨ ਸਾਕਸ਼ੀ ਮਲਿਕ ਦੇ ਸੰਨਿਆਸ ਲੈਣ ਦੇ ਐਲਾਨ ਤੋਂ ਬਾਅਦ ਕਾਂਗਰਸ ਨੇ ਸ਼ੁੱਕਰਵਾਰ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਾਇਆ ਕਿ 'ਧੀਆਂ ਨੂੰ ਰੁਆਉਣਾ, ਸਤਾਉਣਾ ਤੇ ਘਰ ਬਿਠਾਉਣਾ' ਭਾਜਪਾ ਸਰਕਾਰ ਦੀ ਖੇਡ ਨੀਤੀ ਬਣ ਗਈ ਹੈ। ਪਾਰਟੀ ਦੇ ਜਨਰਲ ਸਕੱਤਰ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਮਹਿਲਾ ਭਲਵਾਨਾਂ 'ਤੇ ਹੋਏ ਅੱਤਿਆਚਾਰ ਅਤੇ ਬੇਇਨਸਾਫੀ ਲਈ ਨਰਿੰਦਰ ਮੋਦੀ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਰੀਓ ਉਲੰਪਿਕਸ ਦੀ ਕਾਂਸੀ ਤਮਗਾ ਜੇਤੂ ਸਾਕਸ਼ੀ ਮਲਿਕ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਦੇ ਅਹੁਦੇ ਦੀ ਚੋਣ 'ਚ ਭਾਜਪਾ ਸਾਂਸਦ ਤੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਦੇ ਵਿਸ਼ਵਾਸਪਾਤਰ ਸੰਜੈ ਸਿੰਘ ਦੀ ਜਿੱਤ ਦੇ ਵਿਰੋਧ 'ਚ ਵੀਰਵਾਰ ਨੂੰ ਆਪਣੇ ਕੁਸ਼ਤੀ ਦੇ ਜੁੱਤੇ ਮੇਜ ਉੱਤੇ ਰੱਖ ਦਿੱਤੇ ਅਤੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ। ਉਸ ਸਮੇਂ ਉਹ ਰੋ ਰਹੀ ਸੀ।

### ਛੋਟੇ ਸਾਹਿਬਜ਼ਾਦਿਆਂ ਦੀ ..

ਨੂੰ ਮਾਤਮੀ ਬਿਗਲ ਵਜਾਇਆ ਜਾਵੇਗਾ, ਜਿਸ ਦੌਰਾਨ ਸੰਗਤ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਨਮਨ ਕਰੇਗੀ। ਸ਼ਹੀਦੀ ਸ਼ਭਾ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪ੍ਰਸ਼ਾਸਨ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾ ਤੇ ਸਤਿਕਾਰ ਪ੍ਰਗਟਾਉਂਦਿਆਂ ਸ਼ਹੀਦੀ ਸਭਾ ਦੌਰਾਨ 27 ਦਸੰਬਰ ਨੂੰ ਸਵੇਰੇ 10 ਵਜੇ ਤੋਂ 10:10 ਵਜੇ ਤੱਕ ਮਾਤਮੀ ਬਿਗਲ ਵਜਾਇਆ ਜਾਵੇਗਾ। ਮਾਨ ਨੇ ਕਿਹਾ, "ਮੈਂ ਸੰਗਤ ਨੂੰ ਅਪੀਲ ਕਰਦਾ ਹਾਂ ਕਿ ਇਹ ਪਹਿਲੀ ਵਾਰ ਹੋਵੇਗਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਦੌਰਾਨ 10 ਮਿੰਟ ਲਈ ਮਾਤਮੀ ਬਿਗਲ ਵਜਾਇਆ ਜਾਵੇਗਾ ਅਤੇ ਉਸ ਵੇਲੇ ਤੁਸੀਂ ਜਿੱਥੇ ਵੀ ਹੋਵੋਗੇ, ਖੜ੍ਹੇ ਹੋ ਕੇ ਅਦੁੱਤੀ ਸ਼ਹਾਦਤ ਨੂੰ ਨਮਨ ਕੀਤਾ ਜਾਵੇ।" ਮੁੱਖ ਮੰਤਰੀ ਨੇ ਕਿਹਾ ਕਿ ਇਹ ਉਪਰਾਲਾ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਵਿਰਾਸਤ ਬਾਰੇ ਜਾਣੂੰ ਕਰਵਾਉਣ ਵਿਚ ਸਹਾਈ ਸਾਬਤ ਹੋਵੇਗਾ। ਉਨ੍ਹਾ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਨਾ ਸਮੇਂ ਦੀ ਲੋੜ ਹੈ ਤਾਂ ਕਿ ਮਨੁੱਖੀ ਹੱਕਾਂ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਫਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸ਼ਭਾ ਦੀਆਂ ਤਿਆਰੀਆਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੰਗਤਾਂ ਲਈ ਪੁਖਤਾ ਇੰਤਜ਼ਾਮ ਕਰਨ ਲਈ ਕਿਹਾ ਹੈ ਤਾਂ ਕਿ ਇਸ ਪਵਿੱਤਰ ਅਸਥਾਨ ਉਤੇ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਇਸ ਸਮੁੱਚੇ ਕਾਰਜ ਦੀ ਨਿਗਰਾਨੀ ਕਰਨਗੇ ਤਾਂ ਜੋ ਸੰਗਤ ਦੀ ਸੇਵਾ ਵਿੱਚ ਕੋਈ ਕਸਰ ਬਾਕੀ ਨਾ ਰਹੇ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜੇਲ੍ਹ ਦਾ ਕੀਤਾ ਦੌਰਾ

**ਸ੍ਰੀ ਮੁਕਤਸਰ ਸਾਹਿਬ** (**ਸ਼ਮਿੰਦਰਪਾਲ, ਪੂਜਾ**)-ਸੁਪਰੀਮ ਕੋਰਟ ਅਤੇ ਕਾਰਜਕਾਰੀ ਚੇਅਰਮੈਨ ਸ੍ਰੀ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਰਾਜ ਕੁਮਾਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਜ਼ਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ ਗਿਆ, ਦੌਰੇ ਦੌਰਾਨ ਜੇਲ੍ਹੇ 'ਚ ਬੰਦ ਕੈਦੀਆਂ ਤੇ ਹਵਾਲਾਤੀਆਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ, ਜਿਨ੍ਹਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਅਤੇ ਲੋੜਵੰਦਾਂ ਨੂੰ ਕੇਸਾਂ ਵਿੱਚ ਵਕੀਲ ਮੁਹੱਈਆ ਕਰਾਏ ਗਏ ਅਤੇ ਜ਼ਮਾਨਤਾਂ ਸਬੰਧੀ ਸਬੰਧਤ ਅਫਸਰਾਂ ਨੂੰ ਲਿਖਿਆ ਗਿਆ।

## ਨਵ-ਨਿਯੁਕਤ ਸਿਵਲ ਸਰਜਨ ਡਾ. ਕ੍ਰਿਪਾਲ ਸਿੰਘ ਨੂੰ ਮੁਬਾਰਕਾਂ



**ਦਿੜ੍ਹਬਾ** (**ਜਸਵੀਰ ਲਾਡੀ**)-ਇੱਥੋਂ ਥੋੜ੍ਹੀ ਦੂਰ ਪਿੰਡ ਛਾਜਲਾ ਤੋਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਮਾਸਟਰ ਰਣਜੀਤ ਸਿੰਘ ਛਾਜਲਾ ਨੇ ਕਾਮਰੇਡ ਜਗਦੀਸ਼ ਚੰਦਰ ਸਿਵਲ ਹਸਪਤਾਲ ਸੰਗਰੂਰ ਵਿਖੇ ਨਵ-ਨਿਯੁਕਤ ਸਿਵਲ ਸਰਜਨ ਡਾ. ਕ੍ਰਿਪਾਲ ਸਿੰਘ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਡਾ. ਕ੍ਰਿਪਾਲ ਸਿੰਘ ਨੇ ਜਿੱਥੇ ਵੀ ਐੱਸ.ਐੱਮ.ਓ. ਜਾਂ ਡੀ.ਐੱਚ.ਓ. ਦੀ ਡਿਊਟੀ ਕੀਤੀ ਹੈ, ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਸਮਰਪਤ ਹੋ ਕੇ ਨਿਭਾਈ ਹੈ ਅਤੇ ਹੁਣ ਵੀ ਉਹ ਪੂਰੀ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣਗੇ। ਇਸ ਨਿਯੁਕਤੀ 'ਤੇ ਜਥੇਦਾਰ ਹਰੀਨੰਦ ਸਿੰਘ ਛਾਜਲਾ, ਜੀਤ ਸਿੰਘ ਧਾਲੀਵਾਲ ਸਾਬਕਾ ਸਰਪੰਚ ਛਾਜਲੀ, ਬਿਕਰਮਜੀਤ ਸਿੰਘ ਵਿੱਕੀ, ਮਾਸਟਰ ਦਰਬਾਰਾ ਸਿੰਘ, ਗੁਰਚਰਨ ਸਿੰਘ ਢੀਂਡਸਾ, ਡਾ. ਧੰਨਾ ਸਿੰਘ, ਗੋਪੀ ਸਿੰਘ, ਮਾਸਟਰ ਅਮਰੀਕ ਸਿੰਘ, ਕਰਮ ਸਿੰਘ, ਜੀਤ ਸਿੰਘ ਬੰਗਾ, ਬਿੰਦਰ ਸਿੰਘ ਖੋਖਰ, ਕਰਨੈਲ ਸਿੰਘ ਨੀਲੋਵਾਲ, ਸਿਸਨ ਦਾਸ ਤੇ ਨਰਿੰਦਰ ਸਿੰਘ ਸੰਗਤੀਵਾਲਾ ਨੇ ਵੀ ਡਾ. ਕ੍ਰਿਪਾਲ ਸਿੰਘ ਨੂੰ ਮੁਬਾਰਕਵਾਦ ਦਿੱਤੀ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਮੀਰੀ-ਪੀਰੀ ਕਾਨਫਰੰਸ 27 ਨੂੰ

**ਫ਼ਤਹਿਗੜ੍ਹ ਸਾਹਿਬ** (**ਪ੍ਰਮੋਦ ਭਾਰਦਵਾਜ**)
ਮੌਜੂਦਾ ਸਮੇਂ ਵਿੱਚ ਜਦੋਂ ਖਾਲਸਾ ਪੰਥ ਨਾਲ ਧੋਖੇ-ਫਰੇਬ ਦੀ ਬਦੌਲਤ ਸ਼੍ਰੋਮਣੀ ਅਕਾਲੀ ਦਲ ਬਾਦਲ ਪੰਜਾਬੀਆਂ ਤੇ ਸਿੱਖ ਕੌਮ ਵਿੱਚ ਨਿਰਾਰਥਕ ਅਤੇ ਬੇਅਸਰ ਹੋ ਕੇ ਰਹਿ ਗਿਆ ਹੈ।

ਪੰਜਾਬ ਸੂਬੇ ਤੇ ਖਾਲਸਾ ਪੰਥ ਪ੍ਰਤੀ ਸਮੁੱਚੇ ਮਸਲਿਆਂ ਉਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹੀ ਨਿਰੰਤਰ ਕੌਮਾਂਤਰੀ ਪੱਧਰ ਤੇ ਇੰਡੀਆ ਪੱਧਰ 'ਤੇ ਆਵਾਜ਼ ਉਠਾਉਂਦਾ ਆ ਰਿਹਾ ਹੈ। ਉਸ ਸਮੇਂ ਹਮਖਿਆਲ ਪੰਥਕ ਗਰੁੱਪਾਂ ਜਾਂ ਸ਼ਖ਼ਸੀਅਤਾਂ ਨੂੰ ਇਕ ਪਲੇਟਫਾਰਮ 'ਤੇ ਇਕੱਤਰ ਕਰਦੇ ਹੋਏ ਖਾਲਸਾ ਪੰਥ ਦੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਵਿੱਢੇ ਕੌਮ ਦੀ ਆਜ਼ਾਦੀ ਦੇ ਸੰਘਰਸ਼ ਲਈ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਨ ਕਰਨ ਲਈ ਵਚਨਬੱਧ ਵੀ ਹਾਂ ਅਤੇ ਕਿਸੇ ਵੀ ਮਸਲੇ ਉਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਪਿੱਛੇ ਨਹੀ ਹਟਾਂਗੇ। ਇਸ ਮਿਸ਼ਨ ਨੂੰ ਆਪਣੀ ਮੰਜ਼ਲ ਵੱਲ ਵਧਾਉਣ ਹਿੱਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਆਪਣੀ ਮੀਰੀ-ਪੀਰੀ ਦੀ ਕਾਨਫਰੰਸ, ਜਿਸ ਵਿੱਚ ਸ਼ਹੀਦ ਬਾਬਾ ਜ਼ੋਰਾਵਰ ਸਿੰਘ, ਸ਼ਹੀਦ ਬਾਬਾ ਫ਼ਤਹਿ ਸਿੰਘ, ਸ਼ਹੀਦ ਮਾਤਾ ਗੁਜਰ ਕੌਰ, ਸ਼ਹੀਦ ਬਾਬਾ ਮੋਤੀ ਸਿੰਘ ਮਹਿਰਾ ਤੇ ਦੀਵਾਨ ਟੋਡਰਮੱਲ ਜੀ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਨ ਹਿੱਤ ਤੇ ਖਾਲਸਾ ਪੰਥ ਨੂੰ ਅਗਲੇ ਕੌਮੀ ਸੰਘਰਸ਼ ਦੀ ਅਗਵਾਈ ਦੇਣ ਹਿੱਤ 27 ਦਸੰਬਰ ਨੂੰ ਗੁਰਦੁਆਰਾ ਰੱਥ ਸਾਹਿਬ ਦੇ ਨਜ਼ਦੀਕ ਰੋਜ਼ਾ ਸ਼ਰੀਫ਼ ਦੇ ਸਾਹਮਣੇ ਰੇਲਵੇ ਲਾਇਨ ਦੇ ਨਾਲ ਮੀਰੀ-ਪੀਰੀ ਕਾਨਫਰੰਸ ਕਰਨ ਜਾ ਰਿਹਾ ਹੈ, ਜਿਸ ਵਿਚ ਪਾਰਟੀ ਵੱਲੋਂ ਆਪਣੇ ਕੌਮੀ ਸੰਘਰਸ਼ ਹਿੱਤ ਅਤੇ ਕੌਮ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਵਿਚਾਰਾਂ ਕੀਤੀਆਂ ਜਾਣਗੀਆਂ।

ਇਸ ਕਾਨਫਰੰਸ ਵਿੱਚ ਹਰ ਮਾਈ, ਭਾਈ, ਗੁਰੂ ਨਾਨਕ ਨਾਮਲੇਵਾ ਨੂੰ 27 ਦਸੰਬਰ ਨੂੰ ਸਵੇਰੇ 11 ਵਜੇ ਪਹੁੰਚਣ ਦੀ ਜ਼ੋਰਦਾਰ ਅਪੀਲ ਕੀਤੀ ਜਾਂਦੀ ਹੈ।

## ਚੋਰੀ ਦੇ ਮੋਟਰਸਾਈਕਲ ਸਮੇਤ 2 ਗ੍ਰਿਫਤਾਰ

**ਫਿਰੋਜ਼ਪੁਰ** (**ਅਸ਼ੋਕ ਸ਼ਰਮਾ**)-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਚੋਰੀ ਦੇ 1 ਮੋਟਰਸਾਈਕਲ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ 379, 411 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਜ਼ੀਰਾ ਗੇਟ ਸਿਟੀ ਫਿਰੋਜ਼ਪੁਰ ਪਾਸ ਪੁੱਜੇ ਤਾਂ ਇਸ ਦੌਰਾਨ ਦੋਸ਼ੀਅਨ ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਜੱਬਰ ਸਿੰਘ ਅਤੇ ਸੁਰਿੰਦਰ ਸਿੰਘ ਉਰਫ ਹੈਪੀ ਪੁੱਤਰ ਬਿੰਦਰ ਸਿੰਘ ਵਾਸੀਅਨ ਪਿੰਡ ਰੱਤਾ ਖੇੜਾ ਫਿਰੋਜ਼ਪੁਰ ਵਿਚ ਬਣੇ ਖੰਡਰ ਕਮਰਿਆਂ ਪਾਸ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਸਨ। ਪੁਲਸ ਪਾਰਟੀ ਵੱਲੋਂ ਦੋਸ਼ੀਅਨ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਤੇ ਮੌਕੇ 'ਤੇ 1 ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰੀ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।


**PUNJAB NATIONAL BANK**
**BO: Urban Estate, Phase-01, Dugri, Ludhiana**

**( ਰੂਲ-8 (1) ) ਕਬਜ਼ਾ ਨੋਟਿਸ (ਅਚੱਲ-ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ ਭੌਤਿਕ/ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਨੂੰ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਦਾ ਹੱਕਦਾਰ ਬਣਾਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਨ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 1. | ਕਰਜ਼ਦਾਰ : ਮੈਸ: ਸੀਕੋ ਇੰਟਰਪ੍ਰਾਇਜਜ਼ ਰਾਹੀਂ ਇਸ ਦੇ ਮਾਲਕ ਸ੍ਰੀ ਗੁਰਜੀਤ ਸਿੰਘ ਪੁੱਤਰ ਸ੍ਰੀ ਰਜਿੰਦਰ ਸਿੰਘ ਪਤਾ : ਪਹਿਲਾ 1624/1, ਗਲੀ ਨੰ. 3, ਨੇੜੇ ਕਵਾਲਟੀ ਚੌਂਕ, ਨਿਊ ਸ਼ਿਮਲਾਪੁਰੀ, ਲੁਧਿਆਣਾ ਅਤੇ ਦੂਜਾ ਪਤਾ : ਦੁਕਾਨ ਨੰ. 54, ਸੈਂਟਰਲ ਮਾਰਕਿਟ ਗਿੱਲ ਰੋਡ, ਲੁਧਿਆਣਾ ਅਤੇ ਮਾਲਕ : ਸ੍ਰੀ ਗੁਰਜੀਤ ਸਿੰਘ ਪੁੱਤਰ ਸ੍ਰੀ ਰਜਿੰਦਰ ਸਿੰਘ (ਕਰਜ਼ਦਾਰ) ਮੈਸ: ਸੀਕੋ ਇੰਟਰਪ੍ਰਾਇਜਜ਼, ਮਕਾਨ ਨੰ. 10, ਸੈਕਟਰ-7, ਗੁਰੂ ਗਿਆਨ ਵਿਹਾਰ, ਜਵੱਦੀ ਲੁਧਿਆਣਾ-141013 ਅਤੇ | ਬੈਨਾਮਾ ਵਸੀਕਾ ਨੰ. 9603 ਮਿਤੀ 14.01.2010 ਅਨੁਸਾਰ ਸ੍ਰੀਮਤੀ ਪ੍ਰਭਜੋਤ ਕੌਰ ਪਤਨੀ ਸ੍ਰੀ ਗੁਰਜੀਤ ਸਿੰਘ ਗਰੰਟਰ/ਰਹਿਣਕਾਰ ਦੇ ਨਾਂਅ 'ਤੇ ਜਾਇਦਾਦ ਰਕਬਾ 72 ਵਰਗ ਗਜ਼, ਖਸਰਾ ਨੰ. 876/2, ਖੱਤਾ ਨੰ. 443/710, ਜਮ੍ਹਾਂਬੰਦੀ ਸਾਲ 2005-2006, ਪਿੰਡ ਗਿੱਲ ਨੰ. 1, ਹਦਬਸਤ ਨੰ. 263, ਅਬਾਦੀ ਮੁਹੱਲਾ ਨਿਊ ਸ਼ਿਮਲਾਪੁਰੀ, ਗਲੀ ਨੰ. 3, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਗਲੀ 16' ਚੌੜੀ, ਸਾਈਡ 14'-2'', ਪੱਛਮ : ਗੁਆਂਢ ਸਾਈਡ 14'-2'', ਉੱਤਰ : ਮਦਨ ਲਾਲ ਸਾਈਡ 45'-6'', ਦੱਖਣ : ਮਲਕੀਤ ਸਿੰਘ ਸਾਈਡ 45'-6'' | 13.09.2023 | 21.12.2023 | ਸੰਕੇਤਕ ਕਬਜ਼ਾ / ਰੁਪਏ : 8,59,724.00 (ਅੱਠ ਲੱਖ ਉਨਾਹਠ ਹਜ਼ਾਰ ਸੱਤ ਸੌ ਚੌਵੀ ਰੁਪਏ ਕੇਵਲ) ਸਮੇਤ 31.08.2023 ਤੱਕ ਚਾਰਜਿਡ ਵਿਆਜ ਅਤੇ 01.09.2023 ਤੋਂ ਭਵਿੱਖੀ ਵਿਆਜ ਜਮਾਂ ਮੁਕੰਮਲ ਅਦਾਇਗੀ ਤੱਕ ਲਾਗਤਾਂ ਅਤੇ ਹੋਰ ਚਾਰਜਿਜ। |

(ਗਰੰਟਰ/ਰਹਿਣਕਾਰ) : ਸ੍ਰੀਮਤੀ ਪ੍ਰਭਜੋਤ ਕੌਰ ਪੁੱਤਰੀ ਸ੍ਰੀ ਗੁਰਜੀਤ ਸਿੰਘ, ਮਕਾਨ ਨੰ. 10, ਸੈਕਟਰ-7, ਗੁਰੂ ਗਿਆਨ ਵਿਹਾਰ ਜਵੱਦੀ, ਲੁਧਿਆਣਾ-141013

ਮਿਤੀ : 22-12-2023 ਸਥਾਨ : ਲੁਧਿਆਣਾ — ਅਧਿਕਾਰਤ ਅਫਸਰ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

23-Dec-PAGE-3.qxd 12/22/2023 10:57 PM Page 1



# ਜਾਅਲੀ ਸਰਟੀਫਿਕੇਟ ਤਿਆਰ ਕਰਕੇ ਨੌਕਰੀ ਲੈਣ ਦੇ ਦੋਸ਼ ਹੇਠ 128 ਟੀਚਿੰਗ ਫੈਲੋਜ਼ ਖਿਲਾਫ ਮਾਮਲਾ ਦਰਜ

**ਗੁਰਦਾਸਪੁਰ/ਧਾਰੀਵਾਲ, (ਜਨਕ ਮਹਾਜਨ, ਮਨਦੀਪ ਸਿੰਘ ਵਿੱਕੀ)**

ਟੀਚਿੰਗ ਫੈਲੋਜ਼ ਭਰਤੀ ਘੁਟਾਲੇ ਦੀ ਵਿਜੀਲੈਂਸ ਬਿਊਰੋ ਵੱਲੋਂ ਪੜਤਾਲ ਕਰਨ ਦੇ ਬਾਅਦ ਥਾਣਾ ਸਿਟੀ ਗੁਰਦਾਸਪੁਰ ਵਿੱਚ ਪੁਲਸ ਨੇ ਜਾਅਲੀ ਸਰਟੀਫਿਕੇਟ ਤਿਆਰ ਕਰ ਕੇ ਸਿੱਖਿਆ ਵਿਭਾਗ ਵਿੱਚ ਭਰਤੀ ਹੋਣ ਦੇ ਦੋਸ਼ ਹੇਠ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ 128 ਟੀਚਿੰਗ ਫੈਲੋਜ਼ ਖਿਲਾਫ 465,467, 468,471,34 ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਐੱਸਐੱਚਓ ਗੁਰਮੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ 128 ਟੀਚਿੰਗ ਫੈਲੋਜ਼ ਵਿੱਚ ਜਾਅਲੀ ਤਜਰਬਾ ਸਰਟੀਫਿਕੇਟ ਦੇ 111 ਉਮੀਦਵਾਰ, ਜਾਅਲੀ ਰੂਰਲ ਏਰੀਆ ਸਰਟੀਫਿਕੇਟ ਦੇ 4 ਉਮੀਦਵਾਰ ਅਤੇ ਮੈਰਿਟ ਵਿੱਚ ਭੰਨ-ਤੋੜ ਵਾਲੇ 13 ਉਮੀਦਵਾਰ ਹਨ। ਦੱਸਣਯੋਗ ਹੈ ਕਿ ਸਤੰਬਰ 2007 ਵਿੱਚ ਵੱਖ-ਵੱਖ ਅਖ਼ਬਾਰਾਂ ਰਾਹੀਂ ਉਸ ਸਮੇਂ ਪੰਜਾਬ ਰਾਜ ਦੇ 20 ਜ਼ਿਲ੍ਹਿਆਂ ਵਿੱਚ 9998 ਟੀਚਿੰਗ ਫੈਲੋਜ਼ ਦੀਆਂ ਆਸਾਮੀਆਂ ਭਰਨ ਲਈ ਕਾਰਵਾਈ ਆਰੰਭੀ ਗਈ ਸੀ ਅਤੇ ਇਹ ਭਰਤੀ ਜ਼ਿਲ੍ਹਾ ਪੱਧਰ ਤੇ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਦੀ ਚੇਅਰਮੈਨਸ਼ਿਪ ਵਿੱਚ ਕੀਤੀ ਗਈ ਸੀ। 2007 ਤੋਂ ਸ਼ੁਰੂ ਹੋਏ ਇਸ ਟੀਚਿੰਗ ਫੈਲੋਜ਼ ਭਰਤੀ ਘੋਟਾਲੇ ਵਿੱਚ ਹਾਈ ਕੋਰਟ ਵੱਲੋਂ ਲਗਾਈ ਫਟਕਾਰ ਤੋਂ ਵਿਜੀਲੈਂਸ ਵਿਭਾਗ ਵੱਲੋਂ ਫਰਵਰੀ 2023 ਨੂੰ ਫਲਾਇੰਗ ਸਕਵੈਡ ਮੋਹਾਲੀ ਦਫਤਰ ਵਿੱਚ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਜ਼ਿਲ੍ਹਾ ਲੁਧਿਆਣਾ ਅਤੇ ਗੁਰਦਾਸਪੁਰ ਨਾਲ ਸੰਬੰਧਿਤ ਸਿੱਖਿਆ ਵਿਭਾਗ ਦੇ ਪੰਜ ਕਰਮਚਾਰੀਆਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ ਜਿਨ੍ਹਾਂ ਦੀ ਜ਼ਮਾਨਤ ਹੋ ਚੁੱਕੀ ਹੈ। ਇਸ ਤੋਂ ਬਾਅਦ ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਵੱਲੋਂ 28 ਅਗਸਤ 2023 ਨੂੰ ਵੱਖ-ਵੱਖ ਜ਼ਿਲ੍ਹਿਆਂ ਪੁਲਸ ਮੁਖੀਆਂ ਨੂੰ ਜਾਅਲੀ ਸਰਟੀਫਿਕੇਟ ਤਿਆਰ ਕਰਕੇ ਭਰਤੀ ਹੋਣ ਵਾਲੇ ਟੀਚਿੰਗ ਫੈਲੋਜ਼ ਦੀਆਂ ਲਿਸਟਾਂ ਭੇਜ ਕੇ ਉਨ੍ਹਾਂ ਖਿਲਾਫ ਮਾਮਲੇ ਦਰਜ ਕਰਨ ਦੇ ਹਦਾਇਤਾਂ ਕੀਤੀਆਂ ਗਈਆਂ ਜਿਹੜੇ ਟੀਚਿੰਗ ਫੈਲੋਜ਼ ਘੁਟਾਲੇ ਦੀ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਸਮਿਆਂ ਦੌਰਾਨ ਕਰਵਾਈ ਗਈ ਜਾਂਚ ਸਮੇਂ ਆਪਣੇ ਅਸਲੀ ਸਰਟੀਫਿਕੇਟ ਅਤੇ ਆਪਣਾ ਪੱਖ ਪੇਸ਼ ਨਹੀਂ ਕਰ ਸਕੇ ਸਨ। ਇਸ ਦੇ ਬਾਅਦ ਪੁਲਸ ਵਲੋਂ ਮਾਨਸਾ ਦੇ 7 ਫੈਲੋਜ਼ ਅਤੇ ਸੰਗਰੂਰ ਅਤੇ ਮਲੇਰਕੋਟਲਾ ਦੇ ਅੱਠ ਟੀਚਿੰਗ ਫੈਲੋਜ਼ ਦੇ ਖਿਲਾਫ ਮਾਮਲੇ ਦਰਜ ਕੀਤੇ ਗਏ ਸਨ ਅਤੇ ਹੁਣ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਨੂੰ ਜਾਰੀ ਲਿਸਟ ਦੇ ਆਧਾਰ ਤੇ ਜ਼ਿਲ੍ਹਾ ਗੁਰਦਾਸਪੁਰ ਦੇ 128 ਟੀਚਿੰਗ ਫੈਲੋਜ਼ ਦੇ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਬਾਅਦ ਹੋਰ ਜ਼ਿਲ੍ਹਿਆਂ ਵਿੱਚ ਟੀਚਿੰਗ ਫੈਲੋਜ਼ ਖਿਲਾਫ਼ ਮਾਮਲੇ ਦਰਜ ਹੋਣ ਦੀ ਸੰਭਾਵਨਾ ਦੇ ਲੋਕਾਂ ਵਿੱਚ ਚਰਚੇ ਹਨ।

# ਬੰਦੀ ਸਿੰਘਾਂ ਬਾਰੇ ਅਮਿਤ ਸ਼ਾਹ ਦਾ ਬਿਆਨ ਕੇਂਦਰ ਸਰਕਾਰ ਦੇ ਆਪਣੇ ਹੀ ਨੋਟੀਫਿਕੇਸ਼ਨ ਦੇ ਉਲਟ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਅੰਦਰ ਬੰਦੀ ਸਿੰਘਾਂ ਬਾਰੇ ਦਿੱਤੇ ਗਏ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੇਸ਼ ਦੀਆਂ ਜੇਲ੍ਹਾਂ ਵਿੱਚ ਤਿੰਨ ਤਿੰਨ ਦਹਾਕਿਆਂ ਤੋਂ ਕੈਦ ਸਿੱਖ ਬੰਦੀਆਂ ਦੇ ਮਾਨਵ ਅਧਿਕਾਰ ਕਿਸੇ ਸੰਵਿਧਾਨਿਕ ਅਹੁਦੇਦਾਰ ਨੂੰ ਇਸ ਤਰ੍ਹਾਂ ਨਜ਼ਰਅੰਦਾਜ਼ ਨਹੀਂ ਕਰਨੇ ਚਾਹੀਦੇ।



ਸਿੱਖ ਪਹਿਲਾਂ ਹੀ ਮਹਿਸੂਸ ਕਰਦੇ ਹਨ ਕਿ ਉਨਾਂ ਨੂੰ ਆਪਣੇ ਹੀ ਦੇਸ਼ ਅੰਦਰ ਇਨਸਾਫ ਨਹੀਂ ਮਿਲ ਰਿਹਾ ਅਤੇ ਹੁਣ ਗ੍ਰਹਿ ਮੰਤਰੀ ਦੇ ਸੰਸਦ ਵਿੱਚ ਦਿੱਤੇ ਤਾਜ਼ਾ ਬਿਆਨ ਨੇ ਸਿੱਖਾਂ ਦੇ ਮਨਾ ਨੂੰ ਇੱਕ ਵਾਰ ਫਿਰ ਗਹਿਰੀ ਸੱਟ ਮਾਰੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਲਈ ਸਿੱਖਾਂ ਦੀਆਂ 90 ਫੀਸਦੀ ਕੁਰਬਾਨੀਆਂ ਸਰਕਾਰ ਨੂੰ ਕਦੇ ਨਹੀਂ ਭੁੱਲਣੀਆਂ ਚਾਹੀਦੀਆਂ ਜਿਸ ਸੰਸਦ ਅੰਦਰ ਗ੍ਰਹਿ ਮੰਤਰੀ ਆਪਣਾ ਬਿਆਨ ਦੇ ਰਹੇ ਹਨ ਉਹ ਸੰਸਦ ਵੀ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ ਹੀ ਕਾਇਮ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸੰਵਿਧਾਨ ਦੇ ਦਾਇਰੇ ਅੰਦਰ ਹੈ। ਕੇਂਦਰ ਸਰਕਾਰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਗੁਰਪੁਰਬ ਮੌਕੇ 2019 ਵਿੱਚ ਆਪਣੇ ਨੋਟੀਫਿਕੇਸ਼ਨ ਰਾਹੀਂ ਇਸ ਨੂੰ ਪ੍ਰਵਾਨ ਕਰ ਚੁੱਕੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ 2019 ਵਾਲਾ ਆਪਣਾ ਨੋਟੀਫਿਕੇਸ਼ਨ ਲਾਗੂ ਕਰੇ। ਐਡਵੋਕੇਟ ਧਾਮੀ ਨੇ ਕਿਹਾ ਕਿ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦਾ ਬਿਆਨ ਆਪਣੇ ਹੀ ਇਸ ਨੋਟੀਫਿਕੇਸ਼ਨ ਦੀ ਭਾਵਨਾ ਦੇ ਬਿਲਕੁਲ ਉਲਟ ਅਤੇ ਹੈਰਾਨੀਜਨਕ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਮਾਮਲਾ ਮਿਲ ਬੈਠ ਕੇ ਵਿਚਾਰਨ ਵਾਲਾ ਹੈ, ਜਿਸ ਲਈ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਗਠਤ ਕੀਤੀ ਗਈ 5 ਮੈਂਬਰੀ ਕਮੇਟੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਵਾਸਤੇ ਸਮਾਂ ਵੀ ਮੰਗਿਆ ਹੋਇਆ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਿੱਖ ਬੰਦੀਆਂ ਦੇ ਸੰਜੀਦਾ ਮਸਲੇ 'ਤੇ ਗੱਲਬਾਤ ਵਿੱਚ ਆਉਣ।

# ਈ ਟੀ ਓ ਵੱਲੋਂ ਜੰਡਿਆਲਾ ਹਲਕੇ 'ਚ 56 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੀ ਆਰੰਭਤਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਪਿਛਲੇ 70 ਸਾਲਾਂ ਦੌਰਾਨ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਪਿੰਡਾਂ ਦੀ ਕੋਈ ਸਾਰ ਨਹੀਂ ਲਈ ਅਤੇ ਸਾਡੀ ਸਰਕਾਰ ਰਾਜਨੀਤੀ ਕਰਨ ਨਹੀਂ ਸਗੋ ਰਾਜਨੀਤੀ ਵਿਚ ਬਦਲਾਅ ਲਿਆ ਕੇ ਵਿਕਾਸ ਦੇ ਕੰਮਾਂ ਨੂੰ ਤਰਜੀਹ ਦੇ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈ.ਟੀ.ਓ ਲੋਕ ਨਿਰਮਾਣ ਮੰਤਰੀ ਪੰਜਾਬ ਨੇ ਜੰਡਿਆਲਾ ਹਲਕੇ ਦੇ ਪਿੰਡ ਡੇਹਰੀਵਾਲ ਵਿਖੇ 56 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦੇ ਸਮੇਂ ਕੀਤਾ। ਈਟੀਓ ਨੇ ਦੱਸਿਆ ਕਿ ਪਿੰਡ ਡੇਹਰੀਵਾਲ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਥਾਪਰ ਮਾਡਲ ਤਲਾਬ ਅਤੇ ਗਲੀਆਂ ਨਾਲੀਆਂ, 25 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਦਾ ਖੇਡ ਸਟੇਡੀਅਮ, 3 ਲੱਖ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਟਾਇਲੈਟ ਅਤੇ 8.10 ਲੱਖ ਰੁਪਏ ਦੀ ਲਾਗਤ ਨਾਲ ਆਂਗਨਵਾੜੀ ਕੇਂਦਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਸਰਕਾਰ ਪਾਸ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਰੇ ਵਿਕਾਸ ਕਾਰਜ ਮਿਥੇ ਸਮੇ ਦੇ ਅੰਦਰ ਅੰਦਰ ਮੁਕੰਮਲ ਕੀਤੇ ਜਾਣ ਅਤੇ ਗੁਣਵੱਤਾ ਦਾ ਖਾਸ ਧਿਆਨ ਰੱਖਿਆ ਜਾਵੇ। ਸ: ਈ.ਟੀ.ਓ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਸੁਚੱਜੀ ਅਗਵਾਈ ਹੇਠ ਜੰਡਿਆਲਾ ਹਲਕੇ ਵਿਚ ਲਗਾਤਾਰ ਵਿਕਾਸ ਕਾਰਜ ਜਾਰੀ ਹਨ ਅਤੇ ਆਉਂਦੇ ਕੁਝ ਮਹੀਨਿਆਂ ਵਿਚ ਹੀ



ਜੰਡਿਆਲਾ ਹਲਕੇ ਨੂੰ ਸਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਹੋਣਗੀਆਂ। ਉਨ੍ਹਾਂ ਕਿਹਾ ਕਿ ਜੰਡਿਆਲਾ ਹਲਕੇ ਦੇ ਸਰਵਪੱਖੀ ਵਿਕਾਸ ਲਈ ਕੋਈ ਵੀ ਕਸਰ ਨਹੀ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸੂਬੇ ਦੇ ਲੋਕਾਂ ਦੀ ਭਲਾਈ ਲਈ ਅਸੀ ਲਗਾਤਾਰ ਕੰਮ ਕਰ ਰਹੇ ਹਾਂ ਤਾਂ ਜੋ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕੇ। ਇਸ ਮੌਕੇ ਹੀਰਾ ਸਿੰਘ, ਪਰਮਿੰਦਰ ਸਿੰਘ, ਤੇਜਿੰਦਰ ਸਿੰਘ, ਆਗਿਆਪਾਲ ਸਿੰਘ, ਸੰਦੀਪ ਸਿੰਘ ਤੋਂ ਇਲਾਵਾ ਵੱਡੀ ਵਿਚ ਇਲਾਕਾ ਨਿਵਾਸੀ ਹਾਜ਼ਰ ਸਨ।

## ਸੰਸਥਾਗਤ ਜਣੇਪੇ ਲਈ ਪ੍ਰੇਰਨਾ ਕੈਂਪ ਲਗਾਇਆ

**ਨੰਗਲ (ਸੁਰਜੀਤ ਸਿੰਘ)**-ਡਾ. ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਦਲਜੀਤ ਕੌਰ ਦੀ ਅਗਵਾਈ ਹੇਠ ਗੁੱਗ ਮਾੜੀ ਮੰਦਿਰ ਸਲੱਮ ਨੰਗਲ ਵਿਖੇ ਸੰਸਥਾਗਤ ਜਣੇਪੇ ਲਈ ਪ੍ਰੇਰਿਤ ਕਰਨ ਹਿੱਤ ਵਿਸ਼ੇਸ਼ ਕੈਂਪ ਲਗਾਇਆ ਗਿਆ। ਡਾ. ਦਲਜੀਤ ਕੌਰ ਨੇ ਦੱਸਿਆ ਕਿ ਪੀ.ਐਚ.ਸੀ ਕੀਰਤਪੁਰ ਸਾਹਿਬ ਅਧੀਨ ਸਲੱਮ ਆਬਾਦੀ ਵਿੱਚ ਸੰਸਥਾਗਤ ਡਲਿਵਰੀਆਂ ਕਰਾਉਣ ਅਤੇ ਹੋਮ ਡਲਿਵਰੀਆਂ 0 ਪ੍ਰਤੀਸ਼ਤ ਕਰਨ ਹਿੱਤ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਸ ਕੜੀ ਤਹਿਤ ਗੁੱਗਾ ਮੜੀ ਮੰਦਿਰ ਸਲੱਮ ਨੰਗਲ ਵਿੱਚ ਕੈਂਪ ਲਗਾਇਆ ਗਿਆ ਜਿਸ ਵਿੱਚ ਗਰਭਵਤੀ ਮਾਵਾਂ ਹਾਜ਼ਰ ਸਨ। ਸੁਪਰਵਾਈਜ਼ਰ ਗੁਰਿੰਦਰ ਸਿੰਘ ਤੇ ਕ੍ਰਿਸ਼ਨਾ ਦੇਵੀ ਨੇ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਮੌਕੇ ਭੁਪਿੰਦਰ ਸਿੰਘ, ਕਮਲਾ ਦੇਵੀ, ਰਜਿੰਦਰ ਸਿੰਘ, ਅਜੇ ਛਿੱਬਾ ਤੇ ਹੋਰ ਸਟਾਫ ਹਾਜਰ ਸੀ।



## ਅਮਿਤ ਸ਼ਾਹ ਵੱਲੋਂ ਲੋਕ ਸਭਾ 'ਚ 3 ਨਵੇਂ ਅਪਰਾਧਿਕ ਬਿੱਲ ਪੇਸ਼

**ਲੁਧਿਆਣਾ/ਜਲੰਧਰ** : ਕੇਂਦਰੀ ਗ੍ਰਹਿ ਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਵੱਲੋਂ ਲੋਕ ਸਭਾ ਵਿੱਚ 3 ਨਵੇਂ ਅਪਰਾਧਿਕ ਬਿੱਲ ਪੇਸ਼ ਕੀਤੇ ਗਏ। ਲੋਕ ਸਭਾ ਵਿੱਚ ਤਿੰਨੋਂ ਨਵੇਂ ਅਪਰਾਧਿਕ ਬਿੱਲ ਪਾਸ ਹੋ ਗਏ ਹਨ। ਹੁਣ ਇਸ ਨੂੰ ਰਾਜ ਸਭਾ ਵਿੱਚ ਰੱਖਿਆ ਜਾਵੇਗਾ। ਉਥੋਂ ਪਾਸ ਹੋਣ ਤੋਂ ਬਾਅਦ ਇਸ ਨੂੰ ਮਨਜ਼ੂਰੀ ਲਈ ਰਾਸ਼ਟਰਪਤੀ ਕੋਲ ਭੇਜਿਆ ਜਾਵੇਗਾ। ਇਹ ਨਿਸ਼ਚਿਤ ਹੈ ਕਿ ਜਿਵੇਂ ਹੀ ਨਿਆਂ, ਪਾਰਦਰਸ਼ਤਾ ਅਤੇ ਨਿਰਪੱਖਤਾ 'ਤੇ ਅਧਾਰਤ ਨਵੇਂ ਭਾਰਤ ਦਾ ਨਵਾਂ ਕਾਨੂੰਨ ਬਣੇਗਾ, ਅਸੀਂ ਗੁਲਾਮੀ ਦੀ ਮਾਨਸਿਕਤਾ ਅਤੇ ਅੰਗਰੇਜ਼ਾਂ ਦੇ ਨਿਸ਼ਾਨਾਂ ਤੋਂ ਛੁਟਕਾਰਾ ਪਾ ਲਵਾਂਗੇ। ਸ਼ਾਹ ਦਾ ਦਾਅਵਾ ਹੈ ਕਿ ਨਿਊ ਇੰਡੀਆ ਦਾ ਨਵਾਂ ਕਾਨੂੰਨ ਸਜ਼ਾ ਦੀ ਬਜਾਏ ਨਿਆਂ ਪ੍ਰਦਾਨ ਕਰੇਗਾ। ਅੰਮ੍ਰਿਤ ਕਾਲ ਵਿਚ ਇਨ੍ਹਾਂ ਤਬਦੀਲੀਆਂ ਨਾਲ ਨਿਊ ਇੰਡੀਆ ਦਾ ਨਵਾਂ ਕਾਨੂੰਨ ਯਾਨੀ ਕਿ ਕ੍ਰਿਮੀਨਲ ਜਸਟਿਸ ਸਿਸਟਮ ਇਕ ਨਵੇਂ ਯੁੱਗ ਵਿਚ ਪ੍ਰਵੇਸ਼ ਕਰਨ ਜਾ ਰਿਹਾ ਹੈ ਜਿੱਥੇ ਕਾਨੂੰਨ ਦਾ ਮਕਸਦ ਸਜ਼ਾ ਦੇਣਾ ਨਹੀਂ ਹੋਵੇਗਾ, ਸਗੋਂ ਕਾਨੂੰਨ ਦਾ ਮਕਸਦ ਨਿਆਂ ਪ੍ਰਦਾਨ ਕਰਨਾ ਹੋਵੇਗਾ।

# ਆਤਮਾ ਸਕੀਮ ਤਹਿਤ ਹਾੜ੍ਹੀ ਦੀਆਂ ਫਸਲਾਂ ਸੰਬੰਧੀ ਕੈਂਪ ਲਗਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਜ਼ਿਲਾ ਤਰਨਤਾਰਨ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ: ਤੇਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਡਾ: ਗੁਰਿੰਦਰਜੀਤ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਗੰਡੀਵਿੰਡ ਦੀ ਅਗਵਾਈ ਹੇਠ ਪਿੰਡ ਹਰਬੰਸਪੁਰਾ (ਕਸੇਲ) ਵਿਖੇ ਬਲਾਕ ਗੰਡੀਵਿੰਡ ਦਾ ਆਤਮਾ ਸਕੀਮ ਤਹਿਤ ਹਾੜ੍ਹੀ ਦੀਆਂ ਫਸਲਾਂ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਤਕਰੀਬਨ 250 ਤੋਂ ਵੱਧ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਏ ਹਲਕਾ ਵਿਧਾਇਕ ਡਾਕਟਰ ਕਸਮੀਰ ਸਿੰਘ ਸੋਹਲ ਕਿਸਾਨਾਂ ਨੂੰ ਸੰਬੋਧਨ ਕਰਦਿਆ ਮਿੱਟੀ ਦੀ ਸਿਹਤ ਅਤੇ ਪਾਣੀ ਦੀ ਗੁਣਵੱਤਾ ਨੂੰ ਠੀਕ ਰੱਖਣ ਲਈ ਖੇਤੀ ਮਾਹਿਰਾਂ ਦੀ ਸ਼ਿਕਾਇਤ ਅਨੁਸਾਰ ਖਾਦਾਂ, ਬੀਜ ਤੇ ਦਵਾਈਆਂ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਨ ਲਈ ਅਪੀਲ ਕੀਤੀ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਡਾ: ਤੇਜਬੀਰ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਭਿੱਖੀਵਿੰਡ ਨੇ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣੂੰ ਕਰਵਾਇਆ। ਇਸ ਮੌਕੇ ਡਾ: ਦੇਵ ਚੰਦ ਏ ਡੀ ਓ ਨੇ ਸਟੇਜ ਭੂਮਿਕਾ ਨਿਭਾਉਂਦੇ ਹੋਏ ਕਿਸਾਨਾਂ ਦੇ ਸਵਾਲਾਂ ਦੁ ਜੁਆਬ ਦਿੱਤੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਤੋਂ ਆਏ ਡਾ: ਜਸਵਿੰਦਰ ਸਿੰਘ ਭਾਟੀਆ ਟ੍ਰੇਨਿੰਗ ਸੈਂਟਰ ਖਾਲਸਾ ਕਾਲਜ, ਡਾ: ਬਿਕਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਗੰਡੀਵਿੰਡ, ਡਾ: ਸਮਰੀਤ ਕੌਰ ਵਿਸ਼ਾ ਮਾਹਿਰ ਬਾਗਬਾਨੀ, ਡਾ: ਪਰਮਿੰਦਰ ਸਿੰਘ ਵਿਸ਼ਾ ਮਾਹਿਰ (ਐਗਰਾਨਮੀ) ਫਾਰਮਰ ਸਲਾਹ ਕੇਂਦਰ ਤਰਨਤਾਰਨ, ਡਾ: ਪਰਬਿੰਦਰ ਸਿੰਘ ਪਸ਼ੂ ਮਾਹਿਰ ਅਤੇ ਡਾ: ਅਨਿਲ ਕੁਮਾਰ ਕੇ ਵੀ ਕੇ, ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਮਲਕੀਅਤ ਸਿੰਘ ਬੀ ਟੀ ਐਮ ਨੇ ਆਤਮਾ ਸਕੀਮ ਦੇ ਅਧੀਨ ਚੱਲ ਰਹੀਆਂ ਗਤੀਵਿਧੀਆ ਬਾਰੇ ਜਾਣੂੰ ਕਰਵਾਇਆ। ਡਾ: ਗੁਰਿੰਦਰਜੀਤ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਗੰਡੀਵਿੰਡ ਨੇ ਬਲਾਕ ਦੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਣਕ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਵੇਖਣ ਨੂੰ ਮਿਲੇ ਤਾਂ ਬਲਾਕ ਖੇਤੀਬਾੜੀ ਦਫਤਰ ਨਾਲ ਜਰੂਰ ਰਾਬਤਾ ਕਰਨ ਅਤੇ ਕਿਸਾਨਾਂ ਨੂੰ ਮਹਿਕਮੇ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੇ ਹਲਕਾ ਵਿਧਾਇਕ, ਮਾਹਿਰਾਂ ਤੇ ਸਾਰੇ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਤਿੰਦਰ ਸਿੰਘ, ਗੁਰਮੀਤ ਸਿੰਘ ਏਈਓ, ਕੁਲਵੰਤ ਸਿੰਘ, ਨਵਦੀਪ ਸਿੰਘ, ਪ੍ਰਦੀਪ ਕੁਮਾਰ ਏਐੱਸਆਈ, ਮਨਪ੍ਰੀਤ ਸਿੰਘ, ਵਰਿੰਦਰਬੀਰ ਸਿੰਘ, ਵਿਜੈ ਸਿੰਘ ਏਟੀਐੱਮ ਤੇ ਕਿਸਾਨਾਂ ਵਿੱਚ ਪ੍ਰਭਪਾਲ ਸਿੰਘ ਕਸੇਲ, ਅਵਤਾਰ ਸਿੰਘ ਢੰਡ, ਗੁਰਮੀਤ ਸਿੰਘ ਕਸੇਲ, ਬਲਜੀਤ ਸਿੰਘ ਸਰਾਂ, ਗੁਰਬਿੰਦਰ ਸਿੰਘ ਮਾਣਕਪੁਰਾ, ਪ੍ਰਗਟ ਸਿੰਘ ਹਰਬੰਸਪੁਰਾ, ਸੁਖਪਾਲ ਸਿੰਘ ਹਰਬੰਸਪੁਰਾ, ਬਲਗੇਰ ਸਿੰਘ, ਤੇਜਿੰਦਰਪਾਲ ਸਿੰਘ ਰਸੂਲਪੁਰ, ਬਲਜਿੰਦਰ ਸਿੰਘ ਭੂਸੇ, ਕੁਲਵਿੰਦਰ ਸਿੰਘ ਛੀਨਾ, ਰੇਸ਼ਮ ਸਿੰਘ ਜਗਤਪੁਰਾ, ਕੁਲਵਿੰਦਰ ਸਿੰਘ ਛਾਪਾ, ਮਲਕੀਤ ਸਿੰਘ ਛਾਪਾ ਆਦਿ ਕਿਸਾਨ ਹਾਜ਼ਰ ਸਨ।



# ਗਊਧਨ ਨੂੰ ਸੜਕਾਂ 'ਤੇ ਛੱਡਣ ਦੀ ਥਾਂ ਇਸ ਦੀ ਸਾਂਭ-ਸੰਭਾਲ ਕਰੋ: ਸ਼ਮਸ਼ੇਰ ਸਿੰਘ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਗਊ ਸੇਵਾ ਕਮਿਸ਼ਨ ਪੰਜਾਬ ਅਤੇ ਪਸ਼ੂ ਪਾਲਣ ਵਿਭਾਗ ਗੁਰਦਾਸਪੁਰ ਵੱਲੋਂ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਸਿੰਗਲਾ ਅਤੇ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਡਿਪਟੀ ਡਾਇਰੈਕਟਰ ਗੁਰਦਾਸਪੁਰ ਸ਼ਾਮ ਸਿੰਘ ਦੀ ਅਗਵਾਈ ਹੇਠ ਪਿੰਡ ਚੇਚੀਆਂ ਸਥਿਤ ਬਾਬਾ ਠੀਕਰ ਨਾਥ ਗਊ ਸੇਵਾ ਸੋਸਾਇਟੀ ਵਿੱਖੇ ਗਊ ਭਲਾਈ ਕੈਂਪ ਲਾਇਆ ਗਿਆ। ਕੈਂਪ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਹਾਜ਼ਰ ਹੋਏ ਜਦੋਂਕਿ ਸਹਾਇਕ ਡਾਇਰੈਕਟਰ ਗੁਰਦਾਸਪੁਰ ਡਾ. ਹਰਪ੍ਰੀਤ ਸਿੰਘ ਅਤੇ ਸੀਨੀਅਰ ਵੈਟਨਰੀ ਅਫਸਰ ਡਾ. ਰਜਿੰਦਰ ਸਿੰਘ ਵੀ ਉਚੇਚੇ ਤੌਰ ਤੇ ਮੌਜੂਦ ਰਹੇ। ਕੈਂਪ ਦੌਰਾਨ ਹਾਜਰ ਲੋਕਾਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਗਊ ਸੇਵਾ ਕਮਿਸ਼ਨ ਪੰਜਾਬ ਗਊਸ਼ਾਲਾਵਾਂ ਵਿੱਚ ਰਹਿ ਰਹੀਆਂ ਗਊਆਂ ਦੇ ਸੇਵਾ ਲਈ ਸੰਜੀਦਗੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਗਊ ਇਕ ਜਾਨਵਰ ਹੀ ਨਹੀਂ ਸਗੋਂ ਭਾਰਤੀ ਸੰਸਕ੍ਰਿਤੀ ਵਿੱਚ ਗਊ ਨੂੰ ਮਾਂ ਦਾ ਦਰਜਾ ਮਿਲਿਆ ਹੋਇਆ ਹੈ ਅਤੇ ਮਾਂ ਦੇ ਸੇਵਾ ਹਮੇਸ਼ਾ ਸਭ ਤੋਂ ਵੱਡੀ ਸੇਵਾ ਹੁੰਦੀ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗਊਧਨ ਨੂੰ ਸੜਕਾਂ ਉੱਤੇ ਛੱਡਣ ਦੀ ਬਜਾਏ ਉਹਨਾਂ ਦੀ ਚੰਗੇ ਤੇ ਵਿਗਿਆਨਕ ਤਰੀਕੇ ਨਾਲ ਸਾਂਭ ਸੰਭਾਲ ਕਰਕੇ ਉਹਨਾਂ ਕੋਲੋਂ ਲਾਭ ਲੈ ਸਕਦੇ ਹਨ। ਇਸ ਮੌਕੇ ਤੇ ਹਲਕਾ ਇੰਚਾਰਜ ਨੇ ਗਊ ਸੇਵਾ ਕਮਿਸ਼ਨ ਵੱਲੋਂ ਗਊਸ਼ਾਲਾ ਨੂੰ ਕਰੀਬ ਪੰਝੀ ਹਜਾਰ ਰੁਪਏ ਮੁੱਲ ਦੀਆਂ ਦਵਾਈਆਂ ਵੀ ਭੇਟ ਕੀਤੀਆਂ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਸ਼ਾਮ ਸਿੰਘ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਹਮੇਸ਼ਾ ਪਸ਼ੂ ਸੇਵਾ ਸੰਭਾਲ ਲਈ ਤਤਪਰ ਹੈ ਅਤੇ ਵੱਖ ਵੱਖ ਹਸਪਤਾਲਾਂ ਅੰਦਰ ਤੈਨਾਤ ਵਿਭਾਗ ਦਾ ਸਟਾਫ ਦਿਨ ਰਾਤ ਲੋਕਾਂ ਦੇ ਸੇਵਾ ਵਿੱਚ ਹਾਜਰ ਹੈ। ਉਹਨਾਂ ਕਿਹਾ ਕਿ ਪਸ਼ੂ ਸੰਭਾਲ ਸਬੰਧੀ ਕਿਸੇ ਵੀ ਤਰ੍ਹਾਂ ਦੀ ਲੋੜ ਪੈਣ 'ਤੇ ਲੋਕਾਂ ਨੂੰ ਨੇੜਲੇ ਪਸ਼ੂ ਹਸਪਤਾਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਮੌਕੇ ਵੀਓ ਦੀਨਾਨਗਰ ਡਾ. ਸੁਮਿਤ ਸਿਆਲ, ਡਾ. ਸ਼ੁਭਮ, ਡਾ. ਲਵਜੋਤ, ਪੁਸ਼ਪ, ਵਿਨੇ, ਸੰਨੀ ਤੇ ਵਿਕਾਸ ਦੇ ਇਲਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਨਮੋਹਨ ਸਿੰਘ ਧਮਰਾਈ, ਗੁਰਨਾਮ ਸਿੰਘ ਕੰਗ, ਕਸ਼ਮੀਰ ਚੰਦ ਅਤੇ ਮਨੋਜ ਕੁਮਾਰ ਘੇਸਲ ਵੀ ਹਾਜ਼ਰ ਸਨ।



# ਕਾਲਾ ਅਫਗਾਨਾ ਵਿਖੇ ਫੁੱਟਬਾਲ ਦੇ ਮੁਕਾਬਲੇ ਜੋਸ਼ੋ-ਖਰੋਸ਼ ਨਾਲ ਸ਼ੁਰੂ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਨਾਲ ਜੋੜਨ ਦੇ ਮੰਤਵ ਤਹਿਤ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲਾ ਉਲੰਪਿਕ ਐਸੋਸੀਏਸ਼ਨ ਅਤੇ ਅਖਿਲ ਭਾਰਤੀਯ ਅਗਰਵਾਲ ਸੰਮੇਲਨ, ਪੰਜਾਬ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 'ਆਬਾਦ ਖੇਡ ਟੂਰਨਾਮੈਂਟ-2023-24 (ਸੀਜ਼ਨ-1) ਦੀ ਸ਼ੁਰੂਆਤ ਹੋ ਗਈ ਹੈ। ਪਹਿਲੇ ਦਿਨ ਸੀਨੀਅਰ ਸੈਕੰਡਰੀ ਸਕੂਲ ਕਾਲਾ ਅਫਗਾਨਾ ਵਿਖੇ ਸ. ਬੇਅੰਤ ਸਿੰਘ, ਐੱਸ. ਡੀ. ਐੱਮ. ਫਤਿਹਗੜ੍ਹ ਚੂੜੀਆਂ ਵੱਲੋਂ ਖੇਡ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਈ ਗਈ। ਉਨ੍ਹਾਂ ਫੁੱਟਬਾਲ ਟੀਮਾਂ ਦੇ ਮੁਕਬਾਲੇ ਸ਼ੁਰੂ ਕਰਨ ਤੋਂ ਪਹਿਲਾਂ, ਖਿਡਾਰੀਆਂ ਨਾਲ ਜਾਣ-ਪਹਿਚਾਣ ਕੀਤੀ। ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ, ਕੋਚ ਮਿੰਟੂ ਆਜ਼ਮਪੁਰ, ਬਲਜੀਤ ਸਿੰਘ, ਰਮੇਸ਼ ਕੁਮਾਰ ਕਾਨੂੰਗੋ, ਕੁਲਦੀਪ ਸਿੰਘ ਪਟਵਾਰੀ, ਪ੍ਰਗਟ ਸਿੰਘ, ਨਰਿੰਦਰ ਸਿੰਘ, ਬਲਦੇਵ ਸਿੰਘ ਪੰਚਾਇਤ ਅਫਸਰ, ਦਰਸ਼ਨ ਸਿੰਘ, ਗੁਰਜਾਪ ਸਿੰਘ ਕੋਚ, ਕਿਰਨਪ੍ਰੀਤ ਸਿੰਘ, ਮਨਜੋਤ ਸਿੰਘ, ਚਮਕੀਲਾ ਸਿੰਘ, ਗੁਰਮਿੰਦਰ ਸਿੰਘ, ਉਪਕਾਰ ਸਿੰਘ, ਸੋਮ ਲਾਲ, ਇੰਦਰ ਸਿੰਘ, ਸੁਖਦੇਵ ਰਾਜ ਤੇ ਸੁਖਵਿੰਦਰ ਕੌਰ ਆਦਿ ਹਾਜ਼ਰ ਸਨ। ਇਸ ਅਬਾਦ ਖੇਡ ਟੂਰਨਾਮੈਂਟ ਵਿੱਚ ਫੁੱਟਬਾਲ (ਲੜਕੇ), ਹਾਕੀ (ਲੜਕੇ), ਕ੍ਰਿਕਟ (ਲੜਕੇ), ਜਿਮਨਾਸਟਿਕ (ਲੜਕੇ ਤੇ ਲੜਕੀਆਂ) ਅਤੇ ਬੈਡਮਿੰਟਨ (ਲੜਕੇ-ਲੜਕੀਆਂ) ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਐੱਸਡੀਐੱਮ ਬੇਅੰਤ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਯੋਗ ਅਗਵਾਈ ਹੇਠ ਆਬਾਦ ਖੇਡ ਟੂਰਨਾਮੈਂਟ 21 ਦਸੰਬਰ ਤੋਂ 30 ਦਸੰਬਰ 2023 ਤੱਕ ਚੱਲੇਗਾ। ਉਨਾਂ ਖਿਡਾਰੀਆਂ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। 23, 24, 25, 26 ਅਤੇ 27 ਦਸੰਬਰ ਨੂੰ ਸਰਕਾਰੀ ਕਾਲਜ ਗੁਰਦਾਸਪੁਰ ਦੇ ਕ੍ਰਿਕਟ ਸਟੇਡੀਅਮ ਵਿਖੇ 19 ਤੋਂ 23 ਸਾਲ ਉਮਰ ਵਰਗ ਦੇ ਖਿਡਾਰੀਆਂ ਦੇ ਕ੍ਰਿਕਟ ਮੁਕਾਬਲੇ ਹੋਣਗੇ।



# ਜੀ ਜੀ ਐੱਸ ਬਾਕਸਿੰਗ ਕਲੱਬ ਬਖਤਪੁਰ ਦੇ ਖਿਡਾਰੀਆਂ ਸੂਬਾ ਪੱਧਰ 'ਤੇ ਜਿੱਤਾਂ ਪ੍ਰਾਪਤ ਕੀਤੀਆਂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀ. ਜੀ. ਐੱਸ ਬਾਕਸਿੰਗ ਕਲੱਬ ਦੇ ਖਿਡਾਰੀਆਂ ਨੇ ਸੂਬਾ ਪੱਧਰੀ ਬਾਕਸਿੰਗ ਅਤੇ ਕਿੱਕ ਬਾਕਸਿੰਗ ਮੁਕਾਬਲਿਆਂ ਵਿੱਚ ਜਿੱਤਾਂ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ, ਸਕੂਲ ਅਤੇ ਕਲੱਬ ਦਾ ਨਾਮ ਰੋਸ਼ਨ ਕੀਤਾ ਹੈ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ 67ਵੀਆਂ ਪੰਜਾਬ ਰਾਜ ਸਕੂਲ ਖੇਡਾਂ ਦੇ ਬਾਕਸਿੰਗ ਅਤੇ ਕਿੱਕ ਬਾਕਸਿੰਗ ਮੁਕਾਬਲੇ ਕਰਮਵਾਰ ਜ਼ਿਲ੍ਹਾ ਫਿਰੋਜਪੁਰ ਅਤੇ ਮਲੇਰਕੋਟਲਾ ਵਿੱਚ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ ਜੀਜੀਐੱਸ ਕਲੱਬ ਬੱਖਤਪੁਰ ਦੀ ਖਿਡਾਰਨ ਮਨਜੀਤ ਕੌਰ ਨੇ ਅੰਡਰ-19 (54 ਕਿਲੋ ਭਾਰ ਵਰਗ) ਦੇ ਕਿੱਕ ਬਾਕਸਿੰਗ ਮੁਕਾਬਲੇ ਵਿੱਚੋਂ ਸੋਨੇ ਦਾ ਤਗਮਾ ਅਤੇ ਅੰਡਰ-19 (-52 ਕਿਲੋ ਭਾਰ ਵਰਗ) ਵਿੱਚ ਅਭੇਦੀਪ ਸਿੰਘ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ। ਇਸੇ ਤਰ੍ਹਾਂ ਬਾਕਸਿੰਗ ਦੇ ਅੰਡਰ-17 ਵਿੱਚ (50 ਕਿਲੋ ਭਾਰ ਵਰਗ) ਮੁਕਾਬਲੇ ਵਿੱਚ ਸਿਨੇਹਾ ਕੁਮਾਰੀ ਨੇ ਕਾਸ਼ੇ ਦਾ ਤਮਗਾ ਅਤੇ ਅੰਡਰ-17 (63 ਕਿਲੋ ਭਾਰ ਵਰਗ) ਵਿੱਚ ਸੁਖਮਨੀਜਪਜੀਤ ਕੌਰ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕਰਵਾਏ ਗਏ ਤਾਈਕਵਾਡੋਂ ਦੇ ਇੰਟਰ ਕਾਲਜ ਮੁਕਾਬਲੇ ਵਿੱਚੋਂ ਕਲੱਬ ਦੀ ਖਿਡਾਰਨ ਗੁਰਪ੍ਰੀਤ ਕੌਰ ਨੇ ਵਿੱਚੋਂ (ਕਾਂਸੇ ਦਾ ਤਮਗਾ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਸਕੂਲ ਅਤੇ ਕਲੱਬ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਅਤੇ ਮੈਡਮ ਸੁਖਮੀਤ ਕੌਰ ਵੱਲੋਂ ਤਮਗੇ ਜੇਤੂ ਖਿਡਾਰੀਆਂ ਦਾ ਸਕੂਲ ਪਹੁੰਚਣ ਤੇ ਵਿਸ਼ੇਸ਼ ਸਨਮਾਨ ਕੀਤਾ ਅਤੇ ਇਨ੍ਹਾਂ ਬੱਚਿਆਂ ਅਤੇ ਕੋਚ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



# ਗੁਰੂ ਘਰ ਸੋਨੇ ਦੀ ਸੇਵਾ ਕਰਕੇ ਮਨਾਇਆ ਪੜਪੋਤਰੇ ਦਾ ਜਨਮ ਦਿਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਅੱਜਕੱਲ ਦੇ ਸਮੇਂ ਦੌਰਾਨ ਜਿੱਥੇ ਲੋਕ ਫੋਕੀ ਸ਼ੋਹਰਤ ਖਾਤਰ ਬੱਚਿਆਂ ਦੇ ਜਨਮ ਦਿਨ ਮੌਕੇ ਲੱਖਾਂ ਰੁਪਏ ਦੇ ਨਸ਼ਿਆਂ 'ਤੇ ਫਜ਼ੂਲ ਖਰਚ ਕਰਦੇ ਹਨ ਉਥੇ ਹੀ ਅੱਜ ਬਾਬਾ ਗੁਰਜੀਤ ਸਿੰਘ ਧਾਰੀਵਾਲ ਵੱਲੋਂ ਪੜਪੋਤਰੇ ਰਣਇੰਦਰ ਸਿੰਘ ਪੁੱਤਰ ਲਵਪ੍ਰੀਤ ਸਿੰਘ ਧਾਰੀਵਾਲ ਇੰਗਲੈਂਡ ਦੇ ਜਨਮ ਦਿਨ ਦੀ ਖੁਸ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਜਿੱਥੇ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਨਵੀਂ ਬਣਾਈ ਗਈ ਇਮਾਰਤ ਦੇ ਗੁੰਬਦ ਉਪਰ ਸੋਨੇ ਦੀ ਸੇਵਾ ਕਰਵਾਈ ਜਾ ਰਹੀ ਹੈ, ਵਿਖੇ ਤਿੰਨ ਤੋਲੇ ਸੋਨਾ ਜਿਸ ਦੀ ਕੀਮਤ 1 ਲੱਖ 89 ਹਜ਼ਾਰ ਰੁਪਏ ਹੈ, ਭੇਟ ਕੀਤਾ। ਉਨ੍ਹਾਂ ਨਿਵੇਕਲੇ ਢੰਗ ਨਾਲ ਆਪਣੇ ਪੜਪੋਤਰੇ ਦਾ ਜਨਮ ਦਿਨ ਮਨਾਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਗੁਰਜੀਤ ਸਿੰਘ ਧਾਰੀਵਾਲ ਨੇ ਕਿਹਾ ਕਿ ਸਾਨੂੰ ਮੀਟ ਸ਼ਰਾਬਾਂ ਆਦਿ ਨਸ਼ਿਆਂ ਦਾ ਸੇਵਨ ਕਰਨ 'ਤੇ ਪੈਸੇ ਖਰਚਣ ਦੀ ਬਜਾਏ ਗੁਰੂ ਘਰ ਦੀ ਅਥਾਹ ਸੇਵਾ ਵਿੱਚ ਆਪਣਾ ਹਿੱਸਾ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪਰਾਪਤ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਘਰ ਦੀ ਹੋਈ ਸੇਵਾ ਕਦੇ ਵਿਅਰਥ ਨਹੀਂ ਜਾਂਦੀ। ਬਾਬਾ ਗੁਰਜੀਤ ਸਿੰਘ ਨੇ ਕਿਹਾ ਕਿ ਅਸੀਂ ਅੱਜ ਆਪਣੇ ਪੜਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਗੁਰੂ ਮਹਾਰਾਜ ਦੇ ਸੋਨੇ ਦੇ ਬਣ ਰਹੇ ਗੁੰਬਦ ਦੇ ਵਿੱਚ ਥੋੜੀ ਜਿਹੀ ਸੇਵਾ ਪਾ ਰਹੇ ਹਾਂ। ਇਸ ਮੌਕੇ ਉਨ੍ਹਾਂ ਨੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਜਥੇਦਾਰ ਬਾਬਾ ਸਾਹਿਬ ਸਿੰਘ ਨੂੰ ਇਕ ਲੱਖ 89 ਹਜ਼ਾਰ ਦੀ ਸੇਵਾ ਭੇਟ ਕੀਤੀ ਗਈ। ਇਸ ਮੌਕੇ ਬਾਬਾ ਸਾਹਿਬ ਸਿੰਘ, ਬਾਬਾ ਬਿਸਨ ਸਿੰਘ, ਬਾਬਾ ਜਗੀਰ ਸਿੰਘ ਹਰੂਵਾਲ, ਜਥੇਦਾਰ ਗੁਰਦਿਆਲ ਸਿੰਘ, ਬਾਬਾ ਜੋਗਿੰਦਰ ਸਿੰਘ, ਲੱਖਾ ਸਿੰਘ, ਰਤਨ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਹਾਜ਼ਰ ਸਨ।



## ਬੱਚਿਆਂ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਤਿਆਰ ਕੀਤੇ ਮਾਡਲਾਂ ਦੀ ਲਗਾਈ ਪ੍ਰਦਰਸ਼ਨੀ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਸੇਂਟ ਫਰਾਂਸਿਸ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਜੰਡਿਆਲਾ ਗੁਰੂ ਵਿਖੇ ਸਕੂਲ ਦੇ ਸਾਲਾਨਾ ਸਮਾਰੋਹ ਵਿੱਚ ਇਸ ਵਾਰ ਬੱਚਿਆਂ ਦੀ ਅਥਾਹ ਮਿਹਨਤ ਅਤੇ ਅਧਿਆਪਕਾਂ ਦੀ ਯੋਗ ਅਗਵਾਈ ਅਧੀਨ ਇੱਕ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਸੁਰਮੀਤ ਸਿੰਘ ਸਿਕਰੀ (ਸਿਵਲ ਕੋਰਟ, ਬਟਾਲਾ) ਨੇ ਸ਼ਿਰਕਤ ਕੀਤੀ। ਪ੍ਰਦਰਸ਼ਨੀ ਵਿੱਚ ਬੱਚਿਆਂ ਵੱਲੋਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਡਲ ਬਣਾਏ ਗਏ ਅਤੇ ਵਿਗਿਆਨ ਨਾਲ ਸੰਬੰਧਿਤ ਪ੍ਰਯੋਗ ਵੀ ਕਰਕੇ ਵਿਖਾਏ ਗਏ ਰੰਗਾ-ਰੰਗ ਪ੍ਰੋਗਰਾਮ, ਮਨੋਰੰਜਕ ਖੇਡਾਂ ਅਤੇ ਸੰਗੀਤ ਆਦਿ ਨੇ ਮਹਿਮਾਨਾਂ ਦਾ ਖੂਬ ਮਨੋਰੰਜਨ ਕੀਤਾ। ਮੁੱਖ-ਮਹਿਮਾਨ ਅਤੇ ਬੱਚਿਆਂ ਦੇ ਮਾਪਿਆਂ ਨੇ ਬੱਚਿਆਂ ਅਤੇ ਅਧਿਆਪਕਾਂ ਦੀ ਮਿਹਨਤ ਦੀ ਖੂਬ ਪ੍ਰਸੰਸਾ ਕੀਤੀ। ਡਾਇਰੈਕਟਰ ਫਾਦਰ ਥੋਮਸ ਕੋਲੈਂਚਰੀ ਅਤੇ ਪ੍ਰਿੰਸੀਪਲ ਸਿਸਟਰ ਜੀਨਾ ਨੇ ਬੱਚਿਆਂ ਅੰਦਰਲੀ ਇਸ ਕਲਾ ਉੱਤੇ ਮਾਣ ਮਹਿਸੂਸ ਕੀਤਾ ਅਤੇ ਉਹ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਇਹੋ ਜਿਹੇ ਉਪਰਾਲਿਆਂ ਲਈ ਵਚਨਬੱਧ ਹੋਏ। ਸਮੁੱਚੇ ਰੂਪ ਵਿੱਚ ਸੇਂਟ ਫਰਾਂਸਿਸ ਸਕੂਲ ਦੀ ਇਹ ਪ੍ਰਦਰਸ਼ਨੀ ਆਪਣੀ ਇੱਕ ਵਿਲੱਖਣ ਛਾਪ ਛੱਡ ਗਈ।



# ਪਰਾਲੀ ਸਾੜਨ ਦੀਆਂ ਘਟਨਾਵਾਂ ਤੋਂ ਮੁਕਤ ਪਿੰਡ ਨੂੰ ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦੇਣ ਦਾ ਐਲਾਨ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵਲੋਂ ਜ਼ਿਲੇ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਕੀਤੇ ਸਫਲ ਯਤਨਾਂ ਤਹਿਤ ਅੱਜ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਬਟਾਲਾ ਵਿਖੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਵਲੋਂ ਪਰਾਲੀ ਨਾ ਸਾੜਨ ਵਾਲੀਆਂ ਪੰਚਾਇਤਾਂ ਅਤੇ ਕਿਸਾਨਾਂ ਨੂੰ 'ਵਾਤਾਵਰਣ ਦੇ ਰਖਵਾਲੇ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਲੋਂ ਕੀਤੇ ਸਾਰਥਕ ਯਤਨਾਂ ਤਹਿਤ ਉਨਾਂ ਨੂੰ ਵੀ 'ਵਾਤਾਵਰਣ ਦੇ ਚੈਂਪੀਅਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਵਿੰਦਰਪਾਲ ਸਿੰਘ ਸੰਧੂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਟਾਲਾ ਦੇ ਐੱਸਡੀਐੱਮ ਡਾ. ਸ਼ਾਇਰੀ ਭੰਡਾਰੀ, ਡਾ. ਕ੍ਰਿਪਾਲ ਸਿੰਘ ਢਿੱਲੋਂ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਅਤੇ ਡਾ. ਅਮਰੀਕ ਸਿੰਘ ਜ਼ਿਲ੍ਹਾ ਸਿਖਲਾਈ ਅਫਸਰ ਵੀ ਮੌਜੂਦ ਸਨ। ਇਸ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਪਰਾਲੀ ਨਾ ਸਾੜਨ ਵਾਲੀਆਂ ਪੰਚਾਇਤਾਂ ਅਤੇ ਕਿਸਾਨਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਵਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਕੀਤੀ ਅਪੀਲ ਨੂੰ ਸਵੀਕਾਰ ਕਰਦਿਆਂ, ਕਿਸਾਨਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਪੂਰਾ ਸਹਿਯੋਗ ਕੀਤਾ ਹੈ, ਜਿਸ ਨਾਲ ਜ਼ਿਲੇ ਅੰਦਰ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਨੂੰ ਅੱਗ ਬਹੁਤ ਲਗਾਈ ਗਈ ਹੈ। ਉਨਾਂ ਅੱਗੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ, ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਉਨਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਵਚਨਬੱਧ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਕਿਸਾਨਾਂ ਦੀ ਸਹੂਲਤ ਲਈ ਬਟਾਲਾ ਖੇਤਰ ਵਿੱਚ ਤਿੰਨ ਕਿਸਾਨ ਹੱਟਾਂ ਖੋਲ੍ਹੀਆਂ ਜਾਣਗੀਆਂ, ਜਿਥੇ ਕਿਸਾਨ ਆਪਣੇ ਉਤਪਾਦ ਵੇਚ ਸਕਣਗੇ। ਉਨਾਂ ਅੱਗੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਸਮੇਤ ਵੱਖ ਵੱਖ ਵਿਭਾਗਾਂ ਵਲੋਂ ਪਰਾਲੀ ਨਾ ਸਾੜਨ ਲਈ ਕੀਤੇ ਉਪਰਾਲੇ ਸਫਲ ਹੋਏ ਹਨ ਅਤੇ ਉਨਾਂ ਨੂੰ ਪੂਰੀ ਆਸ ਹੈ ਕਿ ਅਗਲੇ ਸਾਲ ਜ਼ਿਲ੍ਹੇ ਗੁਰਦਾਸਪੁਰ ਵਿੱਚ ਕਿਸਾਨਾਂ ਦੇ ਸਹਿਯੋਗ ਨਾਲ ਇੱਕ ਵੀ ਥਾਂ 'ਤੇ ਪਰਾਲੀ ਸਾੜਨ ਦੀ ਘਟਨਾ ਨਹੀਂ ਵਾਪਰੇਗੀ। ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਅੱਜ ਤੋਂ ਕਰੀਬ ਦੋ ਮਹਿਨੇ ਪਹਿਲਾਂ 10 ਅਕਤੂਬਰ ਨੂੰ ਇਸੇ ਸਥਾਨ 'ਤੇ ਉਨਾਂ ਵਲੋਂ ਜ਼ਿਲੇ ਦੇ 55 ਹਾਟ ਸਪਾਟ ਪਿੰਡਾਂ, ਜਿਥੇ ਪਿਛਲੇ ਸਾਲ ਸਟੱਬਲ ਬਰਨਿੰਗ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਸਨ, ਉਨ੍ਹਾਂ ਪਿੰਡਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਸੀ ਤੇ ਉਨਾਂ ਕੋਲੋਂ ਸਹਿਯੋਗ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨਾਂ ਨੂੰ ਜ਼ਿਲੇ ਦੇ ਕਿਸਾਨਾਂ ਤੇ ਪੂਰਾ ਮਾਣ ਹੈ ਕਿ ਉਨਾਂ ਨੇ ਮੇਰੀ ਬੇਨਤੀ ਨੂੰ ਸਵੀਕਾਰ ਕੀਤਾ ਤੇ ਇਸ ਸਾਲ 55 ਹਾਟ ਸਪਾਟ ਪਿੰਡਾਂ ਵਿੱਚੋਂ 24 ਪਿੰਡਾਂ ਵਿੱਚ ਪਰਾਲੀ ਸਾੜਨ ਦਾ ਇੱਕ ਵੀ ਕੇਸ ਨਹੀਂ ਪਾਇਆ ਗਿਆ। ਇਸ ਮੌਕੇ ਖੇਤੀਬਾੜੀ ਵਿਭਾਗ ਤੋਂ ਹਰਮਨਪ੍ਰੀਤ ਸਿੰਘ, ਹਰਮਨਜੀਤ ਸਿੰਘ, ਪਰਮਬੀਰ ਸਿੰਘ ਕਾਹਲੋਂ, ਡਾ. ਬਲਜਿੰਦਰ ਸਿੰਘ, ਧਰਮਿੰਦਰ ਸ਼ਰਮਾ, ਪ੍ਰਭਜੋਤ ਸਿੰਘ, ਸੰਦੀਪ ਸਿੰਘ ਅਤੇ ਦਿਲਬਾਗ ਸਿੰਘ ਲਾਲੀ ਚੀਮਾ, ਗੁਰਬਿੰਦਰ ਸਿੰਘ ਬਾਜਵਾ, ਸਿਮਰਨ ਸਿੰਘ, ਮਨਦੀਪ ਸਿੰਘ ਸੰਧੂ, ਹਰਪ੍ਰੀਤ ਸਿੰਘ ਸਮੇਤ ਅਧਿਕਾਰੀ, ਕਰਮਚਾਰੀ ਅਤੇ ਕਿਸਾਨ ਮੌਜੂਦ ਸਨ।



# ਰਵਾਇਤੀ ਖੇਡਾਂ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਦਾ ਸਬੱਬ ਬਣਦੀਆਂ : ਵਿਦਵਾਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਪੰਜਾਬ ਦੀਆਂ ਰਵਾਇਤੀ ਖੇਡਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਹ ਵਿਚਾਰ ਅੱਜ ਏਥੋਂ ਦੇ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਹੋਏ ਸਲਾਨਾ ਖੇਡ ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਵਿਚ ਬੋਲਦਿਆਂ ਕਥਾਕਾਰ ਦੀਪ ਦੇਵਿੰਦਰ ਸਿੰਘ, ਪ੍ਰਮੁਖ ਸ਼ਾਇਰ ਅਵਤਾਰ ਸਿੰਘ ਚਮਕ ਅਤੇ ਸਮਾਜ ਸੇਵੀ ਵਰਿੰਦਰ ਸਹਿਦੇਵ ਵਲੋਂ ਕਹੇ ਗਏ। ਉਨ੍ਹਾਂ ਕਿਹਾ ਕਿ ਅਜੋਕੀ ਸਿੱਖਿਆ ਪ੍ਰਣਾਲੀ ਦੇ ਮੱਦੇਨਜ਼ਰ ਵਿਦਿਆਰਥੀਆਂ ਅੰਦਰ ਮੁਕਾਬਲੇਬਾਜ਼ੀ 'ਚ ਲੱਗੀ ਨੰਬਰ ਲੈਣ ਦੀ ਹੋੜ ਨੇ ਬਚਪਨ ਦੀਆਂ ਖੇਡਾਂ ਤੋਂ ਵਾਂਝੇ ਕੀਤਾ ਹੈ ਜਿਸ ਕਰਕੇ ਬੱਚਿਆਂ ਅੰਦਰ ਹੱਸਣ-ਖੇਡਣ ਅਤੇ ਨੱਚਣ-ਟੱਪਣ ਦੀ ਉਮਰ ਵਿਚ ਹੀਣ ਭਾਵਨਾ ਪੈਦਾ ਹੋ ਰਹੀ ਹੈ। ਇਸ ਕਰਕੇ ਸਕੂਲਾਂ ਅੰਦਰ ਉੱਚ ਮਿਆਰ ਦੀ ਪੜ੍ਹਾਈ ਲਿਖਾਈ ਦੇ ਨਾਲ ਨਾਲ ਅਜਿਹੇ ਉਪਰਾਲੇ ਨਿਰੰਤਰ ਜਾਰੀ ਰਹਿਣੇ ਚਾਹੀਦੇ ਹਨ। ਆਏ ਮਹਿਮਾਨਾਂ ਨਾਲ ਸਕੂਲ ਪ੍ਰਬੰਧਕ ਪ੍ਰਤੀਕ ਸਹਿਦੇਵ, ਮੋਹਿਤ ਸਹਿਦੇਵ, ਅੰਕਿਤਾ ਅਤੇ ਕੋਮਲ ਵਲੋਂ ਆਕਾਸ਼ ਵਿੱਚ ਰੰਗ-ਬਿਰੰਗੇ ਗੁਬਾਰੇ ਛੱਡ ਕੇ ਸ਼ੁਰੂ ਕਰਵਾਏ। ਇਸ ਖੇਡ ਟੂਰਨਾਮੈਂਟ ਵਿੱਚ ਅਲੋਪ ਹੋ ਰਹੀਆਂ ਪੇਂਡੂ ਖੇਡਾਂ ਜਿਨ੍ਹਾਂ ਵਿੱਚ ਰੱਸਾ-ਕੱਸੀ,ਬੋਰੀ ਦੌੜ, ਤਿੰਨ ਲੱਤੀ ਦੌੜ, ਨਿੰਬੂ ਦੌੜ, ਚਾਟੀ ਦੌੜ, ਲੰਬੀ ਛਾਲ, ਗੋਲਾ ਸੁੱਟਣਾ, ਖੋ-ਖੋ ਅਤੇ ਓਪਨ ਦੌੜਾਂ ਵਿਚ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਵਿਖਾਇਆ। ਅੱਵਲ ਆਏ ਵਿਦਿਆਰਥੀਆਂ ਨੂੰ ਗੋਲਡ, ਸਿਲਵਰ ਅਤੇ ਕਾਂਸੀ ਦੇ ਤਮਗਿਆਂ ਨਾਲ ਨਿਵਾਜਿਆ ਗਿਆ। ਸਕੂਲ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਵੰਨਗੀਆਂ ਨੂੰ ਪੇਸ਼ ਕਰਦਿਆਂ ਗਿੱਧੇ ਅਤੇ ਭੰਗੜੇ ਦੀ ਧਮਾਲ ਵੀ ਪਾਈ। ਹੋਰਨਾਂ ਤੋਂ ਇਲਾਵਾ ਸੁਭਾਸ਼ ਪਰਿੰਦਾ, ਨਵਦੀਪ ਕੁਮਾਰ, ਪਰਮਜੀਤ ਕੌਰ, ਤ੍ਰਿਪਤਾ, ਪੂਨਮ ਸ਼ਰਮਾ, ਸ਼ਮੀ ਮਹਾਜਨ, ਮੀਨਾਕਸ਼ੀ ਮਿਸ਼ਰਾ, ਕਾਮਨੀ, ਭਾਵਨਾ, ਸ਼ਿਵਾਨੀ, ਜਗਜੀਤ ਅਤੇ ਅੰਜੂ ਸੈਣੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## ਐੱਨ ਐੱਸ ਐੱਸ ਵਲੰਟੀਅਰਾਂ ਵੱਲੋਂ ਸੱਤ ਰੋਜ਼ਾ ਕੈਂਪ ਸ਼ੁਰੂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਲਾਸਵਾਲਾ ਖਾਲਸਾ ਸਕੂਲ ਦੇ ਐੱਨਐੱਸਐੱਸ ਯੂਨਿਟ ਦੇ ਵਲੰਟੀਅਰਾਂ ਵੱਲੋਂ 7 ਰੋਜ਼ਾ ਵਿਸ਼ੇਸ਼ ਕੈਂਪ ਦੀ ਸ਼ੁਰੂਆਤ ਕੀਤੀ ਗਈ। ਇਸ ਕੈਂਪ ਦੀ ਸ਼ੁਰੂਆਤ ਪ੍ਰਿੰਸੀਪਲ ਮੈਡਮ ਸ਼ਾਲਿਨੀ ਦੱਤਾ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਕੀਤੀ ਗਈ। ਕੈਂਪ ਦੀ ਸ਼ੁਰੂਆਤ ਸਮੇਂ ਉਨ੍ਹਾਂ ਦੱਸਿਆ ਕਿ ਕਲਾਸਵਾਲਾ ਖਾਲਸਾ ਸਕੂਲ ਦੇ ਵਲੰਟੀਅਰਾਂ ਨੂੰ ਜਦ ਵੀ ਸਮਾਜ ਦੀ ਭਲਾਈ ਜਾਂ ਸਰਵਪੱਖੀ ਵਿਕਾਸ ਦੇ ਕੰਮਾਂ ਵਿੱਚ ਮੌਕਾ ਮਿਲਦਾ ਹੈ ਤਾਂ ਉਹ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ ਵਲੰਟੀਅਰਾਂ ਵਿੱਚ ਸਵੈ-ਵਿਸ਼ਵਾਸ, ਸਵੈ-ਨਿਰਭਰਤਾ ਅਤੇ ਮਿਲਜੁਲ ਕੇ ਕੰਮ ਕਰਨ ਦੀ ਰੁਚੀ ਭਰਨਾ ਆਦਿ ਹੁੰਦਾ ਹੈ। ਕੈਂਪ ਦੌਰਾਨ ਬੱਚੇ ਰਲ ਮਿਲ ਕੇ ਕੰਮ ਕਰਨਾ, ਇੱਕ ਦੂਸਰੇ ਦੀ ਮਦਦ ਕਰਨਾ ਤੇ ਦੁੱਖ-ਦਰਦ ਨੂੰ ਸਮਝਣਾ ਅਤੇ ਆਲੇ ਦੁਆਲੇ ਦੀ ਸਫਾਈ ਦਾ ਖਿਆਲ ਰੱਖਣਾ ਹੁੰਦਾ ਹੈ। ਇਸ ਮੌਕੇ ਪ੍ਰੋਗਰਾਮ ਅਧਿਕਾਰੀ ਵਾਈਸ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਅਤੇ ਪ੍ਰੋਗਰਾਮ ਅਧਿਕਾਰੀ ਹਰਦੀਪ ਸਿੰਘ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ। ਇਸ ਮੌਕੇ ਹੈੱਡਮਾਸਟਰ ਪਰਮਜੀਤ ਸਿੰਘ, ਮੈਡਮ ਸਰਨਬੀਰ ਕੌਰ, ਸਰਦਾਰ ਧਿਆਨ ਸਿੰਘ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

# ਸੰਜੀਵਨ ਦੇ ਨਾਟਕ 'ਜਹਾਜ਼' ਦਾ ਸਫਲ ਮੰਚਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਜਹਾਜ਼ ਚੜ੍ਹਨ ਦੇ ਕਾਰਨਾਂ ਅਤੇ ਜਹਾਜ਼ ਚੜ੍ਹ ਚੁੱਕਿਆਂ ਦੀ ਤਰਾਸਦੀ ਬਿਆਨਦੇ ਸੰਜੀਵਨ ਸਿੰਘ ਵੱਲੋਂ ਲਿਖੇ ਅਤੇ ਨਿਰਦੇਸ਼ਤ ਨਾਟਕ 'ਜਹਾਜ਼' ਦਾ ਸਫਲ ਮੰਚਨ ਸਰਘੀ ਕਲਾ ਕੇਂਦਰ ਵੱਲੋਂ ਸੰਗੀਤ ਨਾਟਕ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਲੇਖਕਾਂ, ਬੁੱਧੀਜੀਵੀਆਂ, ਅਲੋਚਕਾਂ, ਵਿਦਵਾਨਾਂ, ਰੰਗਕਰਮੀਆਂ ਅਤੇ ਕਲਾਕਾਰਾਂ ਦੀ ਮੌਜੂਦਗੀ ਵਿਚ ਟੈਗੋਰ ਥੀਏਟਰ, ਚੰਡੀਗੜ੍ਹ ਵਿਖੇ ਹੋਇਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਕਮਲ ਗਰਗ, ਐਮ.ਡੀ. ਮਿਲਕ ਫੈਡ ਸ਼ਾਮਿਲ ਸਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਕਮਲ ਅਰੋੜਾ, ਸਾਬਾਕ ਚੇਅਰਮੈਨ ਚੰਡੀਗੜ੍ਹ ਸੰਗੀਤ ਨਾਟਕ ਅਕਾਦਮੀ ਸ਼ਾਮਲ ਹੋਏ। ਨਾਟਕ 'ਜਹਾਜ਼' ਆਪਣੇ ਮੁਲਕ ਵਿਚ ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਿਆਂ ਅਤੇ ਹੋਰ ਅਨੇਕਾਂ ਦਿੱਕਤਾਂ-ਦੁਸ਼ਵਾਰੀਆਂ ਤੋਂ ਪ੍ਰੇਸ਼ਾਨ ਹੋ ਕੇ ਖ਼ੁਸ਼ਹਾਲ, ਸਰਬਸੰਪੰਨ ਅਤੇ ਐਸ਼ੋ ਇਸ਼ਰਤ ਵਾਲੀ ਜ਼ਿੰਦਗੀ ਜਿਊਣ ਦੇ ਵੱਡੇ-ਵੱਡੇ ਸੁਪਨੇ ਲੈ ਕੇ ਆਮ ਤੌਰ 'ਤੇ ਭਾਰਤੀ, ਖਾਸ ਤੌਰ 'ਤੇ ਪੰਜਾਬੀ ਜਹਾਜ਼ ਚੜ੍ਹਨ ਦੀ ਚੂਹਾ ਦੌੜ ਵਿਚ ਸ਼ਾਮਲ ਹਨ। ਉਹ ਕੋਈ ਵੀ ਜਾਇਜ਼/ਨਾਜਾਇਜ਼ ਹਰਬਾ ਵਰਤ ਕੈਨੇਡਾ, ਅਮਰੀਕ, ਇੰਗਲੈਂਡ ਜਾਂ ਕਿਸੇ ਹੋਰ ਮੁਲਕ ਲਈ ਉਡਾਰੀ ਮਾਰਨਾ ਚਾਹੁੰਦੇ ਹਨ। ਨਾਟਕ ਇਕ ਹੋਰ ਗੰਭੀਰ ਤੇ ਸੰਵੇਦਨਸ਼ੀਲ ਮਸਲੇ ਨੂੰ ਵੀ ਛੂੰਹਦਾ ਹੈ ਕਿ ਕਿਵੇਂ ਸਾਡੇ ਪੰਜਾਬੀ ਅਤੇ ਅੱਗੋਂ ਉਨ੍ਹਾਂ ਦੀ ਔਲਾਦ ਆਪਣੇ ਵਿਰਸੇ, ਸੱਭਿਆਚਾਰ, ਭਾਸ਼ਾ, ਪਹਿਰਾਵੇ ਤੇ ਖਾਣ-ਪੀਣ ਤੋਂ ਬੇਮੁੱਖ ਹੋ ਰਹੀ ਹੈ ਪਰ ਉਨ੍ਹਾਂ ਦੇ ਘਰ ਨੌਕਰ ਵਜੋਂ ਕੰਮ ਕਰ ਰਿਹਾ ਪ੍ਰਵਾਸੀ ਪਰਿਵਾਰ ਅਤੇ ਉਨ੍ਹਾਂ ਦੇ ਬੱਚੇ ਪੰਜਾਬ ਦੀ ਜੜ੍ਹਾਂ ਅਤੇ ਮਿੱਟੀ ਨਾਲ ਜੁੜ ਰਹੇ ਹਨ। ਰੰਜੀਵਨ ਸਿੰਘ ਵੱਲੋਂ ਕੀਤੀ ਡਿਜ਼ਾਇਨਿੰਗ, ਚਰਚਤ ਸ਼ਾਇਰ ਜਸਵਿੰਦਰ ਦੇ ਲਿਖੇ ਗੀਤ ਅਤੇ ਗੁਰਮਨ ਗਿੱਲ ਵੱਲੋਂ ਸੰਗੀਤਬੱਧ ਕੀਤੇ ਅਤੇ ਗੀਤਾਂ, ਜਸਬੀਰ ਗਿੱਲ ਵੱਲੋਂ ਦਿੱਤੇ ਰੌਸ਼ਨੀ ਪ੍ਰਭਾਵ, ਸੰਜੀਵ ਦੀਵਾਨ 'ਕੁੱਕੂ' ਵੱਲੋਂ ਵਿਉਂਤੇ ਮੰਚ-ਸੱਜਾ, ਰਿੱਤੂ ਸੂਦ ਵੱਲੋਂ ਕੀਤੇ ਰੂਪ-ਸੱਜਾ ਅਤੇ ਪਹਿਰਾਵੇ ਨੇ ਨਾਟਕ ਦੇ ਪ੍ਰਭਾਵ ਨੂੰ ਹੋਰ ਵੀ ਗਹਿਰਾ ਕੀਤਾ। ਵਿਰਸਾ ਸਿੰਘ ਦੇ ਕਿਰਦਾਰ ਵਿਚ ਮਨੀ ਸਭਰਵਾਲ, ਨਸੀਬ ਕੌਰ ਦੇ ਕਿਰਦਾਰ ਵਿਚ ਦਵਿੰਦਰ ਕੌਰ ਢਿੱਲੋਂ, ਚਰਨਜੀਵ 'ਚੈਰੀ' ਦੇ ਕਿਰਦਾਰ ਵਿਚ ਗੁਰਵਿੰਦਰ ਬੈਦਵਾਣ, ਚੇਤਨਾ ਦੇ ਕਿਰਦਾਰ ਜਸਪ੍ਰੀਤ ਕੌਰ, ਨਵਰਿਕਣ ਦੇ ਕਿਰਦਾਰ ਰੰਜੀਵਨ, ਅਰਜੁਨ ਦੇ ਕਿਰਦਾਰ ਰਿੰਕੂ ਜੈਨ, ਰੌਸ਼ਨੀ ਦੇ ਕਿਰਦਾਰ ਆਸ਼ਾ ਸਕਲਾਨੀ ਨੇ ਆਪਣੇ ਆਪਣੇ ਕਿਰਦਾਰਾਂ ਨਾਲ ਇਨਸਾਫ ਕੀਤਾ। ਪ੍ਰੀਤਮ ਸਿੰਘ ਦੇ ਕਿਰਦਾਰ ਹਰਇੰਦਰ ਸਿੰਘ ਹਰ, ਬੱਚੇ ਗੋਪਾਲ ਅਤੇ ਜਪੁਜੀ ਦੇ ਕਿਰਦਾਰ ਪਿਯੂਸ਼ ਅਤੇ ਨੀਹਾਰਿਕਾ ਸੋਹਲ ਵੀ ਜੱਚੇ। ਨਾਟਕ ਦੇ ਮੰਚਨ ਨੂੰ ਫੇਸਬੁੱਕ 'ਤੇ ਲਾਇਵ ਕੀਤਾ ਉਦੈਰਾਗ ਸਿੰਘ ਨੇ। ਨਾਟਕ ਦੇ ਲੇਖਕ ਤੇ ਨਿਰਦੇਸ਼ਕ ਸੰਜੀਵਨ ਸਿੰਘ ਨੇ ਦੱਸਿਆਂ ਕਿ ਚਰਨਜੀਵ 'ਚੈਰੀ' ਦਾ ਅਹਿਮ ਕਿਰਦਾਰ ਨਿਭਾ ਰਹੇ ਰੰਗਕਰਮੀ ਭੁਵਨ ਅਜ਼ਾਦ ਦਾ ਨਾਟਕ ਦੇ ਮੰਚਨ ਤੋਂ ਕੇਵਲ ਚੌਵੀ ਘੰਟਿਆਂ ਸੜਕ ਦੁਰਘਟਨਾ ਵਿਚ ਲੱਤ ਵਿਚ ਫ੍ਰੈਕਚਰ ਆ ਜਾਣ ਕਾਰਨ ਰੰਗਕਰਮੀ ਰੰਜੀਵਨ ਨੇ ਚਰਨਜੀਵ ਦੇ ਕਿਰਦਾਰ ਨੂੰ ਜਿਊ ਕੇ ਆਪਣੀ ਪਰਪੱਕ ਅਦਾਕਾਰੀ ਦਾ ਇਕ ਵਾਰ ਫੇਰ ਸਬੂਤ ਦਿੱਤਾ। ਕਮਲ ਅਰੋੜਾ ਨੇ ਕਿਹਾ ਕਿ ਰੰਗਮੰਚ ਦੇ ਖੇਤਰ ਵਿਚ ਲਗਾਤਾਰਤਾ ਬਣਾਈ ਰੱਖਣਾ ਬਹੁਤ ਕਠਿਨ ਹੈ। ਪਰ ਸਰਘੀ ਕਲਾ ਕੇਂਦਰ ਸੰਜੀਵਨ ਦੀ ਰਹਿਨੁਮਾਈ ਹੇਠ ਪਿਛਲੇ ਤਕਰੀਬਨ ਸਾਢੇ ਤਿੰਨ ਦਹਾਕਿਆਂ ਤੋਂ ਪੂਰੀ ਸ਼ਿੱਦਤ ਨਾਲ ਸਰਗਰਮ ਹੈ। ਮੰਚ ਦੀ ਜ਼ੁੰਮੇਵਾਰੀ ਨਾਟ-ਕਰਮੀ ਬਲਕਾਰ ਸਿੱਧੂ ਨੇ ਨਿਭਾਈ। ਨਾਟਕ 'ਜਹਾਜ਼' ਦੇ ਮੰਚਨ ਨੂੰ ਮਿਲਕ ਫੈਡ, ਪੰਜਾਬ ਦਾ ਵੀ ਵਿਸ਼ੇਸ਼ ਸਹਿਯੋਗ ਸੀ। ਨਾਟਕ ਦੇ ਮੰਚਨ ਦੌਰਾਨ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਕੁਲਜੀਤ ਸਿੰਘ ਬੇਦੀ (ਡਿਪਟੀ ਮੇਅਰ), ਰੰਗਮੰਚ ਅਤੇ ਫਿਲਮੀ ਅਦਾਕਾਰ ਕੰਵਲ ਨੈਨ ਸਿੰਘ ਸੇਖੋਂ, ਰਮਨ ਢਿੱਲੋਂ, ਜਸਬੀਰ ਢਿੱਲੋਂ, ਮਨਪ੍ਰੀਤ ਮਨੀ, ਸਮਾਜ ਸੇਵੀ ਅਸ਼ੋਕ ਬਜਹੇੜੀ, ਐਡਵੋਕੇਟ ਕਨਿਕਾ ਤੂਰ, ਯਸ਼ਵੰਤ ਨੇਗੀ, ਰਮੇਸ਼ ਕੁਮਾਰ, ਸਰਬਪ੍ਰੀਤ ਸਿੰਘ ਬਾਹੜਾ, ਗੁਰਦਰਸ਼ਨ ਮਾਵੀ, ਅਮਰਜੀਤ ਸਿੰਘ ਸੈਣੀ, ਨਵਰੀਤ ਸਿੰਘ ਨੇ ਸ਼ਮੂਲੀਅਤ ਕੀਤੀ।



## ਓ ਤੇ ਐੱਮ ਮੰਡਲ ਤਰਨ ਤਾਰਨ ਕਮੇਟੀ ਦੇ ਅਹੁਦੇਦਾਰ ਨਿਯੁਕਤ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਇੰਪਲਾਈਜ਼ ਫੈਡਰੇਸ਼ਨ ਦੀ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਸਮੂਹ ਮੈਂਬਰ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਇੰਪਲਾਈਜ਼ ਫੈਡਰੇਸ਼ਨ ਦੀ ਓ ਅਤੇ ਐੱਮ ਮੰਡਲ ਤਰਨਤਾਰਨ ਕਮੇਟੀ ਦੀ ਚੋਣ ਸਰਕਲ ਸਕੱਤਰ ਭੁਪਿੰਦਰ ਸਿੰਘ ਭੱਤਾ ਦੀ ਦੇਖ-ਰੇਖ ਵਿੱਚ ਕੀਤੀ ਗਈ ਜਿਸ ਵਿੱਚ ਪ੍ਰਧਾਨ ਗੁਰਭੇਜ ਸਿੰਘ ਨਾਮਧਾਰੀ, ਜਨਰਲ ਸਕੱਤਰ ਨਿਸ਼ਾਨ ਸਿੰਘ, ਕੈਸ਼ੀਅਰ ਚਰਨਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਕੁਲਜੀਤ ਸਿੰਘ ਮੱਲੀ, ਮੀਤ ਪ੍ਰਧਾਨ ਸੁਖਦੇਵ ਸਿੰਘ, ਮੀਤ ਪ੍ਰਧਾਨ ਨਿਤਿਨ ਕੁਮਾਰ, ਸਹਾਇਕ ਸਕੱਤਰ ਰਾਜਵਿੰਦਰ ਸਿੰਘ, ਐਡੀਟਰ ਰੋਹਿਤ ਕੁਮਾਰ, ਪ੍ਰੈੱਸ ਸਕੱਤਰ ਜਤਿੰਦਰ ਸਿੰਘ ਅਤੇ ਕਿਰਪਾਲ ਸਿੰਘ ਚੌਹਾਨ ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਮੈਂਬਰਾਂ ਵੱਲੋਂ ਭਰੋਸਾ ਦਿਵਾਇਆ ਕਿ ਜੋ ਵੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਸੂਬਾ ਮੀਤ ਪ੍ਰਧਾਨ ਹਰਜਿੰਦਰ ਸਿੰਘ ਪਿੰਡ ਚਾਹਲ, ਸੂਬਾ ਸਕੱਤਰ ਸਤਨਾਮ ਸਿੰਘ ਸਰਾਂ, ਸਰਕਲ ਪ੍ਰਧਾਨ ਹਰਜੀਤ ਸਿੰਘ ਔਲਖ, ਤਰਨਤਾਰਨ ਸਰਕਲ ਸਕੱਤਰ ਮੰਗਲ ਸਿੰਘ ਨਾਗੋਕੇ, ਮੰਡਲ ਪ੍ਰਧਾਨ ਗੁਰਪਿੰਦਰ ਸਿੰਘ, ਮੰਡਲ ਰਈਆ ਪ੍ਰਧਾਨ ਸੁਰਿੰਦਰ ਸਿੰਘ, ਸਬ ਅਰਬਨ ਮੰਡਲ ਪ੍ਰਧਾਨ ਜਸਪ੍ਰੀਤ ਸਿੰਘ, ਲਖਬੀਰ ਸਿੰਘ ਸੰਧੂ, ਮੰਡਲ ਪ੍ਰਧਾਨ ਰਜਿੰਦਰ ਸਿੰਘ, ਬਿਕਰਮਜੀਤ ਸਿੰਘ, ਚਰਨਜੀਤ ਸਿੰਘ ਮੱਜੂਪੁਰ, ਸਕੱਤਰ ਮੰਡਲ ਮਨਦੀਪ ਸਿੰਘ ਲੁਹਾਰਕਾ, ਗੁਰਮੀਤ ਸਿੰਘ ਜੇ ਈ, ਬਲਜਿੰਦਰ ਸਿੰਘ, ਨਿੱਤਨੇਮ ਕੁਮਾਰ, ਸੀਨੀਅਰ ਮੀਤ ਪ੍ਰਧਾਨ ਤਰਨਤਾਰਨ ਹਰਜੀਤ ਸਿੰਘ ਆਦਿ ਹਾਜ਼ਰ ਸਨ।



23-Dec-PAGE-4.qxd 12/22/2023 10:47 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 23 ਦਸੰਬਰ 2023

# ਜਾਤੀ ਜਨਗਣਨਾ ਦਾ ਡਰ

ਜਾਤੀ ਜਨਗਣਨਾ ਦਾ ਸਵਾਲ ਭਾਵੇਂ ਹਾਲੇ ਸ਼ੁਰੂਆਤੀ ਦੌਰ ਵਿੱਚ ਹੀ ਹੈ, ਪਰ ਸੱਤਾਧਾਰੀਆਂ ਨੂੰ ਇਸ ਦੀ ਚੁੱਭਣ ਮਹਿਸੂਸ ਹੋਣੀ ਸ਼ੁਰੂ ਹੋ ਗਈ ਹੈ। ਰਾਸ਼ਟਰੀ ਸੋਇਮ ਸੇਵਕ ਸੰਘ ਨੇ ਖੁੱਲ੍ਹੇਆਮ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦਿਨੀਂ ਮਹਾਰਾਸ਼ਟਰ ਦੇ ਭਾਜਪਾ ਤੇ ਸ਼ਿਵ ਸੈਨਾ ਸ਼ਿੰਦੇ ਗੁੱਟ ਦੇ ਵਿਧਾਇਕ ਸੰਘ ਦੇ ਨਾਗਪੁਰ ਵਿਚਲੇ ਹੈਡਕੁਆਰਟਰ ਵਿੱਚ ਚਰਨ ਬੰਦਨਾ ਕਰਨ ਗਏ ਸਨ। ਇਸ ਮੌਕੇ ਇਨ੍ਹਾਂ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਸੰਘ ਦੇ ਵਿਧਰਭ ਖੇਤਰ ਦੇ ਮੁਖੀ ਸ੍ਰੀਧਰ ਘਾਡਨੇ ਨੇ ਸਪੱਸ਼ਟ ਕਿਹਾ ਕਿ "ਜਾਤ-ਪਾਤ ਗੈਰਬਰਾਬਰੀ ਦੀ ਜੜ੍ਹ ਹੈ। ਇਸ ਨੂੰ ਵਧਾਉਣਾ ਠੀਕ ਨਹੀਂ ਹੈ। ਸਾਨੂੰ ਜਾਤੀ ਜਨਗਣਨਾ ਵਿੱਚ ਕੋਈ ਫਾਇਦਾ ਨਹੀਂ ਦਿਸਦਾ, ਸਗੋਂ ਨੁਕਸਾਨ ਲਗਦਾ ਹੈ।"

ਸੰਘ ਦਾ ਇਹ ਵਿਚਾਰ ਆਪਾ ਵਿਰੋਧੀ ਵੀ ਹੈ ਤੇ ਗੈਰਬਰਾਬਰੀ ਨੂੰ ਵਧਾਉਣ ਵਾਲਾ ਵੀ। ਸ੍ਰੀਧਰ ਦਾ ਬਿਆਨ ਇਹ ਤਾਂ ਮੰਨਦਾ ਹੈ ਕਿ ਜਾਤੀ ਵਿਵਸਥਾ ਗੈਰ ਬਰਾਬਰੀ ਲਈ ਜ਼ਿੰਮੇਵਾਰ ਹੈ, ਪਰ ਇਸ ਦੀ ਜੜ੍ਹ ਫੜ ਕੇ ਇਸ ਨੂੰ ਖ਼ਤਮ ਕਰਨਾ ਵੀ ਨਹੀਂ ਚਾਹੁੰਦਾ। ਅਸਲ ਵਿੱਚ ਸੰਘ ਦੀ ਵਿਚਾਰਧਾਰਾ ਦਾ ਤਾਂ ਮੂਲ ਸਰੋਤ ਹੀ ਜਾਤੀਵਾਦੀ ਵਿਵਸਥਾ ਹੈ, ਇਸ ਲਈ ਉਹ ਜਾਤੀ ਜਨਗਣਨਾ ਨੂੰ ਨੁਕਸਾਨਦਾਇਕ ਕਹਿ ਰਿਹਾ ਹੈ। ਸਵਾਲ ਇਹੋ ਹੈ ਕਿ ਜਾਤੀ ਜਨਗਣਨਾ ਨੁਕਸਾਨਦੇਹ ਸਮਾਜ ਦੇ ਕਿਹੜੇ ਹਿੱਸੇ ਲਈ ਹੈ।

ਬਿਹਾਰ ਦੀ ਜਾਤੀ ਜਨਗਣਨਾ ਦੇ ਅੰਕੜੇ ਇਸ ਦਾ ਸਪੱਸ਼ਟ ਜਵਾਬ ਦਿੰਦੇ ਹਨ। ਅੰਕੜਿਆਂ ਅਨੁਸਾਰ ਬਿਹਾਰ ਵਿੱਚ ਕੁੱਲ ਅਬਾਦੀ ਦਾ 63 ਫੀਸਦੀ ਪਛੜੇ ਵਰਗ ਦੇ ਲੋਕਾਂ ਦਾ ਹੈ। ਇਸੇ ਤਰ੍ਹਾਂ ਅਨੁਸੂਚਿਤ ਜਾਤੀ ਦੀ ਅਬਾਦੀ 19 ਫ਼ੀਸਦੀ ਤੇ ਅਨੁਸੂਚਿਤ ਜਨਜਾਤੀ ਦੀ ਅਬਾਦੀ 1.68 ਫੀਸਦੀ ਹੈ। ਇਸੇ ਹਿਸਾਬ ਨਾਲ ਬਿਹਾਰ ਸਰਕਾਰ ਨੇ ਪਛੜੇ ਵਰਗ ਨੂੰ ਮਿਲ ਰਹੇ ਰਾਖਵੇਂਕਰਨ ਨੂੰ 30 ਫ਼ੀਸਦੀ ਵਧਾ ਕੇ 43 ਫੀਸਦੀ, ਅਨੁਸੂਚਿਤ ਜਾਤੀ ਵਰਗ ਨੂੰ ਮਿਲ ਰਹੇ ਰਾਖਵੇਂਕਰਨ ਨੂੰ 16 ਫੀਸਦੀ ਤੋਂ 20 ਫੀਸਦੀ ਤੇ ਅਨੁਸੂਚਿਤ ਜਨਜਾਤੀ ਵਰਗ ਲਈ ਰਾਖਵੇਂਕਰਨ ਨੂੰ ਇੱਕ ਫੀਸਦੀ ਤੋਂ ਵਧਾ ਕੇ 2 ਫੀਸਦੀ ਕਰ ਦਿੱਤਾ ਹੈ। ਇਸ ਤੋਂ ਇਲਾਵਾ 10 ਫੀਸਦੀ ਰਾਖਵਾਂਕਰਨ ਉੱਚ ਜਾਤਾਂ ਦੇ ਗਰੀਬ ਲੋਕਾਂ ਲਈ ਕੇਂਦਰ ਵੱਲੋਂ ਪਾਸ ਕੀਤਾ ਹੋਇਆ ਹੈ। ਬਾਕੀ ਬਚੇ 15.52 ਫੀਸਦੀ ਉਹ ਉੱਚ ਆਮਦਨ ਵਾਲੇ ਲੋਕ ਹਨ, ਜਿਨ੍ਹਾਂ ਦਾ ਜ਼ਮੀਨ, ਵਪਾਰ ਤੋਂ ਲੈ ਕੇ ਉੱਚੀਆਂ ਨੌਕਰੀਆਂ ਤੱਕ ਹਰ ਸਾਧਨ ਉੱਤੇ ਕਬਜ਼ਾ ਹੈ। ਇਨ੍ਹਾਂ ਨੂੰ ਕੋਈ ਰਾਖਵਾਂਕਰਨ ਨਹੀਂ ਹੈ।

ਉਕਤ ਅੰਕੜਿਆਂ ਤੋਂ ਸਾਫ਼ ਹੈ ਕਿ ਜਾਤੀ ਜਨਗਣਨਾ ਦਾ ਲਾਭ ਪਛੜਿਆਂ, ਦਲਿਤਾਂ ਤੇ ਜਨਜਾਤੀ ਵਰਗਾਂ ਨੂੰ ਹੈ। ਜੇਕਰ ਸੰਘ ਜਾਤੀ ਜਨਗਣਨਾ ਵਿੱਚ ਨੁਕਸਾਨ ਦੇਖ ਰਿਹਾ ਹੈ ਤਾਂ ਸਪੱਸ਼ਟ ਹੈ ਕਿ ਉਹ 15 ਫੀਸਦੀ ਉੱਪਰਲੇ ਵਰਗ ਦੇ ਲਾਭ ਲਈ ਕੰਮ ਕਰਦਾ ਹੈ। ਅਸਲ ਵਿੱਚ ਜਾਤੀ ਜਨਗਣਨਾ ਹਜ਼ਾਰਾਂ ਸਾਲਾਂ ਤੋਂ ਕਿਰਤੀ ਲੋਕਾਂ ਦੀ ਧਨੀ ਵਰਗ ਵੱਲੋਂ ਕੀਤੀ ਜਾ ਰਹੀ ਲੁੱਟ ਨੂੰ ਨੰਗਾ ਕਰਦੀ ਹੈ। ਇਸੇ ਲਈ ਸੰਘ ਜਾਤੀ ਜਨਗਣਨਾ ਤੋਂ ਬੁਖਲਾਇਆ ਹੋਇਆ ਹੈ।

ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਜਾਤੀਵਾਦੀ ਨ਼ਫ਼ਰਤ ਤੇਜ਼ ਹੋਈ ਹੈ। ਨਰਿੰਦਰ ਮੋਦੀ ਦੇ ਰਾਜ ਦੌਰਾਨ ਮਨੂੰ ਸਮ੍ਰਿਤੀ ਵਿਚਾਰਧਾਰਾ, ਜੋ ਜਾਤੀ ਵਿਵਸਥਾ ਦੀ ਜਣਨੀ ਹੈ, ਨੂੰ ਅੱਗੇ ਵਧਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਰਾਜਸਥਾਨ ਦੇ ਜੈਪੁਰ ਵਿੱਚ 10 ਦਸੰਬਰ 2017 ਨੂੰ ਕੀਤੇ ਗਏ ਮਨੂੰ ਪ੍ਰਤਿਸ਼ਠਾ ਸਮਾਗਮ ਵਿੱਚ ਸੰਘ ਆਗੂ ਇੰਦਰੇਸ਼ ਕੁਮਾਰ ਨੇ ਮਨੂੰ ਨੂੰ ਸਮਾਜਕ ਬਰਾਬਰਤਾ, ਭਾਈਚਾਰੇ ਤੇ ਸਮਾਜਕ ਨਿਆਂ ਦੇ ਖੇਤਰ ਵਿੱਚ ਦੁਨੀਆ ਦਾ ਪਹਿਲਾ ਕਾਨੂੰਨਦਾਨ ਕਿਹਾ ਸੀ।

ਆਪਣੀ ਸਾਰੀ ਉਮਰ ਲੁੱਟੇ ਜਾ ਰਹੇ ਲੋਕਾਂ ਦੀ ਬੰਦਖਲਾਸੀ ਲਈ ਲੜਨ ਵਾਲੇ ਡਾ. ਭੀਮ ਰਾਓ ਅੰਬੇਡਕਰ ਨੇ ਸਮਾਜਕ ਬਰਾਬਰਤਾ ਦੀ ਲੜਾਈ ਦੌਰਾਨ ਮਨੂੰ ਸਮ੍ਰਿਤੀ ਨੂੰ ਅਗਨਭੇਟ ਕਰਕੇ ਆਪਣਾ ਵਿਰੋਧ ਪ੍ਰਗਟ ਕੀਤਾ ਸੀ। ਡਾ. ਅੰਬੇਡਕਰ ਨੇ ਕਿਹਾ ਸੀ, "ਅਗਰ ਦੇਸ਼ ਮਨੂੰ ਸਮ੍ਰਿਤੀ ਅਧਾਰਤ ਹਿੰਦੂ ਰਾਸ਼ਟਰ ਬਣ ਜਾਂਦਾ ਹੈ ਤਾਂ ਦੇਸ਼ ਲਈ ਭਾਰੀ ਖ਼ਤਰਾ ਪੈਦਾ ਹੋ ਜਾਵੇਗਾ। ਹਿੰਦੂਤਵ ਅਜ਼ਾਦੀ, ਬਰਾਬਰਤਾ ਤੇ ਭਾਈਚਾਰੇ ਲਈ ਇੱਕ ਖ਼ਤਰਾ ਹੈ, ਇਸ ਲਈ ਇਹ ਲੋਕਤੰਤਰ ਦੇ ਅਨੁਕੂਲ ਨਹੀਂ।"

ਅਸਲ ਵਿੱਚ ਜਦੋਂ ਵੀ ਮਨੂੰਵਾਦੀ ਜਾਤੀ ਵਿਵਸਥਾ ਉਤੇ ਹਮਲਾ ਕੀਤਾ ਜਾਂਦਾ ਹੈ ਤਾਂ ਸੰਘ ਤੇ ਉਸ ਦੇ ਪੈਰੋਕਾਰ ਇਸ ਨੂੰ ਸਨਾਤਨ ਧਰਮ ਦੇ ਪਰਦੇ ਹੇਠ ਲੁਕਾ ਲੈਂਦੇ ਹਨ। ਇਸ ਵੇਲੇ ਹਿੰਦੂਤਵੀਆਂ ਦੇ ਹੱਥ ਵਿੱਚ ਦੋ-ਧਾਰੀ ਤਲਵਾਰ ਹੈ, ਜਿਸ ਦਾ ਇੱਕ ਪਾਸਾ ਹਿੰਦੂ ਧਰਮ ਤੇ ਦੂਜਾ ਸਨਾਤਨ ਧਰਮ ਹੈ। ਰਾਜ ਸੱਤਾ ਪ੍ਰਾਪਤ ਕਰਨ ਲਈ ਉਹ ਹਿੰਦੂ ਧਰਮ ਨੂੰ ਅੱਗੇ ਕਰਕੇ 90 ਫ਼ੀਸਦੀ ਦੇ ਨੁਮਾਇੰਦੇ ਬਣ ਜਾਂਦੇ ਹਨ ਤੇ ਸਮਾਜਕ, ਆਰਥਕ ਹਿੱਸੇਦਾਰੀ ਦੇਣ ਲਈ 15 ਫ਼ੀਸਦੀ ਸਨਾਤਨ ਧਰਮੀਆਂ ਦੇ ਹੱਕ ਵਿੱਚ ਖੜ੍ਹੇ ਹੋ ਜਾਂਦੇ ਹਨ। ਜਾਤੀ ਜਨਗਣਨਾ ਇਸ ਦੋ-ਧਾਰੀ ਤਲਵਾਰ ਨੂੰ ਖੁੰਡਿਆਂ ਕਰਨ ਦਾ ਬੇਹਤਰੀਨ ਔਜ਼ਾਰ ਹੈ। ਇਸੇ ਕਾਰਨ ਸੰਘੀ ਤਿਲਮਿਲਾਏ ਹੋਏ ਹਨ।

**-ਚੰਦ ਫਤਿਹਪੁਰੀ**

# ਲਾਸਾਨੀ ਸ਼ਖਸੀਅਤ ਸਨ ਸ਼ਹੀਦ ਭਾਈ ਜੈਤਾ

**ਪ੍ਰਿਥੀਪਾਲ ਸਿੰਘ ਮਾੜੀਮੇਘਾ**



ਭਾਈ ਜੈਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸੋਂ ਅੰਮ੍ਰਿਤ ਛਕਣ ਤੋਂ ਬਾਅਦ ਭਾਈ ਜੀਵਨ ਸਿੰਘ ਬਣਿਆ। ਉਂਝ ਉਨ੍ਹਾ ਦਾ ਪਹਿਲਾ ਨਾਮ 'ਜਯਤਾ' ਸੀ। ਇਸ ਨਾਮ ਹੇਠ ਉਨ੍ਹਾ ਬਾਣੀ ਵੀ ਲਿਖੀ। ਭਾਈ ਜੀਵਨ ਸਿੰਘ ਦੇ ਨਾਂਅ 'ਤੇ ਉਨ੍ਹਾ ਨੇ ਮਨੁੱਖੀ ਅਧਿਕਾਰ ਤੇ ਇਨਸਾਫ ਲਈ ਅਤੇ ਔਰੰਗਜ਼ੇਬ ਦੀ ਜਬਰ-ਜ਼ੁਲਮ ਵਾਲੀ ਨੀਤੀ ਵਿਰੁੱਧ ਜੰਗ ਲੜੀ। ਉਨ੍ਹਾ ਦਾ ਪਿਛੋਕੜ ਕੱਥੂਨੰਗਲ ਨਾਲ ਸੀ ਤੇ ਇਸ ਪਿੰਡ 'ਚੋਂ ਵੱਸੇ ਪਿੰਡ ਰਮਦਾਸ ਵਿਖੇ ਉਨ੍ਹਾ ਦਾ ਜਨਮ ਪਿਤਾ ਸੱਦਾ ਨੰਦ ਦੇ ਘਰ ਮਾਤਾ ਨਾਨਕੀ ਦੇ ਘਰ ਹੋਇਆ। ਮਾਤਾ ਗੁਜਰੀ ਨੇ ਨਾਨਕੀ ਦਾ ਨਾਂਅ ਪ੍ਰੇਮੋ ਰੱਖ ਦਿੱਤਾ।

ਗੁਰੂ ਤੇਗ ਬਹਾਦਰ ਜੀ ਨਾਲ ਭਾਈ ਜੀਵਨ ਸਿੰਘ ਦਾ ਪ੍ਰਵਾਰ ਦੀਵਾਲੀ ਵੇਖਣ ਕੀਰਤਪੁਰ ਗਿਆ ਤੇ ਉਥੇ ਸ੍ਰੀ ਗੁਰੂ ਹਰਿ ਰਾਇ ਜੀ ਨੇ ਉਨ੍ਹਾ ਨੂੰ 'ਮਹਾਂਪੁਰਖ ਪਰਕਰਨੀ ਸੂਰਬੀਰ ਥੀਵੇ' ਦਾ ਵਰ ਦਿੱਤਾ। ਰੰਗਰੇਟਾ ਨਾਂਅ ਦਾ ਇਤਿਹਾਸ ਵੀ ਬੜਾ ਅਜੀਬ ਹੈ। ਬਾਦਸ਼ਾਹ ਅਕਬਰ ਨੇ ਮਨੁੱਖਤਾ ਦੀ ਦੁਸ਼ਮਣੀ ਖਤਮ ਕਰਨ ਲਈ 'ਦੀਨ ਏ ਇਲਾਹੀ' ਧਰਮ ਚਲਾਇਆ, ਜਿਸ ਅਨੁਸਾਰ ਮੁਸਲਿਮ ਲੜਕਾ ਹਿੰਦੂ ਲੜਕੀ ਤੇ ਹਿੰਦੂ ਲੜਕਾ ਮੁਸਲਿਮ ਲੜਕੀ ਨਾਲ ਵਿਆਹ ਕਰਵਾ ਸਕਦਾ ਸੀ ਤੇ ਦੋਵੇਂ ਆਪਣਾ ਆਪਣਾ ਧਰਮ ਵੀ ਬਰਕਰਾਰ ਰੱਖ ਸਕਦੇ ਸਨ। ਇਹ ਦੀਨ ਏ ਇਲਾਹੀ ਧਰਮ ਹਿੰਦੂ ਬੁਨਿਆਦ ਪਰਸਤਾਂ, ਮੌਲਵੀਆਂ ਤੇ ਖਾਸ ਕਰਕੇ ਸ਼ੇਖਾਂ ਨੂੰ ਬੜਾ ਚੁੱਭਣ ਲੱਗ ਪਿਆ। ਸ਼ੇਖ ਮੁਸਲਮਾਨਾਂ ਨੇ ਦੀਨ ਏ ਇਲਾਹੀ ਧਰਮ ਦੀ ਔਲਾਦ ਨੂੰ 'ਰੰਗੜ' ਕਿਹਾ। (ਉਸ ਵਕਤ ਬ੍ਰਾਹਮਣ ਪਰੰਪਰਾ ਅਨੁਸਾਰ ਬ੍ਰਾਹਮਣ ਮਾਤਾ ਤੇ ਸ਼ੂਦਰ ਪਿਤਾ ਦੀ ਔਲਾਦ ਨੂੰ ਬ੍ਰਾਹਮਣੀ ਲੋਕ 'ਚੰਡਾਲ' ਆਖਦੇ ਸਨ।) ਇਲਾਹੀ ਧਰਮ ਦੇ ਪ੍ਰਭਾਵ ਹੇਠ ਜਿਨ੍ਹਾਂ ਬ੍ਰਾਹਮਣ ਲੜਕਿਆਂ ਨੇ ਮੁਸਲਿਮ ਲੜਕੀਆਂ ਨਾਲ ਵਿਆਹ ਕਰਵਾਏ ਸਨ, ਉਨ੍ਹਾਂ ਦੀ ਔਲਾਦ ਨੂੰ ਬ੍ਰਾਹਮਣਾਂ ਨੇ 'ਰੰਗਰੇਟਾ' ਕਿਹਾ। ਮਹਾਨ ਕੋਸ਼ ਰੰਗਰੇਟੇ ਨੂੰ ਰੰਗੜ ਦਾ ਪੁੱਤਰ ਦੱਸਦਾ ਹੈ। ਉੱਚੀਆਂ ਜਾਤਾਂ ਰੰਘਰੇਟਾ ਜਾਂ ਰੰਗੜਾਂ ਨੂੰ ਕਮੀਨਾ ਸਮਝਦੀਆਂ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਿਚਾਰ ਲੋਕਾਂ ਨੂੰ ਦਿਖਾਉਣ ਵਾਸਤੇ ਦੱਬੀ-ਕੁਚਲੀ ਜਾਤ ਰੰਘਰੇਟਿਆਂ ਨੂੰ ਆਪਣੇ ਗਲ ਲਾਇਆ ਤੇ ਭਾਈ ਜੈਤੇ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਦਾ ਖਿਤਾਬ ਦਿੱਤਾ।

ਭਾਈ ਜੈਤੇ ਦਾ ਪ੍ਰਵਾਰ ਗੁਰੂ ਤੇਗ ਬਹਾਦਰ ਜੀ ਨਾਲ ਰਹਿਣ ਕਰਕੇ ਉਨ੍ਹਾ ਨੂੰ ਗਿਆਨ ਹਾਸਲ ਕਰਨ ਦਾ ਵਧੇਰੇ ਮੌਕਾ ਮਿਲਿਆ । ਉਨ੍ਹਾਂ ਨੇ ਉੱਚ ਪਾਏ ਦੀ ਵਿਦਿਆ ਗ੍ਰਹਿਣ ਕੀਤੀ, ਜਿਸ ਵਿੱਚ ਘੋੜ ਸਵਾਰੀ, ਸ਼ਸਤਰ ਵਿਦਿਆ ਤੇ ਸ਼ਿਕਾਰ ਖੇਡਣਾ ਆਦਿ ਸੀ। ਭਾਈ ਜੈਤੇ ਨੇ ਕਈ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਬਰਿਜ, ਫਾਰਸੀ ਵੀ ਜਾਣੀ। ਉਨ੍ਹਾ ਪ੍ਰਕਿਰਤੀ ਤੇ ਤਰਕ ਗਿਆਨ ਵੀ ਹਾਸਲ ਕੀਤਾ। ਉਨ੍ਹਾ ਦੁਨੀਆ ਦੀ ਰਾਖੀ ਕਰਨ ਲਈ ਇਲਮ ਵੀ ਸਿੱਖਿਆ ਅਤੇ ਉਸ 'ਤੇ ਅਮਲ ਕੀਤਾ। ਸਭ ਤੋਂ ਵੱਡੇ ਗਿਆਨ ਉਨ੍ਹਾ ਸੱਚ ਦਾ ਪੱਲਾ ਫੜਿਆ। ਸੱਚ ਜਾਣਨ ਵਾਲਾ ਝੂਠ ਤੋਂ ਡਰਦਾ ਨਹੀਂ, ਕਿਉਂਕਿ ਸੱਚ ਦੀ ਤਲਵਾਰ ਸਟੀਲ ਦੀ ਤਲਵਾਰ ਨਾਲੋਂ ਕਿਤੇ ਵੱਧ ਤਿੱਖੀ ਹੁੰਦੀ ਹੈ।

ਗੁਰੂ ਤੇਗ ਬਹਾਦਰ ਜੀ ਨੇ ਭਾਈ ਜੈਤੇ ਦੀ ਅਕਲ ਤੇ ਹੁਨਰ ਨੂੰ ਪਹਿਚਾਣ ਕੇ ਉਨ੍ਹਾ ਨੂੰ ਪੰਜ ਪਿਆਰਿਆਂ ਵਿੱਚ ਰੱਖਿਆ ਹੋਇਆ ਸੀ। ਜਾਣਕਾਰੀ ਲਈ ਆਮ ਤੌਰ 'ਤੇ ਪ੍ਰਚੱਲਤ ਇਹ ਹੈ ਕਿ ਪੰਜ ਪਿਆਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸਾਜੇ ਸਨ। ਇਹ ਠੀਕ ਹੈ, ਪਰ ਉਨ੍ਹਾ ਤੋਂ ਪਹਿਲਾਂ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਨੇ ਪੰਜ ਪਿਆਰੇ ਨਾਮਜ਼ਦ ਕੀਤੇ ਹੋਏ ਸਨ, ਜੋ ਉਨ੍ਹਾ ਦੇ ਅੰਗ-ਸੰਗ ਰਹਿੰਦੇ ਸਨ। ਉਹ ਗੁਰੂਆਂ ਦੇ ਮੁੱਖ ਸਲਾਹਕਾਰ ਹੁੰਦੇ ਸਨ। ਹਕੀਕਤ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਪਰੰਪਰਾ ਨੂੰ ਮਜ਼ਬੂਤ ਕੀਤਾ ਸੀ।

ਗੁਰੂ ਤੇਗ ਬਹਾਦਰ ਜੀ ਦੀ ਤਾਕਤ ਵਧਦੀ ਵੇਖ ਔਰੰਗਜ਼ੇਬ ਸਹਾਰ ਨਾ ਸਕਿਆ। ਉਸ ਨੇ ਗੁਰੂ ਜੀ ਪਾਸ ਆਪਣੇ ਏਲਚੀ ਭੇਜੇ ਕੇ ਗੁਰੂ ਜੀ ਮੇਰੇ ਦਰਬਾਰ ਵਿੱਚ ਹਾਜ਼ਰ ਹੋਣ। ਗੁਰੂ ਜੀ ਆਪਣੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਨੂੰ ਨਾਲ ਲੈ ਕੇ ਦਿੱਲੀ ਪਹੁੰਚ ਗਏ। ਗੁਰੂ ਜੀ ਨੇ ਜਾਣ ਤੋਂ ਪਹਿਲਾਂ ਭਾਈ ਜੈਤੇ ਤੇ ਭਾਈ ਉਦੈ ਦੀ ਜ਼ਿੰਮੇਵਾਰੀ ਲਾਈ ਕਿ ਉਹ ਦਿੱਲੀ ਦੇ ਹਾਲਤਾਂ ਨੂੰ ਵਾਚਣ। ਭਾਈ ਜੈਤੇ ਨੂੰ ਇਹ ਵੀ ਜ਼ਿੰਮੇਵਾਰੀ ਦਿੱਤੀ ਗਈ ਕਿ ਉਹ ਸਿੱਖਾਂ ਦੇ ਹੈੱਡਕੁਆਰਟਰ ਆਨੰਦਪੁਰ ਸਾਹਿਬ ਨਾਲ ਤਾਲਮੇਲ ਰੱਖਣ ਤੇ ਗੁਰੂ ਜੀ ਪਾਸ ਡਾਕ ਪਹੁੰਚਾਉਣ ਦਾ ਕੰਮ ਵੀ ਕਰਦੇ ਰਹਿਣ।

ਹਾਲਤਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਭਾਈ ਜੈਤੇ ਨੂੰ ਆਖਿਆ ਕਿ ਉਹ ਤਿਲਕ ਤੇ ਹੋਰ ਸਮੱਗਰੀ ਲੈ ਕੇ ਆਨੰਦਪੁਰ ਜਾਵੇ ਤੇ ਗੋਬਿੰਦ ਰਾਏ ਨੂੰ ਤਿਲਕ ਲਾ ਕੇ ਗੁਰੂ ਥਾਪ ਕੇ ਆਵੇ। ਭਾਈ ਜੈਤੇ ਨੇ ਗੁਰੂ ਜੀ ਦਾ ਹੁਕਮ ਪੂਰਾ ਕੀਤਾ ਅਤੇ ਗੋਬਿੰਦ ਰਾਏ ਨੂੰ ਗੁਰੂ ਥਾਪ ਕੇ ਆਇਆ।

ਔਰੰਗਜੇਬ ਨੇ ਗੁਰੂ ਜੀ ਨੂੰ ਮੁਸਲਿਮ ਧਰਮ ਗ੍ਰਹਿਣ ਕਰਨ ਵਾਸਤੇ ਬੜਾ ਜ਼ੋਰ ਲਾਇਆ, ਪਰ ਕਾਮਯਾਬੀ ਨਾ ਮਿਲੇ। ਫਿਰ ਔਰੰਗਜ਼ੇਬ ਨੇ ਗੁਰੂ ਜੀ ਦੇ ਸਾਹਮਣੇ ਮਤੀ ਦਾਸ ਨੂੰ ਆਰੇ ਨਾਲ ਚੀਰਿਆ, ਸਤੀ ਦਾਸ ਨੂੰ ਰੂੰ ਵਿਚ ਵਲ੍ਹੇਟਿਆ ਤੇ ਅੱਗ ਲਾ ਕੇ ਸ਼ਹੀਦ ਕੀਤਾ । ਭਾਈ ਦਿਆਲਾ ਨੂੰ ਦੇਗ ਵਿੱਚ ਉਬਾਲ ਕੇ ਮੌਤ ਦੇ ਘਾਟ ਉਤਾਰਿਆ । ਔਰੰਗਜ਼ੇਬ ਨੇ ਜਦੋਂ ਵੇਖਿਆ ਕਿ ਗੁਰੂ ਤਾਂ ਡੋਲਦਾ ਹੀ ਨਹੀਂ, ਫਿਰ ਉਸ ਜ਼ਾਲਮ ਨੇ ਗੁਰੂ ਜੀ ਦਾ ਸੀਸ ਧੜ ਨਾਲੋਂ ਨਾਲੋਂ ਵੱਖ ਕਰ ਦਿੱਤਾ ।

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਸਿੱਖ ਇਕੱਠੇ ਕਰਕੇ ਕਿਹਾ ਕਿ ਹੈ ਕੋਈ ਸੂਰਮਾ ਜੋ ਮੇਰੇ ਪਿਤਾ ਜੀ ਦਾ ਮ੍ਰਿਤਕ ਸਰੀਰ ਲੈ ਕੇ ਆਵੇ। ਕੋਈ ਨਾ ਉੱਠਿਆ ਤੇ ਫਿਰ ਭਾਈ ਜੈਤਾ ਤੇ ਉਨ੍ਹਾਂ ਦੇ ਪਿਤਾ ਸੱਦਾ ਨੰਦ ਉੱਠੇ ਕਿ ਇਹ ਕੰਮ ਅਸੀਂ ਪੂਰਾ ਕਰਾਂਗੇ ਇਜਾਜ਼ਤ ਦਿੱਤੀ ਜਾਵੇ। ਇਜਾਜ਼ਤ ਮਿਲਣ ਉਪਰੰਤ ਉਹ ਦਿੱਲੀ ਗਏ ਪਰ ਪਹਿਰਾ ਬੜਾ ਸਖਤ ਸੀ। ਗੁਰੂ ਜੀ ਦੀ ਲਾਛ ਨੂੰ ਚਾਰ ਦਿਨ ਹੋ ਗਏ ਸਨ ਕੋਈ ਵੀ ਲੈਣ ਨਹੀਂ ਸੀ ਆ ਰਿਹਾ। ਭਾਈ ਜੈਤੇ ਤੇ ਉਨ੍ਹਾ ਦੇ ਪਿਤਾ ਨੇ ਇੱਕ ਗਲੀ ਥਾਣੀ ਗੁਰੂ ਜੀ ਦੇ ਮ੍ਰਿਤਕ ਸਰੀਰ ਕੋਲ ਪਹੁੰਚਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਫਾਇਦਾ ਨਾ ਹੋਇਆ। ਇਹ ਵੇਖ ਲਿਆ ਗਿਆ ਕਿ ਪਹਿਰੇਦਾਰ ਇਧਰ-ਉਧਰ ਜਾਂਦਾ ਰਹਿੰਦਾ ਹੈ। ਇਸ ਪ੍ਰਸਥਿਤੀ ਵਿੱਚ ਭਾਈ ਜੈਤੇ ਦੇ ਪਿਤਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਲਾਸ਼ ਤਾਂ ਹੀ ਚੁੱਕੀ ਜਾ ਸਕਦੀ, ਜੇ ਉਨ੍ਹਾ ਦੀ ਜਗ੍ਹਾ ਫੁਰਤੀ ਨਾਲ ਕੋਈ ਹੋਰ ਲਾਸ਼ ਰੱਖੀ ਜਾਵੇ। ਉਸ ਨੇ ਭਾਈ ਜੈਤੇ ਨੂੰ ਕਿਹਾ ਕਿ ਮੈਨੂੰ ਮਾਰ ਕੇ ਮੇਰੀ ਲਾਸ਼ ਉਥੇ ਰੱਖ ਦੇ ਤੇ ਗੁਰੂ ਜੀ ਦੀ ਲਾਸ਼ ਚੁੱਕ ਕੇ ਲੈ ਜਾ। ਭਾਈ ਜੈਤੇ ਨੇ ਇਸੇ ਤਰ੍ਹਾਂ ਹੀ ਕੀਤਾ। ਭਾਈ ਜੈਤਾ ਸੀਸ ਲੈ ਕੇ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਹੁੰਚ ਗਿਆ। ਪਹੁੰਚਣ 'ਤੇ ਗੁਰੂ ਜੀ ਪਾਸ ਨੇ ਭਾਈ ਜੈਤੇ ਨੂੰ ਗਲ ਨਾਲ ਲਾਇਆ ਤੇ 'ਰੰਘਰੇਟੇ ਗੁਰੂ ਕੇ ਬੇਟੇ' ਅਤੇ ਆਪਣੀ ਫੌਜ ਦੇ ਕਮਾਂਡਰ ਦਾ ਖਿਤਾਬ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗਲਾਂ ਨੇ ਆਨੰਦਗੜ੍ਹ ਕਿਲ੍ਹੇ ਵਿੱਚ ਘੇਰ ਲਿਆ ਅਤੇ ਭਾਈ ਜੈਤੇ ਨੇ ਬਾਹਰ ਕੱਢਿਆ। ਮੁਗਲਾਂ ਨੇ ਗੁਰੂ ਜੀ ਨੂੰ ਫਿਰ ਚਮਕੌਰ ਦੀ ਗੜ੍ਹੀ ਵਿੱਚ ਘੇਰ ਲਿਆ। ਭਾਈ ਜੈਤਾ ਗੁਰੂ ਜੀ ਦਾ ਰੂਪ ਧਾਰ ਕੇ ਗੁਰੂ ਜੀ ਨੂੰ ਫਿਰ ਬਾਹਰ ਕੱਢਣ ਵਿੱਚ ਕਾਮਯਾਬ ਹੋ ਗਿਆ। ਭਾਈ ਜੈਤਾ ਆਪ ਪਿਛੇ ਮੁਗਲਾਂ ਦਾ ਮੁਕਾਬਲਾ ਕਰਦਾ ਹੋਇਆ 23 ਦਸੰਬਰ 1707 ਈਸਵੀ ਨੂੰ ਸ਼ਹਾਦਤ ਦਾ ਜਾਮ ਪੀ ਗਿਆ।

**ਸੀ ਪੀ ਆਈ ਕੌਮੀ ਕੌਂਸਲ ਮੈਂਬਰ।**

**# ਸੰਪਰਕ : 98760-78731**

# ਨਾਨਕ ਫਿਕੈ ਬੋਲੀਐ



**ਤਰਸੇਮ ਸਿੰਘ ਭੰਗੂ**

ਸਿਆਣਿਆਂ ਦਾ ਕਥਨ ਹੈ ਕਿ ਮਨੁੱਖੀ ਜੀਵਨ ਵਿੱਚ ਵਿਚਰਦਿਆਂ ਮਨੁੱਖ ਦੀ ਸ਼ਖਸੀਅਤ ਦੀ ਨਿਸ਼ਾਨਦੇਹੀ ਤਿੰਨਾਂ ਗੱਲਾਂ ਤੋਂ ਹੁੰਦੀ ਹੈ। ਰਫਤਾਰ, ਦਸਤਾਰ ਅਤੇ ਗੁਫਤਾਰ: ਭਾਵ ਬੰਦੇ ਦੀ ਤੋਰ ਵਿਚ ਰਵਾਨੀ ਤੋਂ ਉਸ ਦੀ ਚੁਸਤੀ ਅਤੇ ਚੰਗੀ ਸਿਹਤ ਨਜ਼ਰ ਆਉਂਦੀ ਹੈ। ਦਸਤਾਰ ਪਹਿਨਣ-ਪਚਰਣ ਦਾ ਸਲੀਕਾ ਜ਼ਾਹਰ ਕਰਦੀ ਹੈ ਅਤੇ ਗੁਫਤਾਰ, ਯਾਨੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨਾ ਕੁ ਸਿਆਣਾ ਹੈ।

ਸਿਆਣੇ ਆਖਦੇ ਹਨ ਕਿ ਬੰਦਾ ਗੰਢ ਦਾ ਭਾਵੇਂ ਕੱਚਾ ਹੋਵੇ, ਪਰ ਜ਼ੁਬਾਨ ਦਾ ਕੱਚਾ ਨਹੀਂ ਹੋਣਾ ਚਾਹੀਦਾ।

"ਕੌੜੇ ਬੋਲ ਨਾ ਬੋਲੀਏ ਕਰਤਾਰੋਂ ਡਰੀਏ।"

ਅੱਜ ਸਾਡੇ ਵਿੱਚ ਐਨਾ ਨਿਘਾਰ ਆ ਗਿਆ ਹੈ ਕਿ ਅਸੀਂ ਕੁਝ ਵੀ ਬੋਲਣ ਤੋਂ ਪਹਿਲਾਂ ਬਿਲਕੁੱਲ ਹੀ ਨਹੀਂ ਸੋਚਦੇ ਕਿ ਜੋ ਬੋਲ ਰਹੇ ਹਾਂ, ਕੀ ਉਹ ਵਾਜਬ ਹੈ ?

ਤਿੰਨ ਫੁੱਟ ਲੰਮੀ ਤਲਵਾਰ ਦਾ ਫੱਟ ਤਾਂ ਸਮੇਂ ਨਾਲ ਭਰ ਜਾਂਦਾ ਹੈ ਪਰ ਦੋ ਇੰਚੀ ਜੀਭ ਦਾ ਲੱਗਾ ਫੱਟ ਸਦਾ ਹੀ ਚੀਸਾਂ ਮਾਰਦਾ ਰਹਿੰਦਾ ਹੈ। ਅਖੇ, "ਬੋਲ ਸ਼ਰੀਕਾਂ ਦੇ ਸਦਾ ਰੜਕਦੇ ਰਹਿੰਦੇ"

ਸਮਾਜਿਕ ਜੀਵਨ ਵਿੱਚ ਇਹ ਵੀ ਆਮ ਸੁਣਿਆ ਜਾਂਦਾ ਹੈ ਕਿ ਸ਼ਰੀਕ ਸਿਰਫ ਜੰਵ ਲੈ ਕੇ ਹੀ ਨਹੀਂ ਢੁਕਦਾ, ਬਾਕੀ ਕੋਈ ਕਸਰ ਨਹੀਂ ਛੱਡਦਾ। ਇਸ ਮਾਮਲੇ ਵਿਚ ਸਿਆਸੀ ਲੋਕਾਂ ਦਾ ਤਾਂ ਭੱਠਾ ਹੀ ਬੈਠਾ ਹੋਇਆ ਹੈ, ਉਹ ਬੋਲਣ ਲੱਗੇ ਅਗਲੇ ਦੇ ਰੁਤਬੇ ਦਾ ਖਿਆਲ ਵੀ ਨਹੀਂ ਰੱਖਦੇ। ਸਿਆਸੀ ਲੋਕ ਆਪਸ ਵਿੱਚ ਸ਼ਰੀਕ ਨਾ ਹੁੰਦੇ ਹੋਏ ਵੀ ਸੱਜਰੇ ਸ਼ਰੀਕ ਬਣ ਕੇ ਸ਼ਰੀਕੇਬਾਜ਼ੀ ਨਿਭਾਉਂਦੇ ਹੋਏ ਆਪਣੇ ਵਿਰੋਧੀਆਂ ਵਾਸਤੇ ਅਜਿਹੀ ਭਾਸ਼ਾ ਵਰਤਦੇ ਹਨ ਕਿ ਸੁਣਨ ਵਾਲੇ ਤਾਂ ਸ਼ਰਮਿੰਦਾ ਹੁੰਦੇ ਹੀ ਹਨ, ਪਰ ਬੋਲਣ ਵਾਲੇ ਰਤਾ ਭਰ ਵੀ ਸ਼ਰਮਿੰਦਾ ਨਹੀਂ ਹੁੰਦੇ। ਸਿਆਣੇ ਆਖਦੇ ਹਨ ਕਿ ਦੱਬੇ ਮੁਰਦੇ ਨਾ ਪੁੱਟੋ ਕਈ ਵਾਰ ਮੁਰਦੇ ਬੋਲਣ ਵੀ ਲੱਗ ਪੈਂਦੇ ਹਨ। ਇਸ ਮਾਮਲੇ ਵਿਚ ਆਧੁਨਿਕ 'ਤਰੱਕੀ' ਦੇ ਨਾਂਅ 'ਤੇ ਸੋਸ਼ਲ ਮੀਡੀਆ ਨੇ ਵੱਡੀ ਭੂਮਿਕਾ ਨਿਭਾਈ ਹੈ। ਤੁਸੀਂ ਲਾਈਵ ਇਕ-ਦੂਜੇ ਨੂੰ ਮਿਹਣੇ ਵੱਜਦੇ ਸੁਣ ਸਕਦੇ ਹੋ। ਬੋਲਣ ਤੋਂ ਪਹਿਲਾਂ ਤੋਲਣਾ ਬਹੁਤ ਜ਼ਰੂਰੀ ਹੁੰਦਾ ਹੈ।

ਮਰਯਾਦਾ ਦਾ ਖਿਆਲ ਰੱਖਣਾ ਚਾਹੀਦਾ ਹੈ, ਨਹੀਂ ਤਾਂ ਤੁਹਾਨੂੰ ਆਪਣੇ ਬੋਲੇ ਬੋਲਾਂ ਦਾ ਪਛਤਾਵਾ ਵੀ ਹੋ ਸਕਦਾ ਹੈ ਅਤੇ ਸ਼ਰਮਿੰਦੇ ਵੀ ਹੋਣਾ ਪੈ ਸਕਦਾ ਹੈ। ਕਹਿੰਦੇ ਨੇ, "ਗੱਲ ਜ਼ੁਬਾਨੋਂ ਤੀਰ ਕਮਾਨੋਂ" ਨਿਕਲੇ ਵਾਪਸ ਨਹੀਂ ਮੁੜਦੇ। ਗੱਲ ਕਹਿੰਦੀ ਹੈ ਕਿ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕਢਵਾ ਦਿਆਂਗੀ। ਮਨੁੱਖੀ ਫਿਤਰਤ ਹੈ ਕਿ ਉਹ ਆਪਣੇ-ਆਪ ਨੂੰ ਹੀ ਸਭ ਤੋਂ ਵੱਧ ਸਿਆਣਾ ਸਮਝਦਾ ਹੈ। ਆਪਣੇ ਬੋਲਾਂ ਨੂੰ ਹੀ ਰੱਬੀ ਫੁਰਮਾਨ ਆਖਦਾ ਹੈ। ਕਦੀ 'ਮੁੰਨੀ' ਨੂੰ ਬਦਨਾਮ ਕਹਿਣ ਵਾਲਾ ਸਮੇਂ ਦੇ ਬਦਲਣ ਨਾਲ ਉਸੇ ਮੁੰਨੀ ਦੇ ਪੈਰਾਂ ਵਿਚ ਡਿੱਗਾ ਵੀ ਨਜ਼ਰ ਆਉਂਦਾ ਹੈ, 'ਪੱਪੂ' ਕਦੋਂ ਪਾਸ ਹੋ ਕੇ ਕਿਹੜੇ ਵੇਲੇ ਸਿਆਣਾ ਬਣ ਗਿਆ, ਪਤਾ ਹੀ ਨਹੀਂ ਲੱਗਾ। ਅਜਿਹੇ ਲੋਕਾਂ ਦੇ ਰੰਗ ਵੇਖ ਕੇ ਗਿਰਗਿਟ ਵੀ ਜ਼ਰੂਰ ਸ਼ਰਮਿੰਦੀ ਹੁੰਦੀ ਹੋਵੇਗੀ। ਜਦੋਂ ਨੇਤਾ ਲੋਕ ਡੱਡੂ ਟਪੂਸੀ ਮਾਰ ਕੇ ਦੂਜੇ ਪਾਸੇ ਜਾਂਦੇ ਹਨ ਤਾਂ ਪਹਿਲਿਆਂ ਨੂੰ ਪਾਣੀ ਪੀ-ਪੀ ਕੇ ਕੋਸਦੇ ਸਾਰਾ ਹੀਜ਼-ਪਿਆਜ ਫਰੋਲ ਕੇ ਰੱਖ ਦਿੰਦੇ ਹਨ। ਅਜਿਹੇ ਲੋਕਾਂ ਦਾ ਪੰਜਾਬੀ ਲੋਕ ਬੋਲੀ ਵਾਲਾ ਹਾਲ ਹੈ, ਅਖੇ, "ਯਾਰੀ ਲੱਗੀ ਤੋਂ ਲਵਾ 'ਤੇ ਤਖਤੇ ਟੁੱਟੀ ਤੋਂ ਚੁਗਾਠ ਪੱਟ ਲਈ"। ਇੱਥੇ ਮਿਥਿਹਾਸਕ ਕਥਾ ਮਹਾਂਭਾਰਤ ਦਾ ਹਵਾਲਾ ਦੇਣਾ ਕੁਥਾਂ ਨਹੀਂ ਹੋਵੇਗਾ। ਦਰੋਪਤੀ ਦਾ ਇਕ ਬੋਲ,

"ਅੰਨ੍ਹੇ ਦਾ ਪੁੱਤ ਅੰਨ੍ਹਾ ਹੀ ਨਿਕਲਿਆ।"

ਇਹ ਬੋਲ ਸੁਣ ਕੇ ਦੁਰਯੋਧਨ ਦਾ ਪ੍ਰਣ ਕਰਨਾ ਕਿ "ਇਕ ਦਿਨ ਭਰੀ ਸਭਾ ਵਿੱਚ ਤੈਨੂੰ ਆਪਣੀ ਜਾਂਘ 'ਤੇ ਬਿਠਾ ਕੇ ਤੇਰਾ ਹੰਕਾਰ ਤੋੜਾਂਗਾ"।

ਪਰ੍ਹੇ ਵਿੱਚ ਬੇਪੱਤ ਹੋਈ ਦਰੋਪਤੀ ਨੇ ਆਪਣੇ ਪੰਜਾਂ ਪਤੀਆਂ ਨੂੰ ਕਹਿਣਾ ਕਿ "ਮੈਂ ਆਪਣੇ ਖੁੱਲ੍ਹੇ ਵਾਲ਼ ਉਦੋਂ ਹੀ ਬੰਨ੍ਹਾਂਗੀ, ਜਦੋਂ ਦਰਯੋਧਨ ਦੇ ਦਿਲ ਦੇ ਖ਼ੂਨ ਨਾਲ ਵਾਲਾਂ ਨੂੰ ਧੋ ਨਹੀਂ ਲੈਂਦੀ।"

ਇਨ੍ਹਾਂ ਨਫਰਤ ਭਰੇ ਦੋਪਾਸੜ ਬੋਲਾਂ ਨੇ ਭਾਰਤੀ ਸੰਸਕ੍ਰਿਤੀ ਵਿਚ ਮਹਾਂਭਾਰਤ ਵਰਗੇ ਯੁੱਧ ਨੂੰ ਜਨਮ ਦਿੱਤਾ। ਇਹ ਭਾਰਤ ਦੇ ਇਤਿਹਾਸ ਦਾ ਸਭ ਤੋਂ ਵੱਡਾ ਯੁਧ ਕਿਹਾ ਜਾਂਦਾ ਹੈ, ਜੋ ਚਾਚੇ-ਤਾਏ ਦੇ ਪੁੱਤਾਂ ਵਿਚਕਾਰ ਲੜਿਆ ਗਿਆ। ਅਜਿਹੀ ਸਥਿਤੀ ਅੱਜ ਭਾਰਤੀ ਰਾਜਨੀਤੀ ਵਿੱਚ ਵੇਖਣ ਨੂੰ ਮਿਲ ਰਹੀ ਹੈ।

ਸਾਡੇ ਮਨ ਵਿਚ ਜੋ ਕੁਝ ਰਿੱਝਦਾ ਹੁੰਦਾ ਹੈ, ਉਹੋ ਕੁਝ ਹੀ ਸਾਡੀ ਜ਼ੁਬਾਨ 'ਤੇ ਆ ਜਾਂਦਾ ਹੈ। ਕੁਦਰਤ ਨੇ ਮਨੁੱਖ ਦੀ ਜੀਭ ਨੂੰ ਬੱਤੀ ਦੰਦਾਂ ਵਿਚਕਾਰ ਸ਼ਾਇਦ ਇਸ ਲਈ ਹੀ ਰੱਖਿਆ ਹੋਵੇਗਾ ਤਾਂ ਕਿ ਇਹ ਜ਼ਿਆਦਾ ਲਮਕ ਨਾ ਸਕੇ, ਤਾਂ ਹੀ ਤੇ ਜ਼ਿਆਦਾ ਬੋਲਣ ਵਾਲੇ ਨੂੰ ਆਖਦੇ ਹਨ, "ਤੇਰੀ ਜੀਭ ਕੁਝ ਜ਼ਿਆਦਾ ਹੀ ਲੰਮੀ ਹੋ ਗਈ ਹੈ।' ਜੀਭ ਵਿੱਚ ਹੱਡੀ ਨਹੀਂ ਹੁੰਦੀ, ਪਰ ਇਹ ਹੱਡ ਜ਼ਰੂਰ ਤੁੜਵਾ ਦੇਂਦੀ ਹੈ। ਸੋ ਸਾਨੂੰ ਅਜਿਹੀ ਬੋਲਬਾਣੀ ਤੋਂ ਹਮੇਸ਼ਾ ਗੁਰੇਜ਼ ਕਰਨਾ ਚਾਹੀਦਾ ਹੈ,ਜੋ ਦੂਸਰਿਆਂ ਦਾ ਦਿਲ ਦੁਖਾਏ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, "ਜਬ ਲਗ ਦੁਨੀਆ ਰਹੀਏ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਭਾਵ ਇਕ-ਦੂਸਰੇ ਨਾਲ ਸਾਨੂੰ ਸਕਾਰਾਤਮਕ ਵਿਚਾਰ ਸਾਂਝੇ ਜ਼ਰੂਰ ਕਰਨੇ ਚਾਹੀਦੇ ਹਨ, ਪਰ ਅਜਿਹੇ ਬੋਲ ਕਦੇ ਵੀ ਨਹੀਂ ਬੋਲਣੇ ਚਾਹੀਦੇ, ਜੋ ਤਨ ਅਤੇ ਮਨ ਨੂੰ ਦੁੱਖ ਦੇਣ। ਗੁਰੂ ਜੀ ਫਰਮਾਉਂਦੇ ਹਨ :

"ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ"

**# ਸੰਪਰਕ : 94656-56214**

# ਗਰਦਸ਼ 'ਚ ਚਮਕਦਾ ਸੂਰਜ ਸ਼ਹੀਦ ਅਸ਼ਫਾਕ ਉੱਲਾ ਖਾਂ

**ਅਮੋਲਕ ਸਿੰਘ**



ਸ਼ਹੀਦ ਅਸ਼ਫਾਕ ਉੱਲਾ ਖਾਂ ਦੀ ਅਮਿੱਟ ਕੁਰਬਾਨੀ ਅਦੁੱਤੀ ਹੈ। ਅਸ਼ਫਾਕ ਉੱਲਾ ਖਾਂ ਦਾ ਜਨਮ 22 ਅਕਤੂਬਰ 1900 ਨੂੰ ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਵਿੱਚ ਹੋਇਆ ।ਉਹ ਬਚਪਨ ਤੋਂ ਹੀ ਸੁਤੰਤਰਤਾ ਸੰਗਰਾਮੀਆਂ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਹੋਣ ਲੱਗਾ। ਅਸ਼ਫਾਕ ਉੱਲਾ ਨੇ 1920 ਦੇ ਨਾ-ਮਿਲਵਰਤਣ ਅੰਦੋਲਨ ਦੌਰਾਨ ਸਕੂਲ ਦੀ ਪੜ੍ਹਾਈ ਛੱਡ ਦਿੱਤੀ ਅਤੇ ਆਜ਼ਾਦੀ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਲੋਕਾਂ ਨੂੰ ਇਨਕਲਾਬੀ ਲਹਿਰ ਨਾਲ ਜੋੜਨਾ ਸ਼ੁਰੂ ਕੀਤਾ । ਇਨਕਲਾਬੀਆਂ ਨੂੰ ਆਪਣੇ ਸੰਘਰਸ਼ ਲਈ ਹਥਿਆਰਾਂ ਅਤੇ ਪੈਸੇ ਦੀ ਲੋੜ ਸੀ। ਇਸ ਲਈ ਉਨ੍ਹਾਂ 7 ਅਗਸਤ 1925 ਨੂੰ ਸ਼ਾਹਜਹਾਂਪੁਰ ਵਿਚ ਇਕ ਮੀਟਿੰਗ ਬੁਲਾਈ। ਮੀਟਿੰਗ 'ਚ ਆਜ਼ਾਦੀ ਸੰਗਰਾਮ ਦੀਆਂ ਸਰਗਰਮੀਆਂ ਤੇਜ਼ ਕਰਨ ਦੀਆਂ ਲੋੜਾਂ ਦੀ ਪੂਰਤੀ ਲਈ ਸਰਕਾਰੀ ਖ਼ਜ਼ਾਨੇ ਉੱਪਰ ਹੱਲਾ ਬੋਲਣ ਦਾ ਫ਼ੈਸਲਾ ਹੋਇਆ । 9 ਅਗਸਤ 1925 ਨੂੰ ਸਚਿੰਦਰਨਾਥ ਬਖ਼ਸ਼ੀ, ਰਾਜਿੰਦਰ ਨਾਥ ਲਹਿਰੀ, ਰਾਮ ਪ੍ਰਸਾਦ ਬਿਸਮਿਲ ਅਤੇ ਅਸ਼ਫ਼ਾਕ ਉੱਲਾ ਖਾਂ ਸਮੇਤ ਦਸ ਇਨਕਲਾਬੀ ਸ਼ਾਹਜਹਾਂਪੁਰ ਤੋਂ ਲਖਨਊ ਪੁੱਜੇ । ਕਾਕੋਰੀ ਰੇਲਵੇ ਸਟੇਸ਼ਨ 'ਤੇ ਅਸ਼ਫਾਕ ਤੇ ਉਸ ਦੇ ਸਾਥੀਆਂ ਨੇ ਖ਼ਜ਼ਾਨੇ ਵਾਲੀ ਪੇਟੀ ਤੋੜ ਲਈ ਅਤੇ ਸਾਰੇ ਉਥੋਂ ਗਾਇਬ ਹੋ ਗਏ। ਚਾਰੇ ਪਾਸੇ ਕਾਕੋਰੀ ਕਾਂਡ ਦੇ ਚਰਚੇ ਹੋਣ ਲੱਗੇ। ਕ੍ਰਾਂਤੀਕਾਰੀਆਂ ਨੂੰ ਫੜਨ ਲਈ ਮੁਹਿੰਮ ਤੇਜ਼ ਹੋ ਗਈ। ਮੁਖ਼ਬਰੀ ਕਾਰਨ ਬਿਸਮਿਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਅਸ਼ਫਾਕ ਫ਼ਰਾਰ ਹੋ ਗਿਆ। ਕੁਝ ਸਮੇਂ ਬਾਅਦ ਉਸ ਦੇ ਇੱਕ ਨਜ਼ਦੀਕੀ ਨੇ ਧੋਖੇ ਨਾਲ ਅਸ਼ਫਾਕ ਨੂੰ 8 ਸਤੰਬਰ 1926 ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਮੁਕੱਦਮੇ ਬਾਅਦ ਅਸ਼ਫਾਕ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ । ਅਸ਼ਫਾਕ ਉੱਲਾ ਹੱਸ ਕੇ ਫਾਂਸੀ ਦਾ ਰੱਸਾ ਚੁੰਮ ਗਏ।

ਸਾਡੇ ਸਮਿਆਂ ਅੰਦਰ ਅਸ਼ਫਾਕ ਉੱਲਾ ਖਾਂ ਦੀ ਲਾਸਾਨੀ ਸ਼ਹਾਦਤ ਅਨੇਕਾਂ ਮੁੱਲਵਾਨ ਸਬਕ ਸਿਰਜਦੀ ਹੈ।

ਅੱਜ ਜਿਵੇਂ ਮੁਸਲਮਾਨ ਭਾਈਚਾਰੇ ਨੂੰ ਬੇਆਬਰੂ ਕਰਨ, ਚੋਣਵੇਂ ਹਮਲਿਆਂ ਦਾ ਪੂਰੀ ਬੇਹਯਾਈ ਨਾਲ ਨਿਸ਼ਾਨਾ ਬਣਾਉਣ ਦਾ ਧੰਦਾ ਮੋਦੀ,ਅਮਿਤ ਸ਼ਾਹ ਹਕੂਮਤ ਨੇ ਫੜ ਰੱਖਿਆ ਹੈ, ਇਹ ਆਪਣੇ ਆਪ ਵਿੱਚ ਆਜ਼ਾਦੀ ਸੰਗਰਾਮ ਚ ਆਪਣਾ ਸਭ ਕੁਝ ਵਾਰਨ ਵਾਲਿਆਂ ਦੀ ਤੌਹੀਨ ਹੈ।

ਸ਼ਹੀਦ ਅਸ਼ਫਾਕ ਉੱਲਾ ਖ਼ਾਨ ਦੇ ਇੱਕ ਪੱਤਰ ਦੇ ਕੁੱਝ ਅੰਸ਼ ਉਸ ਦੀ ਜ਼ਿੰਦਗੀ ਦਾ ਦਰਪਣ ਪੇਸ਼ ਕਰਦੇ ਹਨ:

'ਤੁਹਾਨੂੰ ਪਤਾ ਹੈ ਕਿ ਮੇਰੇ ਕੋਲ ਫੁੱਟੀ ਕੌਡੀ ਵੀ ਨਹੀਂ, ਜਿਸ ਨਾਲ਼ ਮੈਂ ਕੰਮ ਚਲਾ ਸਕਾਂ।ਨੌਕਰੀ ਦਾ ਅਰਥ ਹੈ ਕਿ ਮੈਂ ਅਪਣੀਆਂ ਭਾਵਨਾਵਾਂ ਦਾ ਖਣਨ ਕਰ ਦੇਵਾਂ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੈਂ ਅਜ਼ਾਦ ਜ਼ਿੰਦਗੀ ਜਿਉਣਾ ਚਾਹੁੰਦਾ ਹਾਂ।ਮੈਂ ਤਾਂ ਅਜ਼ਾਦੀ ਦਾ ਆਸ਼ਕ ਹਾਂ ਤੇ ਉਸ ਦੀ ਇੱਕ ਝਲਕ ਵੇਖਣ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਸਕਦਾ ਹਾਂ।ਗੁਲਾਮੀ ਦੀ ਮਾਲਾ ਚਾਹੇ ਕਿਸੇ ਵੀ ਤਰ੍ਹਾਂ ਦੀ ਹੋਵੇ ਮੈਂ ਅਪਣੇ ਗਲੇ 'ਚ ਪਹਿਨਣਾ ਨਹੀਂ ਚਾਹੁੰਦਾ।ਗੁਲਾਮੀ ਦਾ ਮਨ 'ਚ ਵਿਚਾਰ ਆਂਉਦਿਆਂ ਹੀ ਮੈਂ ਘੰਟਿਆਂਬੱਧੀ ਰੋਂਦਾ ਰਹਿੰਦਾ ਹਾਂ।ਪਰ ਰਿਸ਼ਤੇਦਾਰਾਂ ਦੀ ਇੱਛਾ ਹੈ ਕਿ ਮੈਂ ਨੌਕਰੀ ਕਰ ਲਵਾਂ ਤੇ ਅਪਣੀ ਬਿਰਧ ਮਾਂ ਦੀ ਸੇਵਾ ਕਰਾ। ਗੱਲ ਕਾਫੀ ਹੱਦ ਤੱਕ ਠੀਕ ਵੀ ਹੈ, ਪਰ ਫਿਰ ਮੈਨੂੰ ਦੇਸ਼ ਦੀਆਂ ਮਾਵਾਂ ਦਾ ਖਿਆਲ ਆਉਂਦਾ ਹੈ।

ਜੇ ਮੈਂ ਅੱਜ ਭੋਪਾਲ 'ਚ ਨੌਕਰੀ ਕਰਨੀ ਚਾਹਾਂ ਤਾਂ ਸਰ ਅਸਰਾਰ ਹਸਨ ਖਾਨ ਮੈਨੂੰ ਕੋਈ ਨਾ ਕੋਈ ਨੌਕਰੀ ਦਿਵਾ ਦੇਣਗੇ ।ਮੇਰੇ ਭਰਾ ਨੇ ਮੈਨੂੰ ਉਹਨਾ ਨੂੰ ਮਿਲਣ ਲਈ ਕਿਹਾ ਤੇ ਉਹਨਾ ਦੀ ਸਿਫਾਰਸ਼ ਨਾਲ਼ ਮੈਨੂੰ ਫੌਜ 'ਚ ਸੂਬੇਦਾਰੀ ਤੁਰੰਤ ਮਿਲ ਜਾਵੇਗੀ, ਪਰ ਇਸ ਨਾਲ਼ ਮੇਰੀਆਂ ਸਾਰੀਆਂ ਯੋਜਨਾਵਾਂ 'ਤੇ ਪਾਣੀ ਫਿਰ ਜਾਵੇਗਾ। ਮੈਂ ਸਿਰਫ ਇਸ ਲਈ ਤਾਂ ਆਪਣੇ ਜੀਵਨ ਨੂੰ ਪਿਆਰ ਨਹੀਂ ਕਰਦਾ ਕਿ ਖੂਬ ਰੁਪਏ ਕਮਾਵਾਂ ਤੇ ਮੌਜਾਂ ਕਰਾਂ, ਸਗੋਂ ਮੈਂ ਤਾਂ ਇਸ ਲਈ ਜਿਉਂਦਾ ਰਹਿਣਾ ਚਾਹੁੰਦਾ ਹਾਂ ਕਿ ਮਾਤ ਭੂਮੀ ਲਈ ਅਜ਼ਾਦੀ ਪ੍ਰਾਪਤ ਕਰ ਸਕਾਂ।ਮੈਂ ਵੱਡੇ ਤੋਂ ਵੱਡੇ ਖ਼ਤਰੇ ਦੀ ਵੀ ਕੋਈ ਚਿੰਤਾ ਨਹੀਂ ਕਰਦਾ ਤੇ ਨਾ ਮੈਨੂੰ ਇਸ ਗੱਲ ਦਾ ਫਿਕਰ ਹੈ ਕਿ ਦੁਨੀਆ ਮੈਨੂੰ ਦੀਵਾਨਾ ਜਾਂ ਪਾਗਲ ਕਹਿੰਦੀ ਹੈ। ਇਹ ਮੇਰਾ ਵਿਸ਼ਵਾਸ ਹੈ ਕਿ ਮੈਂ ਇਸ ਲਈ ਹੀ ਜੀਵਾਂਗਾ ਤੇ ਇਸ ਲਈ ਹੀ ਮਰਾਂਗਾ।'

ਅਜੋਕੀ ਜਵਾਨੀ ਨੂੰ ਇਸ ਵਡਮੁੱਲੇ ਇਤਿਹਾਸ ਤੋਂ ਅਣਭਿੱਜ ਰੱਖਣ ਲਈ ਹਰ ਤਰ੍ਹਾਂ ਦੇ ਪਾਪੜ ਵੇਲੇ ਜਾ ਰਹੇ ਹਨ । ਜੇ ਸਾਡਾ ਲੁੱਟਿਆ-ਪੁੱਟਿਆ ਅਤੇ ਕੁੱਟਿਆ ਜਾ ਰਿਹਾ ਸਮਾਜ ਇਸ ਇਤਿਹਾਸ ਨੂੰ ਗਲ਼ ਨਾਲ ਲਾਉਣ ਲੱਗ ਜਾਏ ਤਾਂ ਸਥਾਪਤੀ ਦੇ ਝੂਠ ਦੇ ਪੁਲੰਦੇ ਅਤੇ ਸ਼ਾਤਰਾਨਾ ਚਾਲਾਂ ਨੂੰ ਲੋਕ ਧੂੜ 'ਚ ਮਿਲਾ ਦੇਣਗੇ । ਇਹ ਲੋਕ ਆਪਣੇ ਅਮਰ ਸ਼ਹੀਦਾਂ ਦੀ ਵਿਰਾਸਤ ਦੇ ਫੁੱਲ ਖਿੜਨ, ਲਾਉਣ ਲਈ ਸੰਗਰਾਮੀ ਰਾਹਾਂ 'ਤੇ ਤੁਰ ਪੈਣਗੇ।

ਸਾਰਾ ਢੋਲ-ਢਮੱਕਾ ਅਤੇ ਤਾਣਾ-ਬਾਣਾ ਇਸ ਲਈ ਹੀ ਹੈ ਕਿ ਲੋਕਾਂ ਨੂੰ ਆਪਣੀ ਅਮੀਰ ਵਿਰਾਸਤ ਨਾਲੋਂ ਕੱਟ ਕੇ ਝੂਠ ਦੇ ਪੁਲੰਦਿਆਂ ਨੂੰ ਇਤਿਹਾਸ ਬਣਾ ਕੇ ਪੇਸ਼ ਕੀਤਾ ਜਾਏ।

**#ਸੰਪਰਕ: 98778 -68710**

23-DEC-PAGE-5.qxd 12/22/2023 10:39 PM Page 1



# ਮੋਦੀ ਸਰਕਾਰ ਦੀ ਤਾਨਾਸ਼ਾਹੀ ਖਿਲਾਫ 'ਇੰਡੀਆ' ਅਲਾਇੰਸ ਵੱਲੋਂ ਅਰਥੀ ਫੂਕ ਪ੍ਰਦਰਸ਼ਨ


ਤਲਵੰਡੀ ਸਾਬੋ


ਸ੍ਰੀ ਮੁਕਤਸਰ ਸਾਹਿਬ


ਫਿਰੋਜ਼ਪੁਰ

**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**

ਮੋਦੀ ਸਰਕਾਰ ਦੀ ਤਾਨਾਸ਼ਾਹੀ ਖਿਲਾਫ 'ਇੰਡੀਆ' ਅਲਾਇੰਸ ਦੇ ਦੇਸ਼ ਵਿਆਪੀ ਸੱਦੇ 'ਤੇ ਵੱਖ ਵੱਖ ਪਾਰਟੀਆਂ ਵੱਲੋਂ ਸਾਂਝੇ ਤੌਰ 'ਤੇ ਵੱਖ ਵੱਖ ਥਾਈਂ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਇਸੇ ਤਹਿਤ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਹਦਾਇਤ 'ਤੇ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਵੱਲੋਂ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਰਾਜਨ ਗਰਗ ਦੀ ਅਗਵਾਈ ਵਿੱਚ ਮੋਦੀ ਸਰਕਾਰ ਖਿਲਾਫ 146 ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰਾਂ ਨੂੰ ਸਸਪੈਂਡ ਕਰਨ ਵਿਰੁੱਧ ਜ਼ਬਰਦਸਤ ਪ੍ਰਦਰਸ਼ਨ ਕੀਤਾ ਗਿਆ। ਕਾਂਗਰਸ ਭਵਨ ਤੋਂ ਚੱਲ ਕੇ ਰੇਲਵੇ ਸਟੇਸ਼ਨ ਤੱਕ ਮਾਰਚ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਰਥੀ ਫੂਕ ਕੇ ਮੁਜ਼ਾਹਰਾ ਕੀਤਾ ਗਿਆ। ਪੰਜਾਬ ਪ੍ਰਧਾਨ ਦੀ ਹਦਾਇਤ 'ਤੇ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਮੋਦੀ ਸਰਕਾਰ ਖਿਲਾਫ ਹੋਏ ਇਸ ਪ੍ਰਦਰਸ਼ਨ ਵਿੱਚ ਸਮੁੱਚੀ ਕਾਂਗਰਸ ਲੀਡਰਸ਼ਿਪ ਸਮੂਹ ਕੌਂਸਲਰ, ਵੱਖ ਵੱਖ ਵਿੰਗਾਂ ਦੇ ਅਹੁਦੇਦਾਰ ਸਾਹਿਬਾਨ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਵਰਕਰ ਸ਼ਾਮਲ ਹੋਏ ਤੇ ਮੋਦੀ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ। ਰੇਲਵੇ ਸਟੇਸ਼ਨ ਨਜ਼ਦੀਕ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਰਾਜਨ ਗਰਗ, ਅਰੁਣ ਵਧਾਵਨ, ਕੇ ਕੇ ਅਗਰਵਾਲ ਤੇ ਪਵਨ ਮਾਨੀ ਨੇ ਸੰਬੋਧਨ ਕਰਦੇ ਹੋਏ ਦੋਸ਼ ਲਾਏ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚੋਣਾਂ ਵੇਲੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ, ਜਿਸ ਕਰਕੇ ਅੱਜ ਲੋਕ ਸਭਾ ਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਲੋਕ ਸਭਾ ਮੈਂਬਰ ਸਵਾਲ ਕਰਦੇ ਹਨ ਤਾਂ ਮੋਦੀ ਸਰਕਾਰ ਉਸ ਆਵਾਜ਼ ਨੂੰ ਦਬਾਉਣ ਲਈ ਉਨ੍ਹਾਂ ਨੂੰ ਮੁਅਤਲ ਕਰ ਰਹੀ ਹੈ, ਜਿਸ ਤੋਂ ਸਰਕਾਰ ਦੀ ਬੁਖਲਾਹਟ ਸਾਹਮਣੇ ਆਉਂਦੀ ਹੈ, ਜਿਸ ਦੀ ਕਾਂਗਰਸ ਪਾਰਟੀ ਸਖਤ ਸ਼ਬਦਾਂ 'ਚ ਨਿੰਦਾ ਕਰਦੀ ਹੈ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਅਸ਼ੋਕ ਕੁਮਾਰ, ਡਿਪਟੀ ਮੇਅਰ ਮਾਸਟਰ ਹਰਮੰਦਰ ਸਿੰਘ, ਟਹਿਲ ਸਿੰਘ ਸੰਧੂ ਬਲਾਕ ਪ੍ਰਧਾਨ ਬਲਰਾਜ ਪੱਕਾ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਠੇਕੇਦਾਰ ਤੇ ਮੀਤ ਪ੍ਰਧਾਨ ਰੁਪਿੰਦਰ ਬਿੰਦਰਾ ਨੇ ਕਿਹਾ ਕਿ ਮੋਦੀ ਸਰਕਾਰ ਲੋਕ ਸਭਾ ਮੈਂਬਰਾਂ ਨੂੰ ਸਸਪੈਂਡ ਕਰਕੇ ਲੋਕਤੰਤਰ ਦਾ ਘਾਣ ਕਰ ਰਹੀ ਹੈ, ਜਿਸ ਤੋਂ ਸਾਬਿਤ ਹੁੰਦਾ ਹੈ ਕਿ ਮੋਦੀ ਸਰਕਾਰ ਵੱਲੋਂ ਚੋਣਾਂ ਵੇਲੇ ਲੱਖਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ, ਮਹਿੰਗਾਈ ਨੂੰ ਨੱਥ ਪਾਉਣ ਸਬੰਧੀ ਕਿਸੇ ਵਾਅਦੇ 'ਤੇ ਕੰਮ ਨਹੀਂ ਕੀਤਾ, ਜਿਸ ਕਰਕੇ ਹੁਣ ਵਿਰੋਧੀ ਧਿਰਾਂ ਦੀ ਆਵਾਜ਼ ਦਬਾਉਣ ਲਈ ਅਜਿਹੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਇਸ ਮੌਕੇ ਕਿਰਨਜੀਤ ਸਿੰਘ ਗਹਿਰੀ, ਕਿਰਨਜੀਤ ਕੌਰ ਵਿਰਕ, ਮੱਖਣ ਠੇਕੇਦਾਰ, ਨੱਥੂ ਰਾਮ, ਪ੍ਰਕਾਸ਼ ਚੰਦ, ਵਿੱਪਣ ਮਿੱਤੂ, ਸਾਧੂ ਸਿੰਘ, ਬਲਜੀਤ ਸਿੰਘ ਸੀਨੀਅਰ ਯੂਥ ਕਾਂਗਰਸੀ ਆਗੂ, ਕਮਲ ਗੁਪਤਾ, ਸੰਜਯੇ ਚੌਹਾਨ, ਜਗਮੀਤ ਸਿੰਘ ਮਹਿੰਦਰ ਭੋਲਾ, ਅਸਿਸ ਕਪੂਰ, ਰੂਪ ਸਿੰਘ, ਦਪਿੰਦਰ ਮਿਸਰਾ, ਸ਼ੀਲਾ ਦੇਵੀ, ਜੋਗਿੰਦਰ ਸਿੰਘ ਇੰਟਕ, ਸਤੀਸ਼ ਅਰੋੜਾ ਸਮੇਤ ਵੱਡੀ ਗਿਣਤੀ 'ਚ ਅਹੁਦੇਦਾਰਾਂ ਤੇ ਵਰਕਰ ਹਾਜ਼ਰ ਸਨ।

**ਮੁਕਤਸਰ (ਸ਼ਮਿੰਦਰਪਾਲ, ਪੂਜਾ)** : 'ਇੰਡੀਆ' ਅਲਾਇੰਸ ਵਿੱਚ ਸ਼ਾਮਲ ਵੱਖ ਵੱਖ ਖੱਬੇ ਪੱਖੀ ਪਾਰਟੀਆਂ ਤੇ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਦੇਸ਼ ਵਿਆਪੀ ਸੱਦੇ 'ਤੇ ਮੁਕਤਸਰ ਸਾਹਿਬ ਦੇ ਗੁਰੂ ਗੋਬਿੰਦ ਸਿੰਘ ਪਾਰਕ ਵਿੱਚ ਵੱਖ ਵੱਖ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਨੇ ਤਾਨਾਸ਼ਾਹੀ ਮੋਦੀ ਹਕੂਮਤ ਵੱਲੋਂ ਪਾਰਲੀਮੈਂਟ ਦੀ ਘਟਨਾ ਤੋਂ ਬਾਅਦ ਵਿਰੋਧੀ ਧਿਰ ਦੇ ਚਾਰ ਦਰਜਨ ਸੰਸਦ ਮੈਂਬਰਾਂ ਨੂੰ ਪਾਰਲੀਮੈਂਟ ਵਿੱਚੋਂ ਬਾਹਰ ਕਰਕੇ ਨਾਦਰਸ਼ਾਹੀ ਫਰਮਾਨ ਜਾਰੀ ਕਰਨ ਦੀ ਜ਼ੋਰਦਾਰ ਨਿੰਦਾ ਕੀਤੀ ਗਈ ਅਤੇ ਇਸ ਕਾਰਵਾਈ ਨੂੰ ਜਮਹੂਰੀਅਤ ਦਾ ਕਤਲ ਕਰਾਰ ਦਿੱਤਾ ਗਿਆ। ਉੱਘੇ ਕਮਿਊਨਿਸਟ ਆਗੂ ਕਾਮਰੇਡ ਜਗਰੂਪ, ਕਾਮਰੇਡ ਜਗਜੀਤ ਸਿੰਘ ਜੱਸੇਆਣਾ, ਕਾਮਰੇਡ ਇੰਦਰਜੀਤ, ਕਾਮਰੇਡ ਹਰਜੀਤ ਸਿੰਘ ਮਦਰੱਸਾ, ਕਾਮਰੇਡ ਤਰਸੇਮ ਮੁਕਤਸਰ ਤੇ ਕਾਂਗਰਸ ਪਾਰਟੀ ਦੇ ਸਰਕਰਦਾ ਆਗੂਆਂ ਨੇ ਦੋਸ਼ ਲਗਾਇਆ ਕਿ ਬੀ ਜੇ ਪੀ ਦੇ ਇੱਕ ਸਾਂਸਦ ਵੱਲੋਂ ਕੁੱਝ ਨੌਜਵਾਨ ਲੜਕੇ ਤੇ ਇੱਕ ਲੜਕੀ ਨੂੰ ਪਾਸ ਦੇ ਕੇ ਪਾਰਲੀਮੈਂਟ ਵਿੱਚ ਸੰਸਦ ਦੀ ਕਾਰਵਾਈ ਨੂੰ ਸੁਣਨ ਲਈ ਸੱਦਿਆ ਗਿਆ ਅਤੇ ਉਨ੍ਹਾਂ ਵੱਲੋਂ ਕੁੱਝ ਕੈਮੀਕਲ ਨਾਲ ਪਾਰਲੀਮੈਂਟ 'ਚ ਧੂਆਂ ਕੀਤਾ ਗਿਆ ਅਤੇ ਦੇਸ਼ ਵਿੱਚ ਪਸਰੀ ਬੇਰੁਜ਼ਗਾਰੀ ਤੇ ਹੋਰ ਤਰਸਯੋਗ ਹਾਲਤਾਂ ਬਾਰੇ ਵਿਰੋਧ ਦਰਜ ਕਰਾਇਆ, ਜਦੋਂਕਿ ਇੰਜ ਲਗਦਾ ਹੈ ਉਨ੍ਹਾਂ ਦਾ ਮਕਸਦ ਪਾਰਲੀਮੈਂਟ ਨੂੰ ਕੋਈ ਨੁਕਸਾਨ ਨਹੀਂ ਪਚਾਉਣਾ ਸੀ, ਪਰ ਉਨ੍ਹਾਂ ਖਿਲਾਫ ਦੇਸ਼ ਧਰੋਹ ਦੇ ਮਾਮਲੇ ਦਰਜ ਕੀਤੇ ਗਏ ਅਤੇ ਪਾਸ ਦੇਣ ਵਾਲੇ ਬੀਜੇਪੀ ਸਾਂਸਦ 'ਤੇ ਕੋਈ ਕਾਨੂੰਨੀ ਕਾਰਵਾਈ ਨਾ ਕਰਕੇ ਉਸ ਦੀ ਪੁਸ਼ਤ ਪਨਾਹੀ ਕੀਤੀ ਗਈ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਮਾਨਯੋਗ ਸਪੀਕਰ ਵੱਲੋਂ ਵਿਰੋਧੀ ਧਿਰ ਦੇ 146 ਸੰਸਦ ਮੈਂਬਰਾਂ ਨੂੰ ਗੈਰ-ਲੋਕਤੰਤਰੀ ਢੰਗ ਨਾਲ ਬਰਖ਼ਾਸਤ ਕਰਨ ਦੇ ਰੋਸ ਵਜੋਂ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ, ਸਾਬਕਾ ਐੱਮ ਐੱਲ ਏ ਪਰਮਿੰਦਰ ਸਿੰਘ ਪਿੰਕੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਆਸ਼ੂ ਬੰਗੜ ਹਲਕਾ ਇੰਚਾਰਜ ਕਾਂਗਰਸ ਪਾਰਟੀ ਫਿਰੋਜ਼ਪੁਰ ਦਿਹਾਤੀ ਦੀ ਯੋਗ ਅਗਵਾਈ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੀ ਸਮੁੱਚੀ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਵੱਲੋਂ ਕਾਂਗਰਸ ਭਵਨ ਫਿਰੋਜ਼ਪੁਰ ਦੇ ਬਾਹਰ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਨਾਹਰ, ਰਜਿੰਦਰ ਕੁਮਾਰ ਛਾਬੜਾ ਪੀਪੀਸੀਸੀ ਮੈਂਬਰ ਪੰਜਾਬ ਤੇ ਕੋਆਡੀਨੇਟਰ ਮੋਗਾ, ਨਵ-ਨਿਯੁਕਤ ਬਲਾਕ ਪ੍ਰਧਾਨ ਕੰਵਰਪ੍ਰੀਤ ਸਿੰਘ ਗਿੱਲ, ਗੁਰਬਚਨ ਸਿੰਘ ਖਾਰਾ ਜ਼ਿਲ੍ਹਾ ਮੀਤ ਪ੍ਰਧਾਨ ਕਾਂਗਰਸ ਕਮੇਟੀ ਫਿਰੋਜ਼ਪੁਰ, ਜਗਸੀਰ ਸਿੰਘ ਖੋਸਾ ਜ਼ਿਲ੍ਹਾ ਮੀਤ ਪ੍ਰਧਾਨ, ਦੇਸ ਰਾਜ ਅਹੂਜਾ ਸ਼ਹਿਰੀ ਪ੍ਰਧਾਨ ਤਲਵੰਡੀ ਭਾਈ, ਮਨੀਸ਼ ਸੁਲਹਾਣੀ ਜ਼ਿਲ੍ਹਾ ਮੀਤ ਪ੍ਰਧਾਨ ਕਾਂਗਰਸ ਕਮੇਟੀ ਫਿਰੋਜ਼ਪੁਰ, ਭੁਪਿੰਦਰ ਸਿੰਘ ਪੱਤਲੀ, ਕਮਲ ਅਗਰਵਾਲ ਸ਼ਹਿਰੀ ਪ੍ਰਧਾਨ ਮੁੱਦਕੀ, ਬਖਸ਼ੀਸ਼ ਸਿੰਘ ਸੰਧੂ ਸੁਲੱਖਣ ਸਿੰਘ ਸੁਲਹਾਣੀ ਯੂਥ ਆਗੂ, ਸੁਖਦੇਵ ਸਿੰਘ, ਗੁਰਭੇਜ ਸਿੰਘ, ਬੱਬੂ ਫਿਰੋਜ਼ਸ਼ਾਹ, ਸੁਖਵਿੰਦਰ ਸਿੰਘ ਅਟਾਰੀ, ਰਵਿੰਦਰ ਸਿੰਘ ਤੂਤ, ਸਤਨਾਮ ਸਿੰਘ ਢਿੱਲੋਂ ਜ਼ਿਲ੍ਹਾ ਮੀਤ ਪ੍ਰਧਾਨ, ਰਾਜਾ ਚੌਧਰੀ, ਜਰਨੈਲ ਸਿੰਘ, ਤੇਜਵਿੰਦਰ ਸਿੰਘ, ਹੈਰੀ ਬਰਾੜ, ਗੁਰਮੀਤ ਸਿੰਘ ਸਰਪੰਚ, ਗੁਰਪ੍ਰੀਤ ਸੋਨੀ ਗੁਰਪ੍ਰੀਤ ਕਟੋਰਾ, ਸੁਰੇਸ਼ ਕੁਮਾਰ, ਰਜਨੀਸ਼ ਗੋਇਲ, ਅੰਗਰੇਜ਼ ਸਿੰਘ, ਕਮਲ ਗਿੱਲ ਸੋਨੂੰ ਨਿੱਜੀ ਸਕੱਤਰ ਆਸ਼ੂ ਬੰਗੜ ਤੋਂ ਇਲਾਵਾ ਹੋਰ ਹਾਜ਼ਰ ਸਨ।

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)** : "ਸੰਸਦ ਦੀ ਸੁਰੱਖਿਆ ਵਿੱਚ 13 ਦਸੰਬਰ ਨੂੰ ਲੱਗੀ ਸੰਨ੍ਹ ਸਬੰਧੀ ਗ੍ਰਹਿ ਮੰਤਰੀ ਦੇ ਬਿਆਨ ਦੀ ਮੰਗ ਕਰਦੇ ਕੁੱਲ 146 ਸੰਸਦ ਮੈਂਬਰਾਂ ਦੀ ਰਿਕਾਰਡ ਮੁਅੱਤਲੀ ਤੋਂ ਦੇਸ਼ ਦੀ ਜਨਤਾ ਨੂੰ ਸਪੱਸ਼ਟ ਪਤਾ ਲੱਗ ਗਿਆ ਹੈ ਕਿ ਮੋਦੀ ਸਰਕਾਰ ਨੂੰ ਨਾ ਸੰਸਦ ਦੀ ਮਰਿਆਦਾ ਨਾਲ ਕੋਈ ਮਤਲਬ ਹੈ ਤੇ ਨਾ ਹੀ ਲੋਕਤੰਤਰ ਜਾਂ ਸੰਵਿਧਾਨ ਦੀ ਪ੍ਰਵਾਹ।" ਇਹ ਸ਼ਬਦ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ 'ਇੰਡੀਆ' ਗੱਠਜੋੜ ਦੇ ਸੱਦੇ 'ਤੇ ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਵੱਖ-ਵੱਖ ਬੁਲਾਰਿਆਂ ਨੇ ਕਹੇ। ਕੌਮੀ ਪੱਧਰ ਦੇ ਸੱਦੇ ਤਹਿਤ ਇਸ ਧਰਨੇ ਨੂੰ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਅਜੈ ਪਾਲ ਸਿੰਘ ਸੰਧੂ, ਕਾਮਰੇਡ ਦਰਸ਼ਨ ਸਿੰਘ ਢਿੱਲਵਾਂ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਯੂ ਸੀ ਪੀ ਆਈ ਦੇ ਚੇਅਰਮੈਨ ਕਾਮਰੇਡ ਸੁੱਖਇੰਦਰ ਸਿੰਘ ਧਾਲੀਵਾਲ, ਸੀ ਪੀ ਆਈ (ਐੱਮ) ਦੇ ਕਾਮਰੇਡ ਇੰਦਰਜੀਤ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਦੇਸ਼ ਵਿੱਚ ਇੱਕ ਪਾਰਟੀ ਦਾ ਤਾਨਾਸ਼ਾਹੀ ਰਾਜ ਸਥਾਪਤ ਕਰਨ ਵਲ ਵਧ ਰਹੀ ਹੈ, ਜਿਸ ਕਾਰਨ ਬੇਅੰਤ ਕੁਰਬਾਨੀਆਂ ਦੇ ਕੇ ਹਾਸਲ ਕੀਤੀ ਅਜ਼ਾਦੀ, ਲੋਕਤੰਤਰ, ਧਰਮ ਨਿਰਪੱਖਤਾ ਤੇ ਦੇਸ਼ ਦਾ ਸੰਵਿਧਾਨ ਖਤਰੇ ਵਿੱਚ ਹਨ। 28 ਪਾਰਟੀਆਂ ਦੇ ਗੱਠਜੋੜ 'ਇੰਡੀਆ' ਦਾ ਉਦੇਸ਼ ਮੋਦੀ ਸਰਕਾਰ ਦੀ ਵੰਡੀਆਂ ਪਾਉਣ ਤੇ ਨਫ਼ਰਤ ਫੈਲਾਉਣ ਵਾਲੀ ਰਾਜਨੀਤੀ ਦਾ ਬਦਲ ਪੇਸ਼ ਕਰਕੇ ਲੋਕਾਂ ਨੂੰ ਬੇਰੁਜ਼ਗਾਰੀ, ਮਹਿੰਗਾਈ ਤੇ ਫਿਰਕੂ ਦੰਗਿਆਂ ਦੇ ਭੈਅ ਤੋਂ ਮੁਕਤ ਕਰਨਾ ਹੈ। ਇਸ ਮੌਕੇ ਰਣਜੀਤ ਸਿੰਘ ਭੋਲੂਵਾਲਾ, ਕਾਮਰੇਡ ਗੁਰਨਾਮ ਸਿੰਘ ਮਾਨੀਵਾਲਾ, ਬਲਜੀਤ ਸਿੰਘ ਗੋਰਾ, ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਪ੍ਰਦੀਪ ਬਰਾੜ, ਗੁਰਦੇਵ ਸਿੰਘ ਚਰਨ, ਗੁਰਚਰਨ ਸਿੰਘ ਮਾਨ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਡਬਲਜੀਤ ਧੌਂਸੀ ਨੇ ਨਿਭਾਈ। ਭਵਿੱਖ ਵਿੱਚ ਹੋਰ ਤਿਆਰੀ ਨਾਲ ਸਾਂਝੀ ਸਰਗਰਮੀ ਵਧਾਉਣ ਲਈ ਜ਼ਿਲ੍ਹੇ ਵਿੱਚ ਵੀ ਸਾਂਝੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ। ਧਰਨੇ ਦੀ ਸਮਾਪਤੀ 'ਤੇ ਜ਼ੋਰਦਾਰ ਨਾਅਰੇ ਲਗਾਉਂਦੇ ਹੋਏ ਭਾਈ ਕਨ੍ਹੱਈਆ ਚੌਕ ਵਿੱਚ ਮੋਦੀ ਸਰਕਾਰ ਦੇ ਪੁਤਲੇ ਨੂੰ ਅਗਨ ਭੇਟ ਕੀਤਾ ਗਿਆ।

## ਕਾਤਰਾਂ

### ਨਜਾਇਜ਼ ਮਾਇਨਿੰਗ ਦੇ ਦੋਸ਼ 'ਚ ਰੇਤ ਦਾ ਭਰਿਆ ਟ੍ਰਾਲਾ-ਟ੍ਰੈਕਟਰ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਨਜਾਇਜ਼ ਮਾਇਨਿੰਗ ਕਰਨ ਦੇ ਦੋਸ਼ 'ਚ ਟ੍ਰੈਕਟਰ-ਟ੍ਰਾਲੀ ਰੇਤ ਸਮੇਤ ਕਾਬੂ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਵੈਦ ਪ੍ਰਕਾਸ਼ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਤਾਰੇਵਾਲਾ ਪੁਲ ਕੋਲ ਪੁੱਜੇ ਤਾਂ ਮੁਖਬਰ ਖਾਸ ਵੱਲੋਂ ਇਤਲਾਹ ਮਿਲੀ ਕਿ ਪਿੰਡ ਤਾਰੇਵਾਲਾ ਦੇ ਕੋਲ ਸੇਮਨਾਲੇ ਵਿੱਚੋਂ ਨਜਾਇਜ਼ ਰੇਤ ਨਾਲ ਭਰਿਆ ਡਬਲ ਟਾਇਰੀ ਟ੍ਰਾਲਾ ਤੇ ਮਹਿੰਦਰਾ ਟ੍ਰੈਕਟਰ (ਨੰ. ਪੀਬੀ05-ਏਬੀ 6916) ਆ ਰਿਹਾ ਹੈ, ਜਿਸ 'ਤੇ ਪੁਲਸ ਨੇ 50 ਸੁਕੇਅਰ ਫੁੱਟ ਰੇਤ ਨਾਲ ਭਰਿਆ ਟ੍ਰਾਲਾ ਤੇ ਟ੍ਰੈਕਟਰ ਬਰਾਮਦ ਕੀਤਾ ਗਿਆ ਹੈ। ਪੁਲਸ ਵੱਲੋਂ ਅਣਪਛਾਤੇ ਵਿਅਕਤੀ ਖਿਲਾਫ ਮਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਮੁਕਤੀਸਰ ਵੈਲਫੇਅਰ ਕਲੱਬ ਨੇ ਵਾਹਨਾਂ 'ਤੇ ਲਗਾਏ ਰਿਫਲੈਕਟਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਪੁਲਸ ਕਪਤਾਨ ਭਾਗੀਰਥ ਸਿੰਘ ਮੀਨਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੁਕਤੀਸਰ ਵੈਲਫੇਅਰ ਕਲੱਬ ਤੇ ਪੀ ਸੀ ਆਰ ਦੀ ਟੀਮ ਵੱਲੋਂ ਕੋਟਕਪੂਰਾ ਚੌਕ ਵਿਖੇ ਕਮਰਸ਼ੀਅਲ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ। ਇਸ ਸਬੰਧੀ ਜਸਪ੍ਰੀਤ ਸਿੰਘ ਛਾਬੜਾ ਸਟੇਟ ਐਵਾਰਡੀ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਵਿੱਚ ਪੰਜਾਬ ਪੁਲਸ ਅਤੇ ਮੁਕਤੀਸਰ ਵੈਲਫੇਅਰ ਕਲੱਬ ਵੱਡੇ ਪੱਧਰ 'ਤੇ ਜਾਗਰੂਕਤਾ ਅਭਿਆਨ ਚਲਾ ਰਿਹਾ ਹੈ। ਇਸੇ ਲੜੀ ਤਹਿਤ ਸੰਸਥਾ ਵੱਲੋਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਗਈ ਕਿ ਧੁੰਦ ਦੇ ਮੌਸਮ ਦੌਰਾਨ ਆਪਣਾ ਵਾਹਨ ਘੱਟ ਰਫ਼ਤਾਰ ਵਿੱਚ ਚਲਾਓ ਤੇ ਵਾਹਨਾਂ 'ਤੇ ਰਿਫਲੈਕਟਰ ਜ਼ਰੂਰ ਲਗਾਉ। ਇਸ ਮੌਕੇ ਡਾ. ਵਿਜੈ ਬਜਾਜ, ਮਨਪ੍ਰੀਤ ਸਿੰਘ, ਜੱਜ ਸਿੰਘ ਏ ਐਸ ਆਈ, ਸੁਖਦੇਵ ਸਿੰਘ, ਕੁਲਵੰਤ ਸਿੰਘ ਆਦਿ ਹਾਜ਼ਰ ਸਨ।

### ਹਫਤਾਵਾਰੀ ਪਲੇਸਮੈਂਟ ਕੈਂਪ 27 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀਮਤੀ ਸਿੰਪੀ ਸਿੰਗਲਾ ਜ਼ਿਲ੍ਹਾ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਿਊਰੋ ਵੱਲੋਂ ਐਕਸਿਸ ਬੈਂਕ ਨਾਲ ਤਾਲਮੇਲ ਕਰਕੇ ਬਿਜ਼ਨੈੱਸ ਡਿਵੈਲਪਮੈਂਟ ਐਗਜ਼ੈਕਟਿਵ ਦੀ ਆਸਾਮੀ ਲਈ 27 ਦਸੰਬਰ 2023 ਨੂੰ ਸਵੇਰੇ 10:00 ਵਜੇ ਰੋਜ਼ਗਾਰ ਕੈਂਪ ਲਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਇਸ ਅਸਾਮੀ ਦੌਰਾਨ ਲੜਕੇ ਤੇ ਲੜਕੀਆਂ ਦੋਵੇਂ ਹੀ ਭਾਗ ਲੈ ਸਕਦੇ ਹਨ। ਇਸ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ (ਘੱਟੋ ਘੱਟ 45% ਨਾਲ) ਪਾਸ ਹੋਣੀ ਲਾਜ਼ਮੀ ਹੈ ਤੇ ਉਮਰ ਹੱਦ 18 ਤੋਂ 26 ਸਾਲ ਹੋਣੀ ਚਾਹੀਦੀ ਹੈ। ਪ੍ਰਾਰਥੀ ਕੋਲ ਡਰਾਇਵਿੰਗ ਲਾਇਸੰਸ (ਦੋ ਪਹੀਆ ਸਾਧਨ) ਹੋਣਾ ਲਾਜ਼ਮੀ ਹੈ। ਚਾਹਵਾਨ ਯੋਗ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਅਸਲ ਦਸਤਾਵੇਜ਼ ਸਮੇਤ ਫੋਟੋਕਾਪੀਆਂ ਤੇ ਰਜ਼ਿਊਮ ਨਾਲ ਲੈ ਕੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਡੀ.ਸੀ. ਕੰਪਲੈਕਸ ਨੇੜੇ ਸੁਵਿਧਾ ਕੇਂਦਰ ਸੰਗਰੂਰ ਵਿਖੇ ਸਵੇਰੇ 10:00 ਵਜੇ ਪਹੁੰਚਣ।

## ਸਾਂਸਦਾਂ ਦੀ ਮੁਅੱਤਲੀ ਜਮਹੂਰੀਅਤ ਦਾ ਕਤਲ : ਲਿਬਰੇਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**-ਦੋ ਨੌਜਵਾਨਾਂ ਵੱਲੋਂ ਲੋਕ ਸਭਾ ਵਿੱਚ ਦਾਖਲ ਹੋ ਕੇ ਕੀਤੇ ਪ੍ਰੋਟੈਸਟ ਬਾਰੇ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਤੋਂ ਇਸ ਘਟਨਾ ਬਾਰੇ ਹਾਊਸ ਵਿੱਚ ਬਿਆਨ ਦੇਣ ਦੀ ਮੰਗ ਕਰ ਰਹੇ ਕੁੱਲ 146 ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਪੂਰੇ ਸੈਸ਼ਨ 'ਚੋਂ ਮੁਅਤਲ ਕਰ ਦੇਣ ਦੀ ਸਖਤ ਨਿੰਦਾ ਕਰਦਿਆਂ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਕਿਹਾ ਕਿ ਇਹ ਦੇਸ਼ ਵਿੱਚ ਆਰ ਐੱਸ ਐੱਸ-ਬੀਜੇਪੀ ਵੱਲੋਂ ਵਿਰੋਧੀ ਧਿਰ ਮੁਕਤ ਭਾਰਤ ਬਣਾਉਣ ਦੇ ਤਾਨਾਸ਼ਾਹ ਤੇ ਫਾਸ਼ਿਸ਼ਟ ਏਜੰਡੇ ਦਾ ਹੀ ਪ੍ਰਗਟਾਵਾ ਹੈ। ਇਥੇ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ ਇੱਕ ਪਾਰਟੀ ਮੀਟਿੰਗ ਵਿੱਚ ਬੋਲਦਿਆਂ ਪਾਰਟੀ ਦੇ ਕੇਂਦਰੀ ਆਗੂ ਰਾਜਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਕਾਰਪੋਰੇਟ ਪ੍ਰਸਤ ਤੇ ਫਾਸ਼ਿਸ਼ਟ ਬੀਜੇਪੀ-ਮੋਦੀ ਨੂੰ ਲੱਕ ਤੋੜਵੀਂ ਹਾਰ ਦੇਣ ਤੇ ਦੇਸ਼ ਦੀ ਵੰਨ ਸੁਵੰਨਤਾ, ਸੰਵਿਧਾਨ ਤੇ ਜਮਹੂਰੀਅਤ ਨੂੰ ਬਚਾਉਣ ਲਈ ਸਾਰੀਆਂ ਫਾਸ਼ੀਵਾਦ ਵਿਰੋਧੀ ਸ਼ਕਤੀਆਂ ਨੂੰ ਮਿਲ ਕੇ ਆਜ਼ਾਦੀ ਸੰਗਰਾਮ ਦੀ ਤਰਜ਼ 'ਤੇ ਇਕ ਦੇਸ਼ ਵਿਆਪੀ ਅੰਦੋਲਨ ਛੇੜਨ ਦੀ ਜ਼ਰੂਰਤ ਹੈ। ਸੀ ਪੀ ਆਈ (ਐੱਮ ਐੱਲ) ਇਸ ਮਨੋਰਥ ਲਈ ਪੂਰੀ ਤਾਕਤ ਨਾਲ ਕੰਮ ਕਰ ਰਹੀ ਹੈ। ਮੀਟਿੰਗ ਵਿੱਚ ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਨਛੱਤਰ ਸਿੰਘ ਖੀਵਾ, ਬਲਵਿੰਦਰ ਕੌਰ ਖਾਰਾ, ਵਿੰਦਰ ਅਲਖ, ਸੁਰਿੰਦਰ ਪਾਲ ਸ਼ਰਮਾ ਸਮੇਤ ਕਈ ਪਾਰਟੀ ਆਗੂ ਸ਼ਾਮਲ ਸਨ।

## ਵਿਆਹੁਤਾ ਨੇ ਪੱਖੇ ਨਾਲ ਫਾਹਾ ਲੈ ਕੇ ਕੀਤੀ ਜੀਵਨ ਲੀਲ੍ਹਾ ਸਮਾਪਤ

### ਪੇਕੇ ਪਰਿਵਾਰ ਵੱਲੋਂ ਸਹੁਰਿਆਂ 'ਤੇ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਦਾ ਦੋਸ਼

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਗੁਰਮ (ਬਰਨਾਲਾ) ਵਿਖੇ ਨੌਜਵਾਨ ਵਿਆਹੁਤਾ ਵੱਲੋਂ ਆਪਣੇ ਸਹੁਰੇ ਘਰ ਛੱਤ ਵਾਲੇ ਪੱਖੇ ਨਾਲ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲੈਣ ਦਾ ਦੁੱਖਦਾਈ ਸਮਾਚਾਰ ਮਿਲਿਆ ਹੈ। ਮੁੱਖ ਅਫਸਰ ਥਾਣਾ ਠੁੱਲੀਵਾਲ ਬਲਦੇਵ ਸਿੰਘ ਮਾਨ ਨੇ ਦੱਸਿਆ ਕਿ ਮ੍ਰਿਤਕਾ ਦੀ ਮਾਤਾ ਪਰਮਿੰਦਰ ਕੌਰ ਪਤਨੀ ਜਗਦੇਵ ਸਿੰਘ ਵਾਸੀ ਸ਼ਾਹਬਾਣਾ (ਲੁਧਿਆਣਾ) ਵੱਲੋਂ ਦਰਜ ਕਰਵਾਏ ਗਏ ਬਿਆਨਾਂ ਅਨੁਸਾਰ ਉਨ੍ਹਾਂ ਆਪਣੀ ਲਾਡਲੀ ਧੀ ਅਰਸ਼ਦੀਪ ਕੌਰ (23) ਦਾ ਵਿਆਹ 6 ਅਕਤੂਬਰ ਨੂੰ 2019 ਬੜੇ ਹੀ ਲਾਡਾਂ ਚਾਵਾਂ ਨਾਲ ਪਿੰਡ ਗੁਰਮ (ਬਰਨਾਲਾ) ਦੇ ਵਸਨੀਕ ਗੁਰਜੰਟ ਸਿੰਘ ਪੁੱਤਰ ਮੇਜਰ ਸਿੰਘ ਨਾਲ ਕੀਤਾ ਸੀ। ਕੁਝ ਸਮੇਂ ਬਾਅਦ ਸਹੁਰਾ ਪਰਿਵਾਰ ਸਾਡੀ ਧੀ ਨੂੰ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ, ਜਿਸ ਨਾਲ ਘਰੇ ਕਲੇਸ਼ ਰਹਿਣ ਕਰਕੇ ਇਹ ਮਾਮਲਾ ਥਾਣਾ ਠੁੱਲੀਵਾਲ ਤੇ ਵੂਮੈਨ ਸੈੱਲ ਲੁਧਿਆਣਾ 'ਚ ਚਲਿਆ ਗਿਆ।

ਬਾਅਦ 'ਚ ਵੂਮੈਨ ਸੈੱਲ ਤੇ ਮੁਹਤਬਰਾਂ ਨੇ ਦੋਵਾਂ ਧਿਰਾਂ ਨੂੰ ਸਮਝਾ ਕੇ ਸਮਝੌਤਾ ਕਰਵਾ ਦਿੱਤਾ। ਦੁਬਾਰਾ ਫੇਰ ਸਹੁਰਾ ਪਰਿਵਾਰ ਸਾਡੀ ਧੀ ਨੂੰ ਤੰਗ ਪ੍ਰੇਸ਼ਾਨ ਕਰਨ ਲੱਗਾ। ਇਸ ਮਾਮਲੇ ਬਾਰੇ ਸਾਡੀ ਧੀ ਨੇ ਕਈ ਵਾਰ ਫੋਨ ਰਾਹੀਂ ਦੱਸਿਆ ਸੀ। ਲੰਘੇ ਦਿਨ ਸਾਨੂੰ ਪਿੰਡ ਗੁਰਮ ਦੇ ਸਰਪੰਚ ਦਾ ਫੋਨ ਆਇਆ ਕਿ ਤੁਹਾਡੀ ਬੇਟੀ ਨੇ ਛੱਤ ਵਾਲੇ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਹੈ। ਪੁਲਸ ਥਾਣਾ ਠੁੱਲੀਵਾਲ ਵਿਖੇ ਮ੍ਰਿਤਕਾ ਦੇ ਪਤੀ ਗੁਰਜੰਟ ਸਿੰਘ, ਸਹੁਰਾ ਮੇਜਰ ਸਿੰਘ, ਸੱਸ ਮਨਜੀਤ ਕੌਰ ਵਾਸੀ ਗੁਰਮ ਖਿਲਾਫ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

## ਡੋਲੀ ਵਾਲੀ ਕਾਰ ਸਜਾ ਕੇ ਜਾ ਰਹੇ ਡਰਾਈਵਰ 'ਤੇ ਚਲਾਈਆਂ ਗੋਲੀਆਂ

### ਜ਼ਖਮੀ ਡਰਾਈਵਰ ਦੀ ਹਾਲਤ ਚਿੰਤਾਜਨਕ, ਡੀ ਐੱਮ ਸੀ ਦਾਖਲ



ਡੋਲੀ ਵਾਲੀ ਕਾਰ ਤੇ ਹਸਪਤਾਲ 'ਚ ਦਾਖਲ ਜ਼ਖਮੀ ਕਾਰ ਡਰਾਈਵਰ।

**ਮੋਗਾ (ਅਮਰਜੀਤ ਬੱਬਰੀ)**-ਪਿੰਡ ਸਿੰਘਾਂਵਾਲਾ ਦੇ ਕੋਲ ਡੋਲੀ ਵਾਲੀ ਕਾਰ ਸਜ਼ਾ ਕੇ ਜਾ ਰਹੇ ਡਰਾਈਵਰ 'ਤੇ ਅਣਪਛਾਤਿਆਂ ਵੱਲੋਂ ਗੋਲ਼ੀਆਂ ਚਲਾਈਆਂ ਗਈਆਂ।ਗੋਲ਼ੀ ਲੱਗਣ ਕਾਰਨ ਗੰਭੀਰ ਜ਼ਖਮੀ ਹੋਏ ਡਰਾਈਵਰ ਨੂੰ ਸਥਾਨਕ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਚਿੰਤਾਜਨਕ ਹਾਲਤ ਨੂੰ ਦੇਖਦੇ ਹੋਏ ਡੀ ਐੱਮ ਸੀ ਰੈਫਰ ਕਰ ਦਿੱਤਾ ਗਿਆ ਹੈ।ਪਤਾ ਲੱਗਾ ਹੈ ਕਿ ਹਮਲਾਵਰਾਂ ਨੇ ਦੋ ਦਿਨ ਪਹਿਲਾਂ ਹੀ ਵਿਆਹ ਲਈ ਕਾਰ ਬੁੱਕ ਕਰਵਾਈ ਸੀ।ਅੱਜ ਡਰਾਈਵਰ ਕਾਰ ਬੁੱਕ ਕਰਵਾਉਣ ਵਾਲੇ ਵਿਅਕਤੀਆਂ ਨਾਲ ਬਾਘਾ ਪੁਰਾਣਾ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਸਿੰਘਾਵਾਲਾ ਨੇੜੇ ਕਾਰ ਸਵਾਰ ਵਿਅਕਤੀਆਂ ਨੇ ਉਸ ਨੂੰ ਗੋਲ਼ੀ ਮਾਰ ਦਿੱਤੀ ਅਤੇ ਫਰਾਰ ਹੋ ਗਏ।ਕਾਰ ਚਾਲਕ ਨੂੰ ਮੋਗਾ ਦੇ ਸਰਕਾਰੀ ਹਸਪਤਾਲ ਤੋਂ ਲੁਧਿਆਣਾ ਰੈਫਰ ਕਰ ਦਿੱਤਾ ਗਿਆ।ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ ਸਾਊਥ ਦੇ ਐੱਸ ਐੱਚ ਓ ਇਕਬਾਲ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰੇ ਮੋਗਾ ਦੇ ਸਿੰਘਾਵਾਲਾ ਨੇੜੇ ਇਕ ਕਾਰ ਸਵਾਰ ਨੂੰ ਗੋਲ਼ੀ ਮਾਰਨ ਦੀ ਸੂਚਨਾ ਮਿਲੀ ਸੀ, ਜਿਸ ਨੂੰ ਗੋਲ਼ੀ ਮਾਰੀ ਗਈ ਹੈ, ਉਸ ਦਾ ਨਾਂਅ ਨਵਦੀਪ ਸਿੰਘ ਹੈ, ਜੋ ਕਿ ਪੁਰਾਣਾ ਮੋਗਾ ਦਾ ਰਹਿਣ ਵਾਲਾ ਹੈ ਅਤੇ ਟੈਕਸੀ ਚਲਾਉਂਦਾ ਹੈ।ਦੋ ਦਿਨ ਪਹਿਲਾਂ ਕਿਸੇ ਵਿਅਕਤੀ ਨੇ ਵਿਆਹ ਲਈ ਕਾਰ ਬੁੱਕ ਕਰਵਾਈ ਸੀ ਤੇ ਅੱਜ ਸਵੇਰੇ ਕਾਰ ਸਜਾ ਕੇ ਨਵਦੀਪ ਸਿੰਘ ਤੇ ਬੁਕਿੰਗ ਕਰਵਾਉਣ ਵਾਲੇ ਦੋ ਵਿਅਕਤੀ ਕਾਰ ਵਿੱਚ ਬੈਠ ਕੇ ਬਾਘਾ ਪੁਰਾਣਾ ਵੱਲ ਜਾ ਰਹੇ ਸਨ ਤਾਂ ਡਰਾਈਵਰ ਨਵਦੀਪ ਸਿੰਘ ਨੂੰ ਗੋਲ਼ੀ ਮਾਰ ਦਿੱਤੀ ਗਈ।ਨਵਦੀਪ ਨੂੰ ਜ਼ਖ਼ਮੀ ਹਾਲਤ ਵਿੱਚ ਮੋਗਾ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਪਰ ਉਸ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਲੁਧਿਆਣਾ ਰੈਫਰ ਕਰ ਦਿੱਤਾ ਗਿਆ। ਕਾਰ ਬੁੱਕ ਕਰਨ ਵਾਲੇ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਸਿੰਗਲਾ ਪਰਵਾਰ ਨੂੰ ਭਾਰੀ ਸਦਮਾ, ਨੌਜਵਾਨ ਪੁੱਤ ਦੀ ਮੌਤ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸ਼ੁੱਕਰਵਾਰ ਤੜਕਸਾਰ ਸ਼ਹਿਰ ਵਿੱਚ ਉਸ ਸਮੇਂ ਮਾਹੌਲ ਗਮਗੀਨ ਹੋ ਗਿਆ, ਜਦੋਂ ਸਵ. ਸੇਠ ਜਗਨ ਨਾਥ ਦੇ ਪੋਤਰੇ ਤੇ ਅਸ਼ੋਕ ਕੁਮਾਰ ਦੇ ਸਪੁੱਤਰ ਸੰਜੀਵ ਸਿੰਗਲਾ ਦੀ ਅਚਾਨਕ ਮੌਤ ਦੀ ਖਬਰ ਸ਼ਹਿਰ ਵਾਸੀਆਂ ਦੇ ਕੰਨਾਂ ਤੱਕ ਪਈ। ਦੱਸਣਾ ਬਣਦਾ ਹੈ ਕਿ ਮ੍ਰਿਤਕ ਸੰਜੀਵ ਸਿੰਗਲਾ ਸ਼ਾਦੀਸ਼ੁਦਾ ਸੀ, ਜਿਸ ਦੇ ਦੋ ਬੱਚੇ (ਮੁੰਡਾ ਤੇ ਕੁੜੀ) ਸਨ, ਪਰ ਭਰ ਜਵਾਨੀ ਇਸ ਤਰ੍ਹਾਂ ਨੌਜਵਾਨ ਪੁੱਤ ਦਾ ਅਚਾਨਕ ਹੀ ਇਸ ਦੁਨੀਆ ਤੋਂ ਤੁਰ ਜਾਣਾ ਪਰਿਵਾਰ ਲਈ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਇਸ ਦੁੱਖ ਦੀ ਘੜੀ ਵਿੱਚ ਜਿੱਥੇ ਸ਼ਹਿਰ ਵਾਸੀਆਂ ਵੱਲੋਂ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉੱਥੇ ਹੀ ਸਿਆਸੀ ਆਗੂ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ, ਇੰਦਰਜੀਤ ਸਿੰਘ ਮਾਨ ਚੇਅਰਮੈਨ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਪੰਜਾਬ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਗਗਨਦੀਪ ਗਰੇਵਾਲ ਸਾ. ਚੇਅਰਮੈਨ, ਰਾਕੇਸ਼ ਕੁਮਾਰ ਸਾ. ਪ੍ਰਧਾਨ, ਵਿਜੈ ਕੁਮਾਰ ਪੱਪੂ ਪ੍ਰਧਾਨ ਆੜ੍ਹਤੀਆ ਯੂਨੀਅਨ, ਦਵਿੰਦਰ ਪੁਰੀ, ਕਮਲਜੀਤ ਪਨੇਸਰ, ਗੁਰਬਿੰਦਰ ਭਗਤਾ ਭਾਜਪਾ ਆਗੂ, ਪਵਨ ਗਰਗ, ਰਾਜਿੰਦਰ ਕੁਮਾਰ, ਜਗਸੀਰ ਪੱਪੂ, ਰਾਮਾ ਬੁਰਜ ਵਾਲਾ, ਜਗਮੋਹਨ ਲਾਲ ਗਰਗ, ਸੁਨੀਲ ਭਦੌੜੀਆ, ਅੱਚਲ ਕੁਮਾਰ, ਪਰਮਜੀਤ ਬਿਦਰ, ਰਾਜਨ ਅਰੋੜਾ, ਰਾਮ ਸਿੰਘ ਮਲੂਕਾ, ਰਘੂਬੀਰ ਸਿੰਘ ਮਲੂਕਾ, ਰਵੀ ਵਰਮਾ, ਕੇਸ਼ਵ ਗਰਗ, ਮਿੰਟੂ ਗਰਗ, ਨਿਰਮਲ ਸਿੰਘ ਮਿਸਤਰੀ, ਅਜੈ ਅਰੋੜਾ, ਮਨਜੀਤ ਸਿੰਘ ਧੁੰਨਾ, ਸੁਰਿੰਦਰ ਕੁਮਾਰ ਕਾਲਾ, ਰਾਕੇਸ਼ ਕੁਮਾਰ ਭਾਈਰੂਪਾ, ਨੀਰਜ ਕੁਮਾਰ, ਰਾਜੂ ਮਲੂਕੇ ਵਾਲੇ, ਜੈ ਪਾਲ ਡੋਡ, ਬਬਲੇਸ਼ ਕੁਮਾਰ ਬੌਬੀ ਸਿੰਗਲਾ, ਰਾਕੇਸ਼ ਡੋਡ ਸਮੇਤ ਸਮੂਹ ਚਾਹੁਣ ਵਾਲਿਆਂ ਵੱਲੋਂ ਸਿੰਗਲਾ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

## ਬਾਬਾ ਮੋਤੀ ਰਾਮ ਮਹਿਰਾ ਯਾਦਗਾਰ ਵਿਖੇ ਸਫ਼ਰ-ਏ-ਸ਼ਹਾਦਤ ਸਮਾਗਮ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਥਿਤ ਯਾਦਗਾਰ ਵਿਖੇ ਸਫ਼ਰ-ਏ-ਸ਼ਹਾਦਤ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬਾਬਾ ਮੋਤੀ ਰਾਮ ਮਹਿਰਾ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐੱਸ. ਐੱਸ. ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁੱਜਰ ਕੌਰ ਜੀ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸਮੇਤ ਪਰਿਵਾਰ ਸ਼ਹਾਦਤ ਦੁਨੀਆ ਦੇ ਇਤਿਹਾਸ 'ਚੋਂ ਸਭ ਤੋਂ ਕਸ਼ਟਦਾਇਕ ਤੇ ਰੌਂਗਟੇ ਖੜੇ ਕਰਨ ਵਾਲੀ ਘਟਨਾ ਹੈ ਤੇ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਲਾਸਾਨੀ ਸ਼ਹਾਦਤ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਸਮਾਗਮ 'ਚ ਪ੍ਰਸਿੱਧ ਕਥਾ ਵਾਚਕ ਭਾਈ ਹਰਵਿੰਦਰ ਸਿੰਘ, ਭਾਈ ਦਵਿੰਦਰ ਸਿੰਘ ਖਾਲਸਾ, ਭਾਈ ਨਿਰਮਲਜੀਤ ਸਿੰਘ ਟੋਹਾਣੇ ਵਾਲੇ, ਭਾਈ ਵੀਰਦਵਿੰਦਰ ਸਿੰਘ ਲੁਧਿਆਣੇ ਵਾਲੇ, ਭਾਈ ਹਰਦੀਪ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ ਤੇ ਗਿਆਨੀ ਚਰਨਜੀਤ ਸਿੰਘ ਦੇ ਜਥਿਆਂ ਨੇ ਕਥਾ ਕੀਰਤਨ ਰਾਹੀਂ ਇਨ੍ਹਾਂ ਮਹਾਨ ਸ਼ਹਾਦਤਾਂ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਸਮਾਗਮ 'ਚ ਗੁਰਮੀਤ ਸਿੰਘ ਸਕੱਤਰ, ਸੁਖਦੇਵ ਸਿੰਘ ਰਾਜ ਸੀਨੀਅਰ ਵਾਈਸ ਚੇਅਰਮੈਨ, ਜੈ ਕ੍ਰਿਸ਼ਨ ਕਸ਼ਯਪ, ਗੁਰਦੇਵ ਸਿੰਘ ਨਾਭਾ, ਜਸਪਾਲ ਸਿੰਘ ਕਲੌਂਦੀ, ਨਿਰਮਲ ਸਿੰਘ ਮੀਨੀਆਂ, ਬਲਦੇਵ ਸਿੰਘ ਦੁਸਾਂਝ, ਨਵਜੋਤ ਸਿੰਘ ਮੈਨੇਜਰ ਆਦਿ ਟਰੱਸਟ ਦੇ ਮੈਂਬਰ, ਅਹੁਦੇਦਾਰਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਲਗਵਾਈ।

## ਢਿੱਲੋਂ ਨੇ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਅੱਜ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਸਾਹਿਬ ਵਿਖੇ ਬਿਜਲੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਆਏ ਪੰਜਾਬ ਪਾਵਰ ਕਾਰਪੋਰੇਸ਼ਨ ਦੇ ਪ੍ਰਬੰਧਕੀ ਮੈਂਬਰ ਜਸਬੀਰ ਸਿੰਘ ਢਿੱਲੋਂ (ਸੁਰਸਿੰਘ ਵਾਲਾ) ਨੇ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਜ਼ਿਆਦਾ ਦਾ ਮੌਕੇ 'ਤੇ ਹੱਲ ਕਰਵਾਇਆ।ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨਵੇਂ ਬਿਜਲੀ ਟਰਾਂਸਫਾਰਮਰ, ਵਾਧੂ ਬਿੱਲ, ਲੋਡ ਵਧਾਉਣਾ, ਨਵੇਂ ਘਰੇਲੂ ਕੁਨੈਕਸ਼ਨਾਂ ਸੰਬੰਧੀ ਲੱਗਭੱਗ 143 ਸ਼ਿਕਾਇਤਾਂ ਆਈਆਂ ਸਨ ਜਿਨ੍ਹਾਂ ਬਾਰੇ ਪ੍ਰਬੰਧਕੀ ਮੈਂਬਰ ਨੇ ਤੁਰੰਤ ਫੈਸਲਾ ਲਿਆ।ਨਵੇਂ ਠੇਕੇਦਾਰਾਂ ਤੋਂ ਬਕਾਇਆ ਪਏ ਕੰਮ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ।ਇਸ ਮੌਕੇ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਐਸ ਈ ਖੰਨਾ, ਕਾਰਜਕਾਰੀ ਇੰਜੀਨੀਅਰ ਸਰਹਿੰਦ ਡਵੀਜ਼ਨ, ਸਾਰੇ ਐਸ ਡੀ ਓ ਸਹਿਬਾਨ ਹਾਜ਼ਰ ਸਨ ਜਿਨ੍ਹਾਂ ਨੇ ਤੁਰੰਤ ਫੈਸਲਾ ਲੈ ਕੇ ਲੋਕਾਂ ਦੇ ਬਿਜਲੀ ਸੰਬੰਧੀ ਸਾਰੇ ਕੰਮਕਾਰ ਕਰਨ ਦਾ ਅਹਿਦ ਕੀਤਾ।ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਹਰ ਹੀਲੇ ਨਾਗਰਿਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕ ਦੇਣ ਲਈ ਵਚਨਬੱਧ ਹੈ ਤੇ ਜੋ ਅਧਿਕਾਰੀ ਜਾਂ ਸਰਕਾਰੀ ਕਰਮਚਾਰੀ ਆਪਣੀ ਡਿਊਟੀ ਵਿੱਚ ਜਾਣਬੁੱਝ ਕੇ ਕੁਤਾਹੀ ਕਰੇਗਾ ਸਰਕਾਰ ਉਸ ਖਿਲਾਫ ਸਖਤ ਕਾਰਵਾਈ ਕਰਨ ਵਿੱਚ ਕੋਈ ਦੇਰ ਨਹੀਂ ਕਰੇਗੀ।ਮੈਂਬਰ ਪ੍ਰਸ਼ਾਸਨਕ ਢਿੱਲੋਂ ਨੇ ਲੋਕਾਂ ਨੂੰ ਬਿਜਲੀ ਸੰਬੰਧੀ ਸ਼ਿਕਾਇਤਾਂ ਚੇਅਰਮੈਨ ਮਾਰਕੀਟ ਕਮੇਟੀ ਗੁਰਵਿੰਦਰ ਸਿੰਘ ਢਿੱਲੋਂ ਨਾਲ ਰਾਬਤਾ ਕਰਨ ਲਈ ਬੇਨਤੀ ਕੀਤੀ ਤੇ ਕਿਹਾ ਕਿ ਮੇਰੇ ਦਫਤਰ ਪਟਿਆਲਾ ਵਿਖੇ ਮੈਨੂੰ ਵੀ ਮਿਲ ਕੇ ਦੱਸਣ।ਇਸ ਮੌਕੇ ਪਾਰਟੀ ਆਗੂਆਂ ਨਿਰਮਲ ਸਿੰਘ ਸੀੜਾ, ਬਲਬੀਰ ਸਿੰਘ ਸੋਢੀ, ਤਰਸੇਮੀ ਉਪਲ, ਅਜੀਤ ਸਿੰਘ ਤਿੰਬਰਪੁਰ, ਪਵੇਲ ਹਾਂਡਾ, ਸਤਿੰਦਰ ਸਿੰਘ ਟਿਵਾਣਾ, ਮੋਹਿਤ ਸੂਦ ਖਜ਼ਾਨਚੀ, ਦਰਸ਼ਨ ਸਿੰਘ ਲਟੌਰ, ਬੱਗਾ ਸਿੰਘ ਲਟੌਰ, ਸਰਪੰਚ ਸਿੰਧੜਾਂ, ਹਰਦੇਵ ਸਿੰਘ ਭਮਾਰਸੀ, ਬਲਜੀਤ ਸਿੰਘ ਖਾਲਸਾ ਜੱਲਾ ਆਦਿ ਨੇ ਆਏ ਅਧਿਕਾਰੀਆਂ ਨੂੰ ਜੀ ਆਇਆਂ ਆਖਿਆ ਤੇ ਲੋਕ ਹੱਕੀ ਫੈਸਲੇ ਤੁਰੰਤ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਪਾਰਟੀ ਦੇ ਸਾਬਕਾ ਮੁਲਾਜ਼ਮ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਤੇ ਮੀਤ ਪ੍ਰਧਾਨ ਬਲਦੇਵ ਸਿੰਘ ਸ਼ਮਸ਼ੇਰ ਨਗਰ ਨੇ ਵੀ ਹਾਜ਼ਰੀ ਭਰੀ ।ਬਲਕਾਰ ਸਿੰਘ ਸਾਬਕਾ ਸਰਪੰਚ ਵੀ ਹਾਜ਼ਰ ਸਨ।

## ਬੈਂਕ ਦੇ ਬਾਹਰ ਖੜ੍ਹਾ ਮੋਟਰਸਾਈਕਲ ਚੋਰੀ

**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸਥਾਨਕ ਸ਼ਹਿਰ ਵਿੱਚ ਚੋਰੀ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਭਾਂਵੇ ਕਿ ਸ਼ਹਿਰ ਵਿੱਚ ਪੀ.ਸੀ.ਆਰ. ਦੀ ਗਸ਼ਤ ਵਧਾਈ ਗਈ ਹੈ, ਪਰ ਚੋਰ ਇੰਨਾ ਕੁਝ ਹੋਣ ਦੇ ਬਾਵਜੂਦ ਘਟਨਾ ਨੂੰ ਅੰਜਾਮ ਦੇ ਜਾਂਦੇ ਹਨ।

ਇਸ ਤਰ੍ਹਾਂ ਹੀ ਬੀਤੇ ਦਿਨੀਂ ਚੋਰੀ ਸ਼ਹਿਰ ਦੀ ਅਨਾਜ ਮੰਡੀ ਵਿੱਚ ਸਥਿਤ ਐੱਚ.ਡੀ.ਐੱਫ.ਸੀ. ਬੈਂਕ ਦੇ ਬਾਹਰ ਤੋਂ ਮੋਟਰਸਾਈਕਲ ਚੋਰੀ ਕਰਕੇ ਲੈ ਗਏ। ਪਿੰਡ ਚੱਕ ਦੂਹੇਵਾਲਾ ਨਿਵਾਸੀ ਵਾਹਿਗੁਰੂ ਸਿੰਘ ਪੁੱਤਰ ਜਗਮੋਹਨ ਸਿੰਘ ਨੇ ਦੱਸਿਆ ਕਿ ਉਹ ਆਪਣੇ ਸਪਲੈਂਡਰ ਮੋਟਰ ਸਾਇਕਲ ਨੰਬਰ ਪੀ.ਬੀ. 30 .ਪੀ 21 70 ਰਾਹੀਂ ਅਨਾਜ ਮੰਡੀ ਸਥਿਤ ਐਚ ਡੀ ਐਫ਼ ਸੀ ਬੈਂਕ ਵਿਚ ਕੰਮ ਆਇਆ ਸੀ।

ਉਸ ਨੇ ਮੋਟਰਸਾਈਕਲ ਬੈਂਕ ਦੇ ਬਾਹਰ ਲਗਾ ਦਿੱਤਾ ਤੇ ਖੁਦ ਅੰਦਰ ਚਲਾ ਗਿਆ, ਪਰ ਜਦੋਂ ਉਹ ਕੁਝ ਸਮੇਂ ਬਾਅਦ ਬਾਹਰ ਆਇਆ ਤਾਂ ਮੋਟਰਸਾਈਕਲ ਚੋਰੀ ਹੋ ਚੁੱਕਾ ਸੀ। ਉਸ ਨੇ ਕਾਫ਼ੀ ਤਲਾਸ਼ ਕੀਤੀ, ਪਰ ਕੋਈ ਪਤਾ ਨਹੀਂ ਚੱਲ ਸਕਿਆ। ਇਸ ਸਬੰਧੀ ਉਸ ਨੇ ਥਾਣਾ ਸਿਟੀ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਹੈ।

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸੰਚਾਲਿਤ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਵਿਖੇ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਆਂ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦਰਸਾਉਂਦੇ ਡਿਸਪਲੇ ਬੋਰਡ ਤਿਆਰ ਕੀਤੇ। ਉਪਰੰਤ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਗੁਰਬਾਣੀ ਦੇ ਪਾਠ, ਸ਼ਬਦ-ਕੀਰਤਨ, ਕਵੀਸ਼ਰੀਆਂ, ਢਾਡੀ ਵਾਰਾਂ, ਭਾਸ਼ਣ ਤੇ ਧਾਰਮਿਕ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਪ੍ਰਿੰਸੀਪਲ ਅਨੁਰਾਧਾ ਬੱਬਰ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਸਾਨੂੰ ਸਾਡੇ ਲਾਸਾਨੀ ਇਤਿਹਾਸ ਤੇ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਜ਼ੁਲਮਾਂ ਅਤੇ ਜਾਬਰਾਂ ਵਿਰੁੱਧ ਲੜਨ ਲਈ ਬਹੁਤ ਕੁਝ ਸਿੱਖਣ ਦੀ ਲੋੜ ਹੈ।

## ਟ੍ਰੈਫਿਕ 'ਚ ਸੁਧਾਰ ਲਈ ਪੁਲਸ ਦੀ ਪ੍ਰਸੰਸਾ



**ਬਰੇਟਾ (ਗੋਬਿੰਦ ਸ਼ਰਮਾ)**-ਐੱਸ ਐੱਸ ਪੀ ਸ੍ਰੀ ਵਰੁਣ ਸ਼ਰਮਾ ਤੇ ਟ੍ਰੈਫਿਕ ਪੁਲਸ ਇੰਚਾਰਜ ਇੰਸਪੈਕਟਰ ਪ੍ਰੀਤਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟ੍ਰੈਫਿਕ ਪੁਲਸ ਦੇ ਏ ਐੱਸ ਆਈ ਸੁਖਪਾਲ ਸਿੰਘ ਵੱਲੋਂ ਪਾਤੜਾਂ ਸ਼ਹਿਰ ਦੇ ਟ੍ਰੈਫਿਕ ਪ੍ਰਬੰਧਾਂ ਨੂੰ ਠੀਕ ਕਰਦੇ ਹੋਏ ਸ਼ਹਿਰ ਦੇ ਦੁਕਾਨਦਾਰਾਂ ਨੂੰ ਪ੍ਰੇਰਿਤ ਕਰਦੇ ਹੋਏ ਇੰਨਕਰੋਚਮੈਂਟ ਹਟਵਾਈ ਗਈ. ਜਿਸ ਨਾਲ ਸ਼ਹਿਰ ਵਿਚਲੀ ਆਵਾਜਾਈ ਸੁਖਾਲੀ ਹੋਈ, ਜਿਸ ਨਾਲ ਸ਼ਹਿਰ ਵਾਸੀਆਂ ਨੇ ਸੁੱਖ ਦਾ ਸਾਹ ਲਿਆ ਤੇ ਸ਼ਹਿਰ 'ਚ ਟ੍ਰੈਫਿਕ ਪੁਲਸ ਨੇ ਟ੍ਰੈਫਿਕ ਨਿਯਮਾਂ ਨੂੰ ਤੋੜਨ ਵਾਲਿਆਂ ਦੇ ਚਲਾਨ ਕੱਟ ਕੇ ਉਨ੍ਹਾਂ ਉਪਰ ਵੀ ਸਖਤੀ ਕਰਕੇ ਟ੍ਰੈਫਿਕ ਸਿਸਟਮ 'ਚ ਵਧੀਆ ਸੁਧਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਸੁਖਪਾਲ ਸਿੰਘ ਪਹਿਲਾਂ ਵੀ ਪਾਤੜਾਂ ਸ਼ਹਿਰ 'ਚ ਲਗਭਗ ਚਾਰ ਸਾਲ ਪਹਿਲਾਂ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਕੇ ਵਧੀਆ ਸੇਵਾਵਾਂ ਦੇ ਗਏ ਹਨ। ਉਨ੍ਹਾਂ ਦੇ ਇਸ ਕੰਮ ਦੀ ਸ਼ਹਿਰ ਵਾਸੀਆਂ ਨੇ ਪ੍ਰਸੰਸਾ ਕੀਤੀ ਹੈ।

## ਵਿਦਿਆਰਥੀਆਂ ਨੇ ਲਾਇਆ ਸਾਇੰਸ ਸਿਟੀ ਦਾ ਟੂਰ



**ਭੀਖੀ (ਧਰਮਵੀਰ ਸ਼ਰਮਾ)**

ਸਰਵਹਿੱਤਕਾਰੀ ਵਿੱਦਿਆ ਮੰਦਰ ਸੀਬੀਐਸਈ ਦਾ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਦਾ ਸਾਇੰਸ ਸਿਟੀ ਕਪੂਰਥਲਾ ਦਾ ਟੂਰ ਲਿਜਾਇਆ ਗਿਆ। ਇਸ ਇਕਰੋਜ਼ਾ ਟੂਰ ਨੂੰ ਲੈ ਕੇ ਬੱਚਿਆਂ ਵਿੱਚ ਬੜਾ ਹੀ ਚਾਅ ਤੇ ਉਤਸ਼ਾਹ ਸੀ। ਇਸ ਵਿਦਿਅਕ ਟੂਰ ਵਿੱਚ ਜਮਾਤ ਤੀਜੀ ਤੋਂ ਪੰਜਵੀਂ ਜਮਾਤ ਤੱਕ ਦੇ ਕੁੱਲ 160 ਵਿਦਿਆਰਥੀ ਅਤੇ ਉਨ੍ਹਾਂ ਦੇ ਨਾਲ 7 ਅਧਿਆਪਕ ਗਏ।

ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਤੇ ਉਪ ਪ੍ਰਿੰਸੀਪਲ ਹਰਸ਼ ਦੇਵ ਦੀ ਅਗਵਾਈ ਇਹ ਟੂਰ ਰਵਾਨਾ ਹੋਇਆ। ਸਾਇੰਸ ਸਿਟੀ ਵਿੱਚ ਪਹੁੰਚ ਕੇ ਸਾਰੇ ਬੱਚਿਆਂ ਨੇ ਸਵੇਰ ਦਾ ਨਾਸ਼ਤਾ ਕੀਤਾ। ਇਸ ਤੋਂ ਬਾਅਦ ਸਾਰੇ ਬੱਚਿਆਂ ਨੂੰ ਸਾਇੰਸ ਸਿਟੀ ਵਿੱਚ ਸ਼ਾਮਲ ਵਿਗਿਆਨ ਦੇ ਵੱਖ-ਵੱਖ ਨਮੂਨੇ ਜਿਵੇਂ ਕਿ ਰਾਸ਼ਟਰੀ ਪੰਛੀ ਗੈਲਰੀ, ਚੰਦਰਯਾਨ ਰੋਬਰ ਮਾਡਲ, ਲੇਜ਼ਰ ਸ਼ੋਅ, ਡਾਇਨਾਸੋਰ ਪਰਵਾਰ ਗੈਲਰੀ, ਮਾਨਵ ਜੀਵਨ ਦੀ ਸ਼ੁਰੂਆਤ ਮਾਡਲ ਅਤੇ ਫ਼ਿਲਮ ਗੈਲਰੀ ਆਦਿ ਦਿਖਾਏ ਗਏ, ਜਿਸ ਨਾਲ ਬੱਚਿਆਂ ਨੂੰ ਬੜੀ ਹੀ ਅਹਿਮ ਜਾਣਕਾਰੀ ਪ੍ਰਾਪਤ ਹੋਈ।

ਇਸ ਤੋਂ ਬਾਅਦ ਬੱਚਿਆਂ ਨੂੰ ਗਲੋਬਲ ਵਾਰਮਿੰਗ ਦੇ ਵਧ ਰਹੇ ਖਤਰੇ ਨੂੰ ਫ਼ਿਲਮ ਦੇ ਮਾਧਿਅਮ ਰਾਹੀਂ ਦਿਖਾਇਆ ਗਿਆ, ਜਿਹੜਾ ਅੱਜ ਸਾਡੇ ਲਈ ਸਭ ਤੋਂ ਮਹੱਤਵਪੂਰਨ ਅਤੇ ਗੰਭੀਰ ਵਿਸ਼ਾ ਹੈ। ਇਸ ਤੋਂ ਬਾਅਦ ਬੱਚਿਆਂ ਨੇ ਦੁਪਹਿਰ ਦਾ ਖਾਣਾ ਖਾਧਾ ਤੇ ਉੱਥੇ ਬਣੇ ਪਾਰਕ ਵਿੱਚ ਝੂਲਿਆਂ ਦਾ ਆਨੰਦ ਮਾਣਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਅਜਿਹੇ ਵਿੱਦਿਅਕ ਟੂਰ ਬੱਚਿਆਂ ਦੀ ਜਿਗਿਆਸਾ ਨੂੰ ਵਧਾਉਂਦੇ ਹਨ ਤੇ ਬੱਚਿਆਂ ਦੀ ਗਿਆਨ ਦੀ ਭਾਵਨਾ ਨੂੰ ਤ੍ਰਿਪਤ ਕਰਦੇ ਹਨ। ਬੱਚਿਆਂ ਦੇ ਲਈ ਇਹ ਟੂਰ ਬੜਾ ਹੀ ਰੌਚਕ, ਯਾਦਗਾਰ ਅਤੇ ਆਨੰਦਮਈ ਰਿਹਾ। ਸਕੂਲ ਦੀ ਪ੍ਰਬੰਧ ਸੰਮਤੀ ਨੇ ਇਸ ਵਿਦਿਅਕ ਟੂਰ ਦੀ ਭਰਭੂਰ ਸ਼ਲਾਘਾ ਕੀਤੀ।

## ਮੌੜ ਮੰਡੀ ਤੇ ਬਠਿੰਡਾ 'ਚ ਮੈਡੀਕਲ ਲੈਬੋਰਟਰੀਆਂ ਅਤੇ ਡਾਇਗਨੋਸਟਿਕ ਸੈਂਟਰਾਂ ਦਾ ਉਦਘਾਟਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਰਜਿ. ਦੇ ਮੈਨੇਜਿੰਗ ਟਰੱਸਟੀ ਡਾਕਟਰ ਐਸ ਪੀ ਓਬਰਾਏ ਦੁਆਰਾ ਗੁਰਦਵਾਰਾ ਖਾਲਸਾ ਦੀਵਾਨ, ਨਜ਼ਦੀਕ ਰੇਲਵੇ ਸਟੇਸ਼ਨ, ਮੌੜ ਮੰਡੀ ਅਤੇ ਗੁਰਦਵਾਰਾ ਜੀਵਨ ਪ੍ਰਕਾਸ਼ ਮਾਡਲ ਟਾਊਨ ਫੇਜ਼-1 ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਆਗਮਨ ਦਿਵਸ ਨੂੰ ਸਮਰਪਤ, ਸੰਨੀ ਓਬਰਾਏ ਕਲੀਨੀਕਲ ਲੈਬੋਰਟਰੀਆਂ ਤੇ ਡਾਇਗਨੋਸਟਿਕ ਸੈਂਟਰਾਂ ਦਾ ਉਦਘਾਟਨ ਆਪਣੇ ਕਰ ਕਮਲਾਂ ਨਾਲ ਕੀਤਾ। ਮੌੜ ਮੰਡੀ ਵਿਖੇ ਲੈਬ ਦਾ ਉਦਘਾਟਨ ਡਾਕਟਰ ਐਸ ਪੀ ਸਿੰਘ ਓਬਰਾਏ ਤੇ ਸੰਤ ਬਾਬਾ ਕਾਕਾ ਸਿੰਘ ਜੀ, ਗੁਰੂਦੁਆਰਾ ਬੁੰਗਾ ਮਸਤੂਆਣਾ ਸਹਿਬ, ਤਲਵੰਡੀ ਸਾਬੋ ਨੇ ਸਾਂਝੇ ਤੌਰ 'ਤੇ ਕੀਤਾ। ਉਦਘਾਟਨ ਸਮੇਂ ਲੈਬ ਇੰਚਾਰਜ ਬਲਵੀਰ ਸਿੰਘ, ਸਹਿਯੋਗੀ ਸੱਜਣਾਂ ਤੇ ਭਾਈ ਸੰਤ ਸਿੰਘ ਸਕੱਤਰ, ਗੁਰੂਦੁਆਰਾ ਬੁੰਗਾ ਮਸਤੂਆਣਾ ਸਹਿਬ, ਤਲਵੰਡੀ ਸਾਬੋ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੁਬਾਰਕ ਮੌਕੇ ਡਾਕਟਰ ਐਸ.ਪੀ ਓਬਰਾਏ ਸਾਹਿਬ ਨੇ ਰਸਮੀ ਗੱਲਬਾਤ ਕਰਦੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਸੰਚਾਲਤ ਇਨ੍ਹਾਂ ਲੈਬੋਰਟਰੀਆਂ ਵਿੱਚ ਨਾਮਾਤਰ ਦਰਾਂ 'ਤੇ ਮੈਡੀਕਲ ਟੈੱਸਟ ਕੀਤੇ ਜਾਂਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਇਸ ਸਾਲ ਦੇ ਅੰਤ ਤੱਕ ਅਜਿਹੀਆਂ 100 ਲੈਬੋਰਟਰੀਆਂ ਸਥਾਪਤ ਕਰਨ ਦਾ ਟੀਚਾ ਸੀ, ਜਿਹਨਾਂ ਵਿਚੋਂ 91 ਲੈਬੋਰਟਰੀਆਂ ਚਾਲੂ ਕਰ ਦਿੱਤੀਆਂ ਗਈਆਂ ਹਨ ਤੇ ਬਾਕੀ ਇਸ ਸਾਲ ਦੇ ਅੰਤ ਤਕ ਚਾਲੂ ਕਰ ਦਿੱਤੀਆਂ ਜਾਣਗੀਆਂ। ਸਸਤੇ ਰੇਟਾਂ 'ਤੇ ਜਲਦੀ ਹੀ ਫਾਰਮੇਸੀ ਖੋਲ੍ਹਣ ਦੀ ਵੀ ਤਜਵੀਜ਼ ਹੈ। ਡਾਕਟਰ ਓਬਰਾਏ ਤੇ ਡਾਕਟਰ ਦਲਜੀਤ ਸਿੰਘ ਗਿੱਲ ਦੇ ਗੁਰਦਵਾਰਾ ਜੀਵਨ ਪ੍ਰਕਾਸ਼ ਸਾਹਿਬ ਫ਼ੇਜ਼ 1, ਬਠਿੰਡਾ ਵਿਖੇ ਪਹੁੰਚਣ 'ਤੇ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਰਬੱਤ ਦਾ ਭਲਾ ਟਰੱਸਟ ਦੀ ਬਠਿੰਡਾ ਟੀਮ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ।

ਇਸ ਉਦਘਾਟਨੀ ਸਮਾਰੋਹ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ, ਮਾਡਲ ਟਾਊਨ, ਫੇਜ-, ਬਠਿੰਡਾ ਦੇ ਪ੍ਰਧਾਨ, ਸਕੱਤਰ ਤੇ ਸਾਰੇ ਮੈਂਬਰਾਂ ਨੇ ਟਰੱਸਟ ਦਾ ਤਨਦੇਹੀ ਨਾਲ ਟਰੱਸਟ ਦਾ ਸਾਥ ਦਿੱਤਾ ਤੇ ਲੈਬ ਦੀ ਕਾਮਯਾਬੀ ਲਈ ਕੋਸ਼ਿਸ਼ ਦਾ ਵਿਸ਼ਵਾਸ ਦੁਆਇਆ। ਆਈ ਹੋਈ ਸੰਗਤ ਲਈ ਅਟੁੱਟ ਲੰਗਰ ਦੀ ਸੇਵਾ ਦਾ ਪ੍ਰਬੰਧ ਵੀ ਗੁਰੂਦੁਆਰਾ ਕਮੇਟੀ ਵੱਲੋਂ ਕੀਤਾ ਗਿਆ। ਬਠਿੰਡਾ ਦੀ ਲੈਬ ਖੋਲ੍ਹਣ ਵਿੱਚ ਲੈਬ ਇੰਚਾਰਜ ਬਲਵੀਰ ਸਿੰਘ ਅਤੇ ਸੁਰਜੀਤ ਸਿੰਘ ਮੈਨੇਜਰ ਦਾ ਵਿਸ਼ੇਸ਼ ਯੋਗਦਾਨ ਰਿਹਾ ਅਤੇ ਦਿਨ-ਰਾਤ ਇੱਕ ਕਰਕੇ ਲੈਬ ਨੂੰ ਕੰਪਲੀਟ ਕੀਤਾ। ਸਰਬੱਤ ਦਾ ਭਲਾ ਟੀਮ ਦੇ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਚੈਰੀਟੇਬਲ ਟਰੱਸਟ ਵਲੋਂ ਕੀਤੇ ਜਾਂਦੇ ਵੱਖ-ਵੱਖ ਭਲਾਈ ਕਾਰਜਾਂ ਜਿਵੇਂ ਲੋੜਵੰਦਾਂ ਨੂੰ ਪੈਨਸ਼ਨ, ਲੋੜਵੰਦ ਮਰੀਜ਼ਾਂ ਨੂੰ ਮੈਡੀਕਲ ਪੈਨਸ਼ਨ, ਮੁਫ਼ਤ ਕੰਪਿਊਟਰ ਸਿੱਖਿਆ, ਮੁਫ਼ਤ ਸਿਲਾਈ-ਕਢਾਈ ਸਿੱਖਿਆ, ਅੱਖਾਂ ਦੇ ਮੁਫ਼ਤ ਅਪ੍ਰੇਸ਼ਨ ਕੈਂਪ, ਮੁਫ਼ਤ ਮੈਡੀਕਲ ਕੈਂਪ ਬਹੁਤ ਹੀ ਵਾਜਿਬ ਰੇਟਾਂ 'ਤੇ ਸੰਨੀ ਓਬਰਾਏ ਕਲੀਨੀਕਲ ਲੈਬੋਰੇਟਰੀ ਵਲੋਂ ਕੀਤੇ ਜਾਂਦੇ ਮੈਡੀਕਲ ਟੈਸਟਾਂ ਬਾਰੇ ਅਤੇ ਟਰੱਸਟ ਵਲੋਂ ਪੀਣ ਵਾਲੇ ਪਾਣੀ ਲਈ ਸੰਸਥਾਵਾਂ ਨੂੰ ਆਰ.ਓ. ਦਾਨ ਦੇਣ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸਰਬੱਤ ਦਾ ਭਲਾ ਟਰੱਸਟ ਦੀ ਬਠਿੰਡਾ ਇਕਾਈ ਦੇ ਜਨਰਲ ਸਕੱਤਰ ਅਮਰਜੀਤ ਸਿੰਘ, ਬਲਦੇਵ ਸਿੰਘ ਕੈਸ਼ੀਅਰ, ਗੁਰਤੇਜ ਸਿੰਘ ਜੀਦਾ ਯੂ ਐਸ ਏ, ਜਗਤਾਰ ਸਿੰਘ ਆਹਲੂਵਾਲੀਆ, ਦਰਸ਼ਨ ਸਿੰਘ ਜੀਦਾ ਹਾਜ਼ਰ ਸਨ। ਅੰਤ ਅਮਰਜੀਤ ਸਿੰਘ ਸਕੱਤਰ ਨੇ ਮੈਂਬਰਾਂ ਤੇ ਸਮੂਹ ਇਲਾਕਾ ਨਿਵਾਸੀ ਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।

## ਸ਼ਹੀਦੀ ਦਿਹਾੜਿਆਂ ਨੂੰ ਸ਼ਰਧਾ ਭਾਵਨਾ ਤੇ ਰਹਿਤ ਮਰਿਆਦਾ ਨਾਲ ਮਨਾਇਆ ਜਾਵੇ : ਜਥੇਦਾਰ ਢੈਂਠਲ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਦਲ ਪੰਜਾਬ ਦੇ ਮੁੱਖ ਦਫਤਰ ਸ਼ਹਿਰ ਸਮਾਣਾ ਵਿਖੇ ਵਿਸ਼ੇਸ਼ ਮੀਟਿੰਗ ਰੱਖੀ ਗਈ। ਮੀਟਿੰਗ ਵਿੱਚ ਅਹਿਮ ਫੈਸਲੇ ਲਏ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਨ ਸ਼ੁਰੂ ਹੋਣ ਵਾਲੇ ਹਨ, ਜਿਸ ਤਹਿਤ ਗ੍ਰੰਥੀ ਤੇ ਪਾਠੀ ਸਿੰਘਾਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜੋ ਕਿ ਸ਼ਹੀਦੀ ਦਿਹਾੜਿਆਂ ਨੂੰ ਬੜੀ ਸ਼ਰਧਾ ਭਾਵਨਾ ਨਾਲ ਰਹਿਤ ਮਰਿਆਦਾ ਦਾ ਖਾਸ ਧਿਆਨ ਰੱਖਦਿਆਂ ਪੂਰੇ ਜਾਹੋ ਜਲਾਲ ਨਾਲ ਮਨਾਇਆ ਜਾ ਸਕੇ। ਇਸ ਮੌਕੇ ਭਾਈ ਝਰਮਲ ਸਿੰਘ ਸਮਾਣਾ ਜ਼ਿਲ੍ਹਾ ਪ੍ਰਧਾਨ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਵਿੰਗ ਪਟਿਆਲਾ ਨੂੰ ਪੰਜਾਬ ਦਾ ਐਗਜ਼ੈਕਟਿਵ ਮੈਂਬਰ ਲਗਾਇਆ ਗਿਆ। ਇਸ ਮੌਕੇ ਜਥੇਦਾਰ ਢੈਂਠਲ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਸ਼ਹੀਦੀ ਦਿਹਾੜਿਆਂ ਨੂੰ ਬੜੀ ਸ਼ਰਧਾ ਭਾਵਨਾ ਤੇ ਰਹਿਤ ਮਰਿਆਦਾ ਨਾਲ ਮਨਾਇਆ ਜਾਵੇ। ਉਨ੍ਹਾਂ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਆਪਾਂ ਸ਼ਰਧਾ ਭਾਵਨਾ ਨਾਲ ਸ਼ਹੀਦੀ ਦਿਹਾੜੇ ਮਨਾਈਏ ਤੇ ਹੁੱਲੜਬਾਜ਼ੀ ਤੋਂ ਦੂਰ ਰਹੀਏ ਤਾਂ ਜੋ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਦੇ ਸਕੀਏ। ਭਾਈ ਝਰਮਲ ਸਿੰਘ ਵੱਲੋਂ ਜ਼ਿਲ੍ਹਾ ਪਟਿਆਲਾ ਦੀ ਪ੍ਰਧਾਨਗੀ ਤੋਂ ਅਸਤੀਫਾ ਦਿੱਤਾ ਗਿਆ। ਉਸ ਅਹੁਦੇ ਲਈ ਕਾਰਜਕਾਰੀ ਪ੍ਰਧਾਨ ਪਟਿਆਲਾ ਪਰਮਜੀਤ ਸਿੰਘ ਖਾਨਪੁਰ ਨੂੰ ਲਗਾਇਆ ਗਿਆ। ਇਸ ਮੌਕੇ ਬਾਬਾ ਬੰਦਾ ਸਿੰਘ ਬਹਾਦਰ ਦਲ ਪੰਜਾਬ ਦੇ ਪ੍ਰਧਾਨ ਜਥੇਦਾਰ ਕੁਲਦੀਪ ਸਿੰਘ ਢੈਂਠਲ ਨੇ ਆਖਿਆ ਕਿ ਭਾਈ ਝਰਮਲ ਸਿੰਘ ਦੀਆਂ ਗਤੀਵਿਧੀਆਂ ਨੂੰ ਵੇਖਦੇ ਉਸ ਨੂੰ ਪੰਜਾਬ ਬਾਡੀ ਵਿੱਚ ਐਗਜ਼ੈਕਟਿਵ ਮੈਂਬਰ ਲਗਾ ਦਿੱਤਾ ਗਿਆ ਹੈ। ਇਸ ਮੌਕੇ ਭਾਈ ਪਰਮਜੀਤ ਸਿੰਘ ਖਾਨਪੁਰ, ਭਾਈ ਰਣਜੋਧ ਸਿੰਘ ਆਸਟ੍ਰੇਲੀਆ, ਭਾਈ ਜਸਵੰਤ ਸਿੰਘ ਕੋਟਲੀ, ਭਾਈ ਕਸਮੀਰ ਸਿੰਘ ਲਾਲੀ, ਭਾਈ ਸਾਹਿਬ ਸਿੰਘ ਭੰਗੂ, ਭਾਈ ਰਣਜੀਤ ਸਿੰਘ ਫਤਿਹਪੁਰ, ਭਾਈ ਸਾਹਿਬ ਸਿੰਘ ਚਾਬਾ, ਭਾਈ ਭੁਪਿੰਦਰ ਸਿੰਘ ਕੁਤਬਨਪੁਰ, ਭਾਈ ਗੁਰਨਾਮ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਰਾਮਰੱਖਾ ਸਿੰਘ, ਭਾਈ ਸੁਖਦੇਵ ਸਿੰਘ ਸ਼ਾਦੀਪੁਰ, ਭਾਈ ਜੁਝਾਰ ਸਿੰਘ, ਭਾਈ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# 108 ਐਂਬੂਲੈਂਸ ਇੰਪਲਾਈਜ਼ ਯੂਨੀਅਨ ਵੱਲੋਂ ਮੁੱਖ ਮੰਤਰੀ ਨੂੰ ਚਾਬੀਆਂ ਸੌਂਪਣ ਦਾ ਐਲਾਨ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

108 ਐਂਬੂਲੈਂਸ ਇੰਪਲਾਈਜ ਯੂਨੀਅਨ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਨਵੰਬਰ ਮਹੀਨੇ ਤੋਂ ਸਮੂਹ ਮੁਲਾਜ਼ਮ ਪਾਇਲਟ ਅਤੇ ਈ.ਐਮ.ਟੀ ਆਪਣੀਆਂ ਜਾਇਜ਼ ਮੰਗਾਂ ਜਿਵੇਂ ਤਨਖਾਹ 'ਚ ਸਾਲਾਨਾ ਵਾਧਾ, ਐਂਬੂਲੈਂਸਾਂ ਦਾ ਸਹੀ ਰੱਖ-ਰੱਖਾਅ ਅਤੇ ਮਰੀਜ਼ਾਂ ਲਈ ਐਂਬੂਲੈਂਸ ਵਿੱਚ ਵਰਤੀ ਜਾਂਦੀ ਜੀਵਨ ਰੱਖਿਆ ਪ੍ਰਨਾਲੀ ਦੇ ਸਹੀ ਸਾਜੋ ਸਮਾਨ ਦੀ ਮੰਗ ਕਰਦੇ ਹੋਏ ਸਮੂਹਿਕ ਭੁੱਖ ਹੜਤਾਲ 'ਤੇ ਹਨ ਅਤੇ ਭੁੱਖ ਹੜਤਾਲ ਦੌਰਾਨ ਐਂਬੂਲੈਂਸ ਚਲਾ ਕੇ ਆਪਣਾ ਰੋਸ ਜ਼ਾਹਰ ਕਰ ਰਹੇ ਹਨ, ਪਰ ਐਂਬੂਲੈਂਸਾਂ ਦਾ ਰੱਖ-ਰੱਖਾਅ ਕਰਨ ਵਾਲੀ ਜਕਿਤਜਾ ਹੈਲਥ ਕੇਅਰ ਕੰਪਨੀ ਵੱਲੋਂ ਮੁਲਾਜ਼ਮ ਮੰਗਾਂ ਦਾ ਨਿਪਟਾਰਾ ਤਾਂ ਕੀ ਕਰਨਾ, ਸਗੋਂ ਘਰ ਬੈਠੇ ਜਾਂ ਹੋਰ ਗੱਡੀ 'ਤੇ ਤਾਇਨਾਤ ਸਟਾਫ਼ ਦੀਆਂ ਫ਼ਰਜ਼ੀ ਹਾਜ਼ਰੀਆਂ ਲਾ ਕੇ ਸਰਕਾਰ ਤੋਂ ਖੜੀਆਂ ਗੱਡੀਆਂ ਦੇ ਕਲੇਮ ਹਾਸਲ ਕਰਨੇ ਸ਼ੁਰੂ ਕਰ ਦਿੱਤੇ ਅਤੇ ਅਜਿਹੇ ਵਰਤਾਰੇ ਦਾ ਵਿਰੋਧ ਕਰਨ ਵਾਲੇ ਕ੍ਰਮਚਾਰੀਆਂ ਦਾ ਮਨੋਬਲ ਤੋੜਨ ਲਈ ਕ੍ਰਮਚਾਰੀਆਂ ਨੂੰ ਬਰਖਾਸਤ ਕਰਕੇ ਸੱਚ ਦੀ ਅਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਅਫ਼ਸੋਸ ਦੀ ਗੱਲ ਹੈ ਕਿ ਕਈ ਜ਼ਿਲ੍ਹਿਆਂ ਦੇ ਡਿਪਟੀ ਮੈਡੀਕਲ ਕਮਿਸ਼ਨਰ ਇਨ੍ਹਾਂ ਕੰਪਨੀ ਦੇ ਕਲਸਟਰ ਜ਼ਿਲ੍ਹਾ ਮੈਨੇਜਰ ਅਤੇ ਐਚ.ਆਰ ਵਿਭਾਗ ਦੇ ਅਧਿਕਾਰੀਆਂ ਦਾ ਬਚਾਅ ਕਰ ਰਹੇ ਹਨ।



ਸੂਬਾ ਪ੍ਰਧਾਨ ਨੇ ਕੰਪਨੀ ਦੇ ਜ਼ਿਲ੍ਹਾ ਮੈਨੇਜਰਾਂ ਤੇ ਐਚ.ਆਰ ਵਿਭਾਗ 'ਤੇ ਦੋਸ਼ ਲਾਉਂਦੇ ਹੋਏ ਦੱਸਿਆ ਕਿ ਐਚ.ਆਰ.ਲੋਕਲ ਆਪਣੀ ਜਾਣ-ਪਛਾਣ ਦੇ ਮਿਸਤਰੀਆਂ ਕੋਲੋਂ ਗੱਡੀਆਂ ਦਾ ਕੰਮ ਕਰਾਉਂਦੇ ਹਨ ਅਤੇ ਸਹੀ ਸਮੇਂ ਏਜੰਸੀ ਤੋਂ ਸਰਵਿਸ ਨਹੀਂ ਕਰਾਈ ਜਾਂਦੀ, ਜਿਸਦੇ ਫਲਸਰੂਪ ਗੱਡੀਆਂ ਦੀ ਵਰੰਟੀ ਸਮੇਂ ਤੋਂ ਪਹਿਲਾਂ ਖਤਮ ਹੋ ਰਹੀ ਹੈ ਅਤੇ ਸਮੇਂ ਸਿਰ ਸਰਵਿਸ ਨਾ ਹੋਣ 'ਤੇ ਇੰਜਣ ਦਾ ਤੇਲ ਬਹੁਤ ਗਾੜ੍ਹਾ ਹੋਣ ਕਾਰਨ ਸਮੇਂ ਤੋਂ ਪਹਿਲਾਂ ਇੰਜਨ ਕੰਡਮ ਹੋ ਰਹੇ ਹਨ। ਟਾਇਰ ਉਦੋਂ ਤੱਕ ਨਹੀਂ ਬਦਲੇ ਜਾਂਦੇ, ਜਦੋਂ ਤੱਕ ਤਾਰਾਂ ਬਾਹਰ ਨਾ ਆ ਜਾਣ। ਇਸ ਲਈ ਹਾਦਸਿਆਂ ਦਾ ਖਤਰਾ ਵਧ ਜਾਂਦਾ ਹੈ ਅਤੇ ਕਈ ਹਾਦਸੇ ਵਾਪਰ ਚੁੱਕੇ ਹਨ।

ਸੂਬਾ ਪ੍ਰਧਾਨ ਨੇ ਜੀਵਨ ਰੱਖਿਆ ਪ੍ਰਨਾਲੀ 'ਚ ਵਰਤੇ ਜਾਣ ਵਾਲੇ ਸਮਾਨ ਦੇ ਖਰਾਬ ਹੋਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਸਮਾਨ ਖਰਾਬ ਹੋਣ ਕਾਰਨ ਸਾਨੂੰ ਲੋਕਾਂ ਦੇ ਰੋਸ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧੀ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਨੂੰ ਜ਼ਿਲ੍ਹਾ ਪੱਧਰੀ ਡਿਪਟੀ ਮੈਡੀਕਲ ਕਮਿਸ਼ਨਰਾਂ ਤੇ ਰਾਜ ਪੱਧਰ 'ਤੇ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਰਾਹੀਂ ਪੱਤਰ ਭੇਜ ਕੇ ਜਾਣੂ ਕਰਾਇਆ ਜਾ ਚੁੱਕਾ ਹੈ ਅਤੇ ਸੀਨੀਅਰ ਕਪਤਾਨ ਪੁਲਸ ਨੂੰ ਵੀ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਇਸ ਧੋਖਾਧੜੀ ਦੇ ਮੱਦੇਨਜ਼ਰ ਸਖਤ ਕਨੂੰਨੀ ਕਾਰਵਾਈ ਲਈ ਯੂਨੀਅਨ ਵੱਲੋਂ ਪੱਤਰ ਭੇਜਿਆ ਗਿਆ ਹੈ, ਜਿਸਦੀ ਪੜਤਾਲ ਐਸ.ਪੀ ਰੂਰਲ ਸ੍ਰੀ ਮਨਪ੍ਰੀਤ ਸਿੰਘ ਪੀ.ਪੀ .ਐਸ ਪਾਸ ਪੈਂਡਿੰਗ ਹੈ। ਯੂਨੀਅਨ ਪ੍ਰਧਾਨ ਅਤੇ ਸੂਬਾ ਕਮੇਟੀ ਵੱਲੋਂ ਦਸਿਆ ਗਿਆ ਕੇ ਉਨ੍ਹਾਂ ਦੇ ਪੰਜ ਸਾਥੀ ਗੁਰਜੀਤ ਸਿੰਘ, ਬਲਜਿੰਦਰ ਸਿੰਘ, ਹਰਮੀਤ ਸਿੰਘ, ਬਲਵਿੰਦਰ ਗੁਰੂ ਅਤੇ ਸ਼ਰਨਜੀਤ ਕੌਰ 20 ਦਸੰਬਰ ਤੋਂ ਮੋਹਾਲੀ ਐਂਬੂਲੈਂਸ ਬੇਸ ਤੇ ਭੁੱਖ ਹੜਤਾਲ ਨੂੰ ਮਰਨ ਵਰਤ ਵਿਚ ਤਬਦੀਲ ਕਰ ਚੁੱਕੇ ਹਨ। ਜੇ ਸਾਰੇ ਸਬੂਤ ਮੁਹੱਈਆ ਕਰਾਉਣ ਤੋਂ ਬਾਅਦ ਵੀ ਅਤੇ ਮਰਨ ਵਰਤ 'ਤੇ ਭੁੱਖਣ ਭਾਣੇ ਬੈਠੇ ਸਾਥੀਆਂ ਦਾ ਮਨੋਬਲ ਤੋੜਨ ਦੇ ਮਨਸ਼ੇ ਨਾਲ ਨੋਡਲ ਅਫਸਰ ਪੀ.ਐਚ.ਐਸ.ਸੀ ਪੰਜਾਬ ਅਤੇ ਕੰਪਨੀ ਨੇ ਮਿਲੀਭੁਗਤ ਕਰਕੇ ਹੋਰ ਕ੍ਰਮਚਾਰੀ ਬਰਖਾਸਤ ਕਰਨ ਦਾ ਸਿਲਸਿਲਾ ਐਵੇਂ ਹੀ ਜਾਰੀ ਰੱਖਿਆ ਤੇ ਪ੍ਰਸ਼ਾਸਨ ਨੇ ਕੰਪਨੀ ਖਿਲਾਫ਼ ਧੋਖਾਧੜੀ ਦੇ ਚੱਲਦੇ ਸਖਤ ਧਾਰਾਵਾਂ ਤਹਿਤ ਮਾਮਲਾ ਦਰਜ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ 1500 ਸਾਥੀ ਆਪਣੇ ਪਰਵਾਰਾਂ ਸਮੇਤ ਆ ਕੇ ਮੁੱਖ ਮੰਤਰੀ ਜੀ ਨੂੰ ਚਾਬੀਆਂ ਸੌਂਪ ਦੇਣਗੇ ਅਤੇ ਸੂਬਾ ਪੱਧਰੀ ਇਕੱਠ ਕਰਕੇ ਸੰਘਰਸ਼ ਹੋਰ ਤੇਜ਼ ਕਰਨ ਦੇ ਨਾਲ ਮਾਨਯੋਗ ਹਾਈਕੋਰਟ ਅਤੇ ਸੀ.ਬੀ.ਆਈ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ।

# ਨਜਾਇਜ਼ ਸ਼ਰਾਬ ਤੇ ਲਾਹਣ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਚੱਕ ਬਲੋਚਾ ਉਰਫ ਮਾਹਲਮ ਵਿਖੇ ਛਾਪੇਮਾਰੀ ਕਰਕੇ 200 ਲੀਟਰ ਲਾਹਣ ਤੇ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ, ਜਦੋਂਕਿ ਇਕ ਔਰਤ ਫਰਾਰ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਹਰਕੇਸ਼ ਕੁਮਾਰ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਪਿੰਡ ਮਹਾਲਮ ਵਿਖੇ ਪੁੱਜੇ ਤਾਂ ਪੁਲਸ ਨੇ ਮੁਖਬਰ ਖਾਸ ਪਾਸੋਂ ਇਤਲਾਹ ਮਿਲਣ 'ਤੇ ਛਾਪੇਮਾਰੀ ਕਰਕੇ ਜੋਗਿੰਦਰੋ ਬਾਈ ਪਤਨੀ ਬਲਵੀਰ ਸਿੰਘ ਵਾਸੀ ਚੱਕ ਬਲੋਚਾ ਦੇ ਘਰ ਵਿੱਚੋਂ 200 ਲੀਟਰ ਲਾਹਣ ਬਰਾਮਦ ਕੀਤੀ, ਜਦੋਂਕਿ ਜੋਗਿੰਦਰੋ ਬਾਈ ਮੌਕੇ ਤੋਂ ਫਰਾਰ ਹੋ ਗਈ। ਇਸੇ ਤਰ੍ਹਾਂ ਹੀ ਸਹਾਇਕ ਥਾਣੇਦਾਰ ਬਲਕਾਰ ਸਿੰਘ ਨੇ ਗਸ਼ਤ ਦੌਰਾਨ ਇਤਲਾਹ ਮਿਲਣ ਉਪਰੰਤ ਛਾਪੇਮਾਰੀ ਕਰਕੇ ਮਲਕੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਚੱਕ ਬਲੋਚਾ ਨੂੰ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਗਿਆ ਹੈ। ਥਾਣਾ ਵੈਰੋਕੇ ਵਿਖੇ ਜੋਗਿੰਦਰੋ ਬਾਈ ਤੇ ਮਲਕੀਤ ਸਿੰਘ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ।

# ਪੈਨਸ਼ਨਰ ਸਮਾਜ ਦਾ ਕੀਮਤੀ ਗਹਿਣਾ : ਏ ਡੀ ਸੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-"ਸੇਵਾ ਮੁਕਤ ਕਰਮਚਾਰੀ ਸਮੁੱਚੇ ਸਮਾਜ ਦਾ ਕੀਮਤੀ ਗਹਿਣਾ ਹੁੰਦੇ ਹਨ।ਇਨ੍ਹਾਂ ਦੇ ਤਜਰਬੇ ਸਾਰਿਆਂ ਲਈ ਮਾਰਗ ਦਰਸ਼ਕ ਦਾ ਕੰਮ ਕਰਦੇ ਹਨ" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੈਨਸ਼ਨਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜ਼ਿਲ੍ਹੇ ਦੀ ਏ.ਡੀ.ਸੀ. ਮੈਡਮ ਨਯਨ ਨੇ ਕੀਤਾ।ਉਨ੍ਹਾ ਕਿਹਾ ਕਿ ਸਾਨੂੰ ਪੈਨਸ਼ਨਰ ਅਤੇ ਸੀਨੀਅਰ ਸਿਟੀਜ਼ਨਜ਼ ਦਾ ਹਰ ਤਰ੍ਹਾਂ ਆਦਰ ਸਤਿਕਾਰ ਕਰਨਾ ਚਾਹੀਦਾ ਹੈ। ਸਥਾਨਕ ਮਲੋਟ ਰੋਡ ਸਥਿਤ ਤਾਜ ਪੈਲੇਸ ਵਿਖੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਰਪ੍ਰਸਤ ਚੌਧਰੀ ਦੌਲਤ ਰਾਮ ਸਿੰਘ, ਚੇਅਰਮੈਨ ਬਲਦੇਵ ਸਿੰਘ ਬੇਦੀ, ਵਾਇਸ ਚੇਅਰਮੈਨ ਹਰਦੇਵ ਸਿੰਘ, ਪ੍ਰਧਾਨ ਕਰਮਜੀਤ ਸ਼ਰਮਾ, ਪੰਜਾਬ ਰੋਡਵੇਜ਼ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਸਿੰਘ ਚੌਂਤਰਾ, ਜਨ ਸਿਹਤ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਇੰਜ. ਗੁਰਬਚਨ ਸਿੰਘ ਐਸ.ਡੀ.ਓ., ਐਕਸਾਈਜ਼ ਐਂਡ ਟੈਕਸਟੇਸ਼ਨ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਸੋਮ ਪ੍ਰਕਾਸ਼ ਗੁਪਤਾ ਅਤੇ ਸੇਵਾ ਮੁਕਤ ਸੁਪਰਡੈਂਟ ਨਛੱਤਰ ਸਿੰਘ ਮਧੀਰ ਦੀ ਸਾਂਝੀ ਪ੍ਰਧਾਨਗੀ ਹੇਠ ਹੋਏ ਸਮਾਗਮ ਮੌਕੇ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰਾਂ/ਫੈਮਲੀ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਸਮਾਰੋਹ



ਦੀ ਸ਼ੁਰੂਆਤ ਪ੍ਰਿੰ. ਇਕਬਾਲ ਸਿੰਘ ਦੁਆਰਾ ਗਾਏ ਸ਼ਬਦ ਨਾਲ ਕੀਤੀ ਗਈ।ਸਮਾਗਮ ਦੌਰਾਨ ਸਟੇਟ ਬੈਂਕ ਆਫ ਇੰਡੀਆ ਦੇ ਰੀਜਨਲ ਮੈਨੇਜਰ ਮਨੇਸ਼ ਕੁਮਾਰ, ਚੀਫ ਮੈਨੇਜਰ ਧਰਮਿੰਦਰ ਕੁਮਾਰ, ਰੋਹਿਤ ਕੁਮਾਰ, ਪੰਜਾਬ ਨੈਸ਼ਨਲ ਬੈਂਕ ਦੇ ਮੈਡਮ ਸ਼ੈਲਜਾ ਗਿਰਧਰ, ਜ਼ਿਲ੍ਹਾ ਖਜ਼ਾਨਾ ਅਫਸਰ ਅਸ਼ਵਨੀ ਕੁਮਾਰ ਅਤੇ ਪੀ.ਏ. ਟੂ ਏ.ਡੀ.ਸੀ. ਹਰਜਿੰਦਰ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਟੇਜ ਸਕੱਤਰ ਦੀ ਡਿਊਟੀ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਸੇਵਾ ਮੁਕਤ ਮੁੱਖ ਅਧਿਆਪਕ ਵੱਲੋਂ ਨਿਭਾਈ ਗਈ। ਗੁਰਟੇਕ ਸਿੰਘ ਬਰਾੜ ਨੇ ਪੈਨਸ਼ਨਰ ਡੇ ਦੀ ਮਹੱਤਤਾ ਅਤੇ ਜਸਵੰਤ ਸਿੰਘ ਬਰਾੜ ਨੇ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਜਾਣਕਾਰੀ ਦਿੱਤੀ। ਓਮ ਪ੍ਰਕਾਸ਼ ਸ਼ਰਮਾ ਨੇ ਸਮੂਹ ਪੈਨਸ਼ਨਰਾਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ 'ਤੇ ਜ਼ੋਰ ਦਿਤਾ।ਮਨਮੋਹਨ ਕਾਲੜਾ ਨੇ ਹਾਊਸ ਨੂੰ ਬੀਤੇ ਵਰ੍ਹੇ ਦਾ ਸਾਰਾ ਹਿਸਾਬ ਕਿਤਾਬ ਦੱਸਿਆ। ਉਨ੍ਹਾ ਪੈਨਸ਼ਨਰ ਡੇ ਸਮਾਗਮ ਲਈ ਸਭ ਤੋਂ ਵੱਧ 5100 ਸਹਾਇਤਾ ਰਾਸ਼ੀ ਦੇਣ ਵਾਲੇ ਜ਼ਿਲ੍ਹਾ ਪ੍ਰੈਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਸਮੇਤ ਇਕ ਹਜ਼ਾਰ ਰੁਪਏ ਤੋਂ ਵੱਧ ਸਹਾਇਤਾ ਦੇਣ ਵਾਲੇ ਸੱਜਣਾਂ ਦੇ ਨਾਂਅ ਵੀ ਬੋਲ ਕੇ ਦੱਸੇ।ਜ਼ਿਲ੍ਹਾ ਜਨਰਲ ਸਕੱਤਰ ਅਟਵਾਲ ਨੇ ਦੱਸਿਆ ਕਿ ਪੈਨਸ਼ਨਰ ਡੇ ਮੌਕੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਟੇਟ ਬੈਂਕ ਆਫ ਇੰਡੀਆ ਦੀ ਮੇਨ ਬ੍ਰਾਂਚ ਵੱਲੋਂ ਸੁਪਰ ਸੀਨੀਅਰ ਪੈਨਸ਼ਨਰਾਂ ਲਈ ਲੋਈਆਂ ਅਤੇ ਪੰਜਾਬ ਨੈਸ਼ਨਲ ਬੈਂਕ ਦੀ ਕੋਟਕਪੂਰਾ ਰੋਡ ਸਥਿਤ ਬ੍ਰਾਂਚ ਵੱਲੋਂ ਸ਼ਾਨਦਾਰ ਮੋਮੈਂਟੋ ਦਿੱਤੇ ਗਏ ਹਨ। ਪ੍ਰਧਾਨ ਸ਼ਰਮਾ ਨੇ ਮੁੱਖ ਮਹਿਮਾਨ ਅਤੇ ਸਮੁੱਚੇ ਬੈਂਕ ਅਧਿਕਾਰੀਆਂ ਨੂੰ ਜੀ ਆਇਆਂ ਕਿਹਾ। ਉਨ੍ਹਾ ਸਟੇਟ ਬੈਂਕ ਆਫ ਇੰਡੀਆ ਅਤੇ ਪੰਜਾਬ ਨੈਸ਼ਨਲ ਬੈਂਕ ਦਾ ਵਿਸ਼ੇਸ਼ ਸਹਿਯੋਗ ਲਈ ਧੰਨਵਾਦ ਕੀਤਾ।ਸਮਾਰੋਹ ਦੌਰਾਨ ਦੋ ਔਰਤਾਂ ਅਤੇ ਚੌਵੀ ਮਰਦਾਂ ਨੂੰ ਸੁਪਰ ਸੀਨੀਅਰ ਪੈਨਸ਼ਨਰ ਹੋਣ ਦੇ ਨਾਤੇ ਮੁੱਖ ਮਹਿਮਾਨ ਮੈਡਮ ਨਯਨ ਵੱਲੋਂ ਲੋਈਆਂ ਅਤੇ ਸ਼ਾਨਦਾਰ ਮੋਮੈਂਟੋ ਭੇਟ ਕੀਤੇ ਗਏ।

## ਕਾਤਰਾਂ

### ਵਿੱਦਿਆ ਮੰਦਰ ਦੀ ਵਿਦਿਆਰਥਣ ਦੀ ਨੈਸ਼ਨਲ ਖੇਡਾਂ ਲਈ ਚੋਣ



**ਭੀਖੀ (ਧਰਮਵੀਰ ਸ਼ਰਮਾ)**-ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਦੀ ਗਿਆਰ੍ਹਵੀਂ ਕਲਾਸ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਪੁੱਤਰੀ ਹਰਪ੍ਰੀਤ ਸਿੰਘ ਦੀ 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ 2023-24 ਲਈ ਬਾਸਕਿਟਬਾਲ ਵਿੱਚ ਚੋਣ ਹੋਈ ਹੈ। ਇਹ ਵਿਦਿਆਰਥਣ 21 ਤੋਂ 28 ਦਸੰਬਰ ਤੱਕ ਕੈਂਪ ਵਿੱਚ ਭਾਗ ਲੈ ਰਹੀ ਹੈ, ਜੋ ਅੰਮ੍ਰਿਤਸਰ ਵਿਖੇ ਲੱਗ ਰਿਹਾ ਹੈ। ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਵਿਦਿਆਰਥਣ ਦੀ ਚੰਗੇ ਭਵਿੱਖ ਦੀ ਕਾਮਨਾ ਕੀਤੀ ਤੇ ਕੋਚ ਭਰਪੂਰ ਸਿੰਘ ਤੇ ਸਿਮਰਨਜੀਤ ਕੌਰ ਨੂੰ ਵਧਾਈ ਦਿੱਤੀ ਹੈ। ਸਕੂਲ ਮੈਨੇਜਮੈਂਟ ਕਮੇਟੀ ਪ੍ਰਧਾਨ ਸਤੀਸ਼ ਕੁਮਾਰ, ਪ੍ਰਬੰਧਕ ਅੰਮ੍ਰਿਤ ਲਾਲ ਜਿੰਦਲ ਤੇ ਸਮੂਹ ਪ੍ਰਬੰਧਕੀ ਕਮੇਟੀ ਨੇ ਇਸ ਉਪਲਬਧੀ ਲਈ ਵਿਦਿਆਰਥਣ ਤੇ ਉਸਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

### 46 ਗੱਟੇ ਬਾਸਮਤੀ ਚਾਵਲ ਚੋਰੀ, ਅਣਪਛਾਤਿਆਂ ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਘੁਬਾਇਆ ਵਿਖੇ ਸ਼ੈਲਰ ਵਿੱਚੋਂ 46 ਗੱਟੇ ਬਾਸਮਤੀ ਚਾਵਲ ਚੋਰੀ ਹੋਣ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ੁਮਾਨਸ਼ੂ ਡੂਮੜਾ ਪੁੱਤਰ ਨਰਿੰਦਰ ਸਿੰਘ ਵਾਸੀ ਜਲਾਲਾਬਾਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਬੀਤੀ 18 ਦਸੰਬਰ 2023 ਨੂੰ ਰਾਤ ਕਰੀਬ ਸਾਢੇ 7 ਵਜੇ ਅਸੀਂ ਰੋਜ਼ਾਨਾ ਦੀ ਤਰ੍ਹਾਂ ਗਡਾਊਨਾਂ ਨੂੰ ਤਾਲੇ ਲਗਵਾ ਦਿੱਤੇ ਸਨ ਤੇ ਅਗਲੇ ਦਿਨ ਸਵੇਰੇ ਸਾਢੇ 9 ਵਜੇ ਆਪਣੇ ਸ਼ੈਲਰ 'ਤੇ ਆਏ ਤਾਂ ਵੇਖਿਆ ਕਿ ਦੀਵਾਰ ਤੋੜ ਕੇ ਗਡਾਊਨ ਵਿੱਚ ਪਏ ਬਾਸਮਤੀ ਚਾਵਲਾਂ ਵਿੱਚੋਂ 46 ਗੱਟੇ (50 ਕਿੱਲੋ ਪ੍ਰਤੀ ਗੱਟਾ) ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਏ ਹਨ। ਚੋਰੀ ਹੋਏ ਬਾਸਮਤੀ ਚਾਵਲਾਂ ਦੀ ਕੀਮਤ 2 ਲੱਖ 28 ਹਜ਼ਾਰ ਰੁਪਏ ਦੇ ਕਰੀਬ ਬਣਦੀ ਹੈ, ਜਿਸ ਤੇ ਪੁਲਸ ਨੇ ਮੁੱਦਈ ਸ਼ੁਮਾਨਸ਼ੂ ਡੂਮੜਾ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮੁੱਕਦਮਾ ਦਰਜ ਕੀਤਾ ਹੈ।

### ਟੈਕਨੀਕਲ ਤੇ ਮਕੈਨੀਕਲ ਇੰਪ: ਯੂਨੀਅਨ ਦਾ ਡੈਲੀਗੇਟ ਅਜਲਾਸ ਅੱਜ

**ਦਿੜ੍ਹਬਾ (ਜਸਵੀਰ ਲਾਡੀ)**-ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਬ੍ਰਾਂਚ ਸੁਨਾਮ ਵੱਲੋਂ 23 ਦਸੰਬਰ 2023 ਨੂੰ ਹੋਣ ਵਾਲੇ ਸੂਬਾ ਕਮੇਟੀ ਡੈਲੀਗੇਟ ਅਜਲਾਸ ਸਬੰਧੀ ਬ੍ਰਾਂਚ ਸੁਨਾਮ ਦੇ ਜਰਨਲ ਸਕੱਤਰ ਨਛੱਤਰ ਸਿੰਘ ਚੱਠਾ ਤੇ ਬ੍ਰਾਂਚ ਪ੍ਰਧਾਨ ਉਜਾਗਰ ਸਿੰਘ ਜੱਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 13ਵਾਂ ਡੈਲੀਗੇਟ ਅਜਲਾਸ ਤਰਕਸ਼ੀਲ ਭਵਨ ਬਰਨਾਲਾ ਵਿਖੇ ਕਰਵਾਇਆ ਜਾ ਰਿਹਾ ਹੈ। ਬ੍ਰਾਂਚ ਦੇ ਚੀਫ ਆਰਗੇਨਾਈਜ਼ਰ ਰਾਜਿੰਦਰਪਾਲ ਚੰਗਾਲੀਵਾਲਾ, ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਢੰਡੋਲੀ, ਮੀਤ ਪ੍ਰਧਾਨ ਬਲਵਿੰਦਰ ਸਿੰਘ ਸੁਨਾਮ, ਡਿਪਟੀ ਜਨਰਲ ਸਕੱਤਰ ਬਲਵਿੰਦਰ ਸਿੰਘ ਬੱਬੂ ਵੱਲੋਂ ਆਉਣ ਵਾਲੇ 2 ਸਾਲਾ ਡੈਲੀਗੇਟ ਅਜਲਾਸ ਵਿੱਚ ਦਿਲਚਸਪੀ ਦਿਖਾਈ। ਅਜਲਾਸ ਵਿੱਚ ਡੈਲੀਗੇਟਾਂ ਦੇ ਨਾਲ ਨਾਲ ਦਰਸ਼ਕਾਂ ਦੀ ਵੀ ਸ਼ਮੂਲੀਅਤ ਕਰਵਾਈ ਜਾਵੇਗੀ ਤੇ ਭਖਦੇ ਮਸਲਿਆਂ ਸਬੰਧੀ ਬ੍ਰਾਂਚ ਕਮੇਟੀ ਵੱਲੋਂ ਚੁਣੀ ਜਾਣ ਵਾਲੀ ਸੂਬਾ ਕਮੇਟੀ ਨਾਲ ਮਿਲ ਕੇ ਸੰਘਰਸ਼ਾਂ ਦਾ ਬਿਗਲ ਵਜਾਇਆ ਜਾਵੇਗਾ।

### ਦੜੇ ਸੱਟੇ ਦੀ ਰਾਸ਼ੀ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਦੜੇ ਸੱਟੇ ਦੀ ਰਾਸ਼ੀ 450 ਰੁਪਏ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਬਖ਼ਸ਼ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਪਿੰਡ ਲੱਧੂਵਾਲਾ ਹਿਠਾੜ, ਸੁਖੇਰਾ ਬੋਦਲਾ, ਲਮੋਚੜ ਕਲਾਂ ਆਦਿ ਥਾਣਾ ਸਦਰ ਏਰੀਏ ਲਈ ਗਸ਼ਤ ਕਰ ਰਹੇ ਸੀ ਤੇ ਜਦੋਂ ਪੁਲਸ ਪਾਰਟੀ ਸੁਖੇਰਾ ਬੋਦਲਾ ਵਿਖੇ ਪੁੱਜੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਹਰਜੀਤ ਸਿੰਘ ਪੁੱਤਰ ਗੁਰਬਖ਼ਸ਼ ਸਿੰਘ ਵਾਸੀ ਸੁਖੇਰਾ ਬੋਦਲਾ ਆਪਣੇ ਘਰ ਦੇ ਬਾਹਰ ਦੜਾ ਸੱਟਾ ਲਿਖ ਰਿਹਾ ਹੈ, ਇਤਲਾਹ ਠੋਸ ਹੋਣ 'ਤੇ ਪੁਲਸ ਨੇ ਛਾਪੇਮਾਰੀ ਕਰਕੇ ਹਰਜੀਤ ਸਿੰਘ ਨੂੰ ਦੜੇ ਸੱਟੇ ਦੀ ਰਾਸ਼ੀ 450 ਰੁਪਏ ਸਮੇਤ ਕਾਬੂ ਕਰਕੇ ਉਸ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

# ਭਾਜਪਾ ਵੱਲੋਂ ਵਕਫ ਬੋਰਡ ਐਕਟ ਖਿਲਾਫ ਪੇਸ਼ ਕੀਤਾ ਨਿੱਜੀ ਬਿੱਲ ਅਫਸੋਸਜਨਕ ਕਰਾਰ

**ਰਾਜਪੁਰਾ (ਰਮੇਸ਼ ਕਟਾਰੀਆ)**-ਬੀਤੇ ਦਿਨੀਂ ਰਾਜ ਸਭਾ 'ਚ ਭਾਜਪਾ ਦੇ ਰਾਜ ਸਭਾ ਮੈਂਬਰ ਹਰਨਾਥ ਯਾਦਵ ਵੱਲੋਂ ਵਕਫ ਬੋਰਡ ਐਕਟ 1995 ਦੇ ਖਿਲਾਫ ਪੇਸ਼ ਕੀਤੇ ਗਏ ਇੱਕ ਨਿੱਜੀ ਬਿੱਲ ਦਾ ਵਿਰੋਧ ਕਰਦੇ ਹੋਏ ਅੱਜ ਇੱਥੇ ਆਮ ਆਦਮੀ ਪਾਰਟੀ ਮਿਨੋਰਿਟੀ ਵਿੰਗ ਜ਼ਿਲ੍ਹਾ ਪ੍ਰਧਾਨ ਅਤੇ ਮੁਸਲਮਾਨ ਯੂਥ ਆਗੂ ਇਸਲਾਮ ਅਲੀ ਨੇ ਇਸ ਨੂੰ ਅਫਸੋਸਜਨਕ ਕਰਾਰ ਦਿੱਤਾ। ਇਸਲਾਮ ਅਲੀ ਨੇ ਇਸ ਮਾਮਲੇ 'ਚ ਕਿਹਾ ਕਿ ਵਕਫ ਐਕਟ 1995 ਦੇਸ਼ ਭਰ ਵਿੱਚ ਵਕਫ ਜਾਇਦਾਦ ਦੀ ਸੁਰੱਖਿਆ ਲਈ ਬਣਾਇਆ ਗਿਆ ਹੈ ਇੱਕ ਕਾਨੂੰਨ ਹੈ। ਇਹ ਕਾਨੂੰਨ ਕਿਸੇ ਵੀ ਤਰ੍ਹਾਂ ਕਿਸੇ ਦੂਸਰੇ ਦੀ ਜਾਇਦਾਦ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਬਲਕਿ ਜਾਇਦਾਦਾਂ ਦੇ ਹੋਏ ਨਜਾਇਜ਼ ਕਬਜ਼ਿਆਂ ਨੂੰ ਹਟਾਉਣ 'ਚ ਲਾਹੇਵੰਦ ਸਾਬਤ ਹੁੰਦਾ ਹੈ। ਵਕਫ ਐਕਟ 1995 ਨੂੰ ਬਦਲਣ ਦਾ ਮਤਲਬ ਹੁਣ ਵਕਫ ਬੋਰਡ ਨੂੰ ਕਮਜ਼ੋਰ ਕਰਨਾ ਹੋਵੇਗਾ। ਉਨ੍ਹਾ ਕਿਹਾ ਕਿ ਪਹਿਲਾਂ ਹੀ ਦੇਸ਼ ਭਰ 'ਚ ਲੱਖਾਂ ਵੱਖ-ਵੱਖ ਜਾਇਦਾਦਾਂ 'ਤੇ ਨਜਾਇਜ਼ ਕਬਜ਼ੇ ਹੋ ਚੁੱਕੇ ਹਨ।ਜਿਨ੍ਹਾਂ ਦੇ ਮੁੱਕਦਮੇ ਅਜੇ ਵੀ ਅਦਾਲਤਾਂ 'ਚ ਪੈਂਡਿੰਗ ਚੱਲ ਰਹੇ ਹਨ। ਇਸਲਾਮ ਅਲੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਰਾਜ ਸਭਾ 'ਚ ਪੇਸ਼ ਕੀਤੇ ਗਏ ਕਾਨੂੰਨ ਇਸ ਨਿੱਜੀ ਬਿੱਲ ਨੂੰ ਰੱਦ ਕੀਤਾ ਜਾਵੇ।ਉਨ੍ਹਾ ਕਿਹਾ ਕਿ ਦੇਸ਼ 'ਚ ਵਕਫ ਦੀਆਂ ਜਾਇਦਾਦਾਂ ਮੁਸਲਿਮ ਭਾਈਚਾਰੇ ਦੀ ਪ੍ਰਨਾਲੀ ਅਤੇ ਧਾਰਮਿਕ ਸੰਸਥਾਵਾਂ ਨੂੰ ਚਲਾਉਣ ਦੀ ਕਾਫੀ ਹੱਦ ਤੱਕ ਮਦਦਕਾਰ ਸਾਬਤ ਹੁੰਦੀਆਂ ਹਨ। ਇਨ੍ਹਾਂ ਜਾਇਦਾਦਾਂ ਨਾਲ ਛੇੜਛਾੜ ਕਰਨਾ ਕਿਸੇ ਵੀ ਤਰ੍ਹਾਂ ਠੀਕ ਨਹੀਂ। ਉਨ੍ਹਾ ਕਿਹਾ ਕਿ ਦੇਸ਼ ਦੇ ਮੁਸਲਮਾਨ ਐਕਟ 1995 ਦੇ ਵਿਰੁੱਧ ਲਿਆਂਦੇ ਇਸ ਨਿੱਜੀ ਬਿੱਲ ਦਾ ਵਿਰੋਧ ਕਰਦੇ ਹਨ ਅਤੇ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕਰਦੇ ਹਨ ਕਿ ਇਸ ਐਕਟ ਨੂੰ ਬਦਲਣ ਦੀ ਪ੍ਰਕਿਰਿਆ ਨੂੰ ਤੁਰੰਤ ਰੋਕਿਆ ਜਾਵੇ।

# ਹੇਮਕੁੰਟ ਸਕੂਲ ਵਿਖੇ ਸੱਤ ਰੋਜ਼ਾ ਐੱਨ ਐੱਸ ਕੈਂਪ ਸ਼ੁਰੂ



**ਕੋਟ ਈਸੇ ਖਾਂ (ਅਰੋੜਾ)**-ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਮੋਗਾ ਦਵਿੰਦਰ ਸਿੰਘ ਲੋਟੇ ਦੀ ਯੋਗ ਅਗਵਾਈ ਹੇਠ ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਕੋਟ ਈਸੇ ਖਾਂ ਵਿਖੇ 7 ਦਿਨਾਂ ਐੱਨ. ਐੱਸ. ਕੈਂਪ ਦੀ ਸ਼ੁਰੂਆਤ ਕੀਤੀ ਗਈ। ਕੈਂਪ ਵਿੱਚ 100 ਉਤਸ਼ਾਹਤ ਵਲੰਟੀਅਰਜ਼ ਨੇ ਹਿੱਸਾ ਲਿਆ। ਕੈਂਪ ਦਾ ਉਦਘਾਟਨ ਸ: ਮਨਤੇਜ ਸਿੰਘ ਚੀਮਾ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸ੍ਰੀ ਫਤਿਹਗੜ੍ਹ ਸਾਹਿਬ, ਤਰਨਜੀਤ ਕੌਰ ਸਟੈਨੋ ਮੋਗਾ ਚੇਅਰਮੈਨ ਕੁਲਵੰਤ ਸਿੰਘ ਸੰਧੂ, ਐੱਮ. ਡੀ. ਮੈਡਮ ਰਣਜੀਤ ਕੌਰ ਸੰਧੂ, ਪ੍ਰਿੰਸੀਪਲ ਰਮਨਜੀਤ ਕੌਰ ਤੇ ਵਾਇਸ ਪ੍ਰਿੰਸੀਪਲ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਅਤੇ ਉਨ੍ਹਾਂ ਐੱਨ ਐੱਸ ਐੱਸ ਕੈਂਪ ਲਗਾਉਣ ਦੇ ਫਾਇਦਿਆਂ ਬਾਰੇ ਦੱਸਿਆ। ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਐੱਮ ਡੀ ਮੈਡਮ ਰਣਜੀਤ ਕੌਰ ਸੰਧੂ ਨੇ ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰਹਿ ਕੇ ਆਪਸੀ ਇਕਜੁੱਟਤਾ ਨਾਲ ਅੱਗੇ ਵਧਣ ਲਈ ਪ੍ਰੇਰਿਆ। ਪ੍ਰੋਗਰਾਮ ਅਫਸਰ ਅਮੀਰ ਸਿੰਘ ਤੇ ਸੁਰਿੰਦਰ ਕੌਰ ਨੇ ਇਸ ਕੈਂਪ ਦੇ ਕਾਰਜਾਂ ਤੇ ਰੂਪ ਰੇਖਾ ਦੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਰਮਨਜੀਤ ਕੌਰ ਤੇ ਵਾਇਸ ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਸੰਬੋਧਨ ਕਰਦੇ ਕਿਹਾ ਕਿ ਅਜਿਹੇ ਕੈਂਪਾਂ ਵਿੱਚ ਹਿੱਸਾ ਲੈਣ ਨਾਲ ਜਿੱਥੇ ਬੱਚਿਆਂ ਵਿੱਚ ਆਤਮ ਵਿਸ਼ਵਾਸ ਵੱਧਦਾ ਹੈ, ਉੱਥੇ ਹੀ ਮਿਲ-ਜੁਲ ਕੇ ਰਹਿਣ ਤੇ ਮੁਕਾਬਲੇ ਦਾ ਹੱਲ ਕੱਢਣ ਵਿੱਚ ਵੀ ਸਫਲਤਾ ਮਿਲਦੀ ਹੈ। ਸਭ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਤੇ ਹਿੱਸਾ ਲੈਣ ਵਾਲੇ ਵਲੰਟੀਅਰਜ਼ ਨੇ ਵਚਨਬੱਧਤਾ ਪ੍ਰਗਟਾਈ। ਵਲੰਟੀਅਰਜ਼ ਵੱਲੋਂ ਸ: ਮਨਤੇਜ ਸਿੰਘ ਚੀਮਾ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸ੍ਰੀ ਫਤਿਹਗੜ੍ਹ ਸਾਹਿਬ, ਤਰਨਜੀਤ ਕੌਰ ਸਟੈਨੋ ਮੋਗਾ ਨੂੰ ਸਨਮਾਨਤ ਕੀਤਾ ਗਿਆ।

# ਮਥੁਰਾ ਵਰਿੰਦਾਵਨ ਧਾਮ ਲਈ ਜਥਾ ਰਵਾਨਾ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**-ਸ੍ਰੀ ਖਾਟੂ ਸ਼ਿਆਮ ਮੰਦਰ ਬੱਸ ਸਟੈਂਡ ਨਾਭਾ ਤੋਂ ਡਾਇਰੈਕਟਰ ਲਲਿਤ ਗੁਪਤਾ ਤੇ ਪ੍ਰੋਜੈਕਟ ਚੇਅਰਮੈਨ ਕੁਲਦੀਪ ਭਾਟੀਆ ਦੀ ਅਗਵਾਈ ਵਿੱਚ 68 ਮੈਂਬਰਾਂ ਦਾ ਜਥਾ ਮਥੁਰਾ ਵਰਿੰਦਾਵਨ ਧਾਮ ਲਈ ਰਵਾਨਾ ਹੋਇਆ। ਇਸ ਮੌਕੇ ਬੱਸ ਨੂੰ ਝੰਡੀ ਦੇਣ ਦੀ ਰਸਮ ਹਲਕਾ ਵਿਧਾਨ ਸਭਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਹਰਸ਼ ਬਲੱਡ ਡੋਨਰ ਸੁਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖੂਨਦਾਨੀ ਸਟੇਟ ਐਵਾਰਡੀ ਨੇ ਸਾਂਝੇ ਤੌਰ 'ਤੇ ਨਿਭਾਈ ਅਤੇ ਨਾਰੀਅਲ ਤੋੜਨ ਦੀ ਰਸਮ ਰਜਨੀਸ਼ ਗਰਗ ਨਿਸ਼ੂ ਸਮਾਜ ਸੇਵਕ, ਸੰਜੀਵ ਜਿੰਦਲ ਸੰਜੂ ਤੇਲ ਵਾਲਿਆਂ ਨੇ ਸਾਂਝੇ ਤੌਰ 'ਤੇ ਅਦਾ ਕੀਤੀ। ਉਨ੍ਹਾਂ ਨਾਲ 'ਆਪ' ਆਗੂ ਤੇਜਿੰਦਰ ਖਹਿਰਾ, ਟਰੱਕ ਯੂਨੀਅਨ ਪ੍ਰਧਾਨ ਅਮਨਦੀਪ ਰਹਿਲ, ਚੇਅਰਮੈਨ ਦੀਪਾ ਰਾਮਗੜ੍ਹ, ਸੁਸ਼ੀਲ ਗੋਇਲ ਸ਼ੀਲੂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਸੰਗਤਾਂ ਦੇ ਲਈ ਰਿਫ੍ਰੈਸ਼ਮੈਂਟ ਤੇ ਪਾਣੀ ਦਾ ਇੰਤਜ਼ਾਮ ਸਮਾਜ ਸੇਵਕ ਸੰਜੀਵ ਜਿੰਦਲ ਸੰਜੂ ਤੇਲ ਵਾਲਿਆਂ ਵੱਲੋਂ ਕੀਤਾ ਗਿਆ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ, ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ, ਸਾਨੂੰ ਸਾਰਿਆਂ ਨੂੰ ਵੱਧ ਚੜ੍ਹ ਕੇ ਧਰਮ ਦੇ ਪ੍ਰਚਾਰ ਲਈ ਹਿੱਸਾ ਲੈਣਾ ਚਾਹੀਦਾ ਹੈ। ਬਾਂਕੇ ਬਿਹਾਰੀ ਜੀ ਗੁਪਤਾ ਜਾਗਰਣ ਪਰਵਾਰ ਦੀ ਸਾਰੀ ਟੀਮ 'ਤੇ ਵੀ ਕਿਰਪਾ ਬਣਾ ਕੇ ਰੱਖਣਗੇ, ਜੋ ਇਹ ਸਾਰੀ ਸੰਗਤ ਨੂੰ ਸਪੈਸ਼ਲ ਦਰਸ਼ਨ ਕਰਵਾ ਕੇ ਲੈ ਆਂਦੇ ਹਨ, ਜੋ ਬਹੁਤ ਵਧੀਆ ਉਪਰਾਲਾ ਹੈ। ਪ੍ਰਧਾਨ ਭਾਸ਼ੀ ਨੇ ਕਿਹਾ ਕਿ ਨਾਭਾ ਸ਼ਹਿਰ ਸ਼ੁਰੂ ਤੋਂ ਹੀ ਮਿੰਨੀ ਕਾਂਸੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਸਾਡੀ ਹਰਸ਼ ਬਲੱਡ ਡੋਨਰ ਸੁਸਾਇਟੀ ਦਾ ਹਰੇਕ ਤਰ੍ਹਾਂ ਦਾ ਸਹਿਯੋਗ ਗੁਪਤਾ ਜਾਗਰਣ ਪਰਵਾਰ ਨੂੰ ਹਮੇਸ਼ਾ ਰਹਿੰਦਾ ਹੈ। ਲਲਿਤ ਗੁਪਤਾ ਵੱਲੋਂ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ ਗਿਆ ਅਤੇ ਸਾਰਿਆਂ ਦਾ ਸਨਮਾਨ ਵੀ ਕੀਤਾ ਗਿਆ ਵਿਧਾਇਕ ਦੇਵ ਮਾਨ ਦੇ ਨਾਲ ਪ੍ਰਧਾਨ ਭਾਸ਼ੀ ਨੇ ਯਾਤਰੀਆਂ ਨਾਲ ਭਰੀ ਬੱਸ ਦਾ ਦੌਰਾ ਵੀ ਕੀਤਾ ਅਤੇ ਸਾਰਿਆਂ ਨੂੰ ਇਸ ਯਾਤਰਾ ਲਈ ਮੁਬਾਰਕਾਂ ਵੀ ਦਿੱਤੀਆਂ, ਸਾਰਿਆਂ ਲਈ ਸੁੱਖ ਸ਼ਾਂਤੀ ਦੀ ਅਰਦਾਸ ਵੀ ਕੀਤੀ। ਇਸ ਮੌਕੇ ਰੋਹਿਤ ਕੁਮਾਰ, ਰਵੀ ਭਾਰਦਵਾਜ ਜਾਗਰਣ ਪਰਵਾਰ ਵਾਲੇ, ਰੋਹਿਤ ਭਾਟੀਆ, ਮੋਹਿਤ ਕੁਮਾਰ ਡੀ.ਜੇ., ਚਿੰਟੂ ਭਾਟੀਆ ਤੇ ਰੇਣੂ ਰਾਕੇਸ਼ ਰਾਜਪਾਲ ਆਦਿ ਹਾਜ਼ਰ ਸਨ।

# ਕਿਸਾਨ ਮਹਾਂ ਪੰਚਾਇਤਾਂ ਸੰਬੰਧੀ ਭਾਕਿਯੂ ਬਹਿਰਾਮਕੇ ਦੀ ਮੀਟਿੰਗ



**ਕੋਟ ਈਸੇ ਖਾਂ (ਅਰੋੜਾ)**-ਸਥਾਨਕ ਸਹਿਰ ਕੋਟ ਈਸੇ ਖਾਂ ਦੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ, ਜ਼ਿਲ੍ਹਾ ਪ੍ਰਧਾਨ ਜਗਰੂਪ ਸਿੰਘ ਰੰਡਿਆਲਾ ਨੇ ਕੀਤੀ। ਮੀਟਿੰਗ ਦੀ ਕਾਰਵਾਈ ਸਵਰਨ ਸਿੰਘ ਬਲਾਕ ਪ੍ਰਧਾਨ, ਅੰਗਰੇਜ ਸਿੰਘ ਸਿੱਧੂ ਤੇ ਗੁਰਮੇਲ ਸਿੰਘ ਸ਼ਹਿਰੀ ਪ੍ਰਧਾਨ ਨੇ ਚਲਾਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਮਲਕੀਤ ਸਿੰਘ ਅਮੀਵਾਲਾ, ਸੂਬਾ ਸਕੱਤਰ ਗੁਰਨਾਮ ਸਿੰਘ ਸਾਹਵਾਲਾ, ਤਰਸੇਮ ਸਿੰਘ ਠਠਾਣ ਐਗਜ਼ੈਕਟਿਵ ਮੈਂਬਰ, ਮਲੂਕ ਸਿੰਘ ਮਸਤੇਵਾਲਾ ਐਗਜ਼ੈਕਟਿਵ ਮੈਂਬਰ ਪੰਜਾਬ, ਬਾਜ ਸਿੰਘ ਸੰਗਲਾ, ਮੁਖਤਿਆਰ ਸਿੰਘ ਚੱਕ ਸਿੰਘ ਪੁਰਾ, ਜਗੀਰ ਸਿੰਘ ਸਾਦੀਵਾਲਾ ਐਗਜ਼ੈਕਟਿਵ ਮੈਂਬਰ, ਤੋਤਾ ਸਿੰਘ ਬਹਿਰਾਮਕੇ ਨੇ ਬੋਲਦਿਆਂ ਕਿਹਾ ਕਿ ਉੱਤਰੀ ਭਾਰਤ ਦੀਆਂ 18 ਕਿਸਾਨ ਜਥੇਬੰਦੀਆਂ ਤੇ ਗੈਰ-ਰਾਜਨੀਤਕ ਸੰਯੁਕਤ ਕਿਸਾਨ ਮੋਰਚਾ ਦੇ ਸਾਂਝੇ ਫੋਰਮ ਵੱਲੋਂ ਜੰਡਿਆਲਾ ਗੁਰੂ 2 ਜਨਵਰੀ ਨੂੰ ਹੋ ਰਹੀ ਕਿਸਾਨ ਮਹਾਂ ਪੰਚਾਇਤ ਵਿੱਚ ਸ਼ਾਮਲ ਹੋਣ ਵਾਸਤੇ ਕਿਸਾਨਾਂ ਨੂੰ ਲਾਮਬੰਦ ਕੀਤਾ। ਇਸ ਮੌਕੇ ਚਮਕੌਰ ਸਿੰਘ ਜੌਹਲ, ਸੁਖਜਿੰਦਰ ਸਿੰਘ ਬੱਡੂਵਾਲ, ਬਲਵੀਰ ਸਿੰਘ ਮਾਨ, ਭਜਨ ਸਿੰਘ, ਸੁਖਵਿੰਦਰ ਸਿੰਘ ਸੰਗਲਾ, ਡਾਕਟਰ ਦਰਸ਼ਨ ਸਿੰਘ ਰੋਸ਼ਨਵਾਲਾ, ਤਲਵਿੰਦਰ ਸਿੰਘ ਮੱਲੀ, ਸੁਭਾਸ਼ ਚੰਦਰ ਚੁੱਘਾ ਕਲਾਂ, ਸਵਰਨ ਸਿੰਘ, ਹਰਜੀਤ ਸਿੰਘ ਨਿਹਾਲਗੜ੍ਹ, ਇਕਬਾਲ ਸਿੰਘ ਦਾਤੇਵਾਲ, ਰਛਪਾਲ ਸਿੰਘ, ਜਸਵੰਤ ਸਿੰਘ ਗਹਿਲੀਵਾਲਾ, ਮਲੂਕ ਸਿੰਘ ਜੋਧੂ ਮਸਤੇਵਾਲਾ, ਗੁਰਚਰਨ ਸਿੰਘ ਚਰਾਗ ਸ਼ਾਹਵਾਲਾ, ਗੋਪਾਲ ਸਿੰਘ ਸਾਦੀਵਾਲਾ, ਜਗੀਰ ਸਿੰਘ ਫੌਜੀ, ਗੁਰਪ੍ਰੀਤ ਸਿੰਘ ਰੰਡਿਆਲਾ, ਮੁਕੰਦ ਸਿੰਘ, ਨਿਸਾਨ ਸਿੰਘ ਮੱਤਾ ਜਾਨੀਆਂ, ਸਰਦੂਲ ਸਿੰਘ ਭੁੱਲਰ, ਚੰਨ, ਜਗਜੀਤ ਸਿੰਘ ਨੰਬਰਦਾਰ ਮਸੀਤਾਂ, ਅਮ੍ਰਿਤਪਾਲ ਸਿੰਘ, ਗੁਰਦੇਵ ਸਿੰਘ ਪ੍ਰਧਾਨ, ਗੁਰਦੀਪ ਸਿੰਘ ਲੌਂਗੀਵਿੰਡ, ਜਗਤਾਰ ਸਿੰਘ, ਬਲਦੇਵ ਸਿੰਘ ਭੋਇਪੁਰ, ਗੁਰਸ਼ਰਨ ਸਿੰਘ, ਜਸਵੰਤ ਸਿੰਘ ਚੱਕ ਕਿਸਾਨਾਂ, ਗੁਰਵਿੰਦਰ ਸਿੰਘ ਇਕਾਈ ਪ੍ਰਧਾਨ, ਜੋਗਾ ਸਿੰਘ ਮਰਾਟੀ, ਸੇਵਾ ਸਿੰਘ ਸੋਹਣ ਸਿੰਘ ਦਲੀਏਕਾ ਆਦਿ ਕਿਸਾਨ ਆਗੂ ਤੇ ਕਿਸਾਨ ਹਾਜ਼ਰ ਸਨ।

# ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਬੱਚਿਆਂ ਨੇ ਲਾਇਆ ਐਨ ਸੀ ਸੀ ਕੈਂਪ

**ਭੀਖੀ (ਧਰਮਵੀਰ ਸ਼ਰਮਾ)**

ਸਰਵਹਿੱਤਕਾਰੀ ਵਿੱਦਿਆ ਮੰਦਰ, ਜੋ ਮੂਲਾ ਸਿੰਘ ਵਾਲਾ ਰੋਡ 'ਤੇ ਸਥਿਤ ਹੈ, ਦੇ ਬੱਚਿਆਂ ਨੇ ਮਲੋਟ ਵਿਖੇ ਐਨ.ਸੀ.ਸੀ ਕੈਂਪ ਵਿੱਚ ਭਾਗ ਲਿਆ।ਇਸ ਕੈਂਪ ਵਿੱਚ ਵਿੱਦਿਆ ਸਥਾਨਕ ਵਿੱਦਿਆ ਮੰਦਰ ਦੇ ਕੁੱਲ 19 ਬੱਚਿਆਂ ਨੇ ਭਾਗ ਲਿਆ ਅਤੇ ਐਨਸੀਸੀ ਪ੍ਰਮੁੱਖ ਤੇ ਖੇਡ ਅਧਿਆਪਕ ਗੁਰਦੀਪ ਸਿੰਘ ਨੇ ਭਾਗ ਲਿਆ।



ਵਰਨਣਯੋਗ ਹੈ ਕਿ 3 ਪੀਬੀ ਨੇਵਲ ਯੂਨਿਟ ਬਠਿੰਡਾ ਵੱਲੋਂ 10 ਰੋਜ਼ਾ ਕੈਂਪ ਲੈਫਟੀਨੈਂਟ ਕਮਾਂਡਰ ਦੀਪ ਕਰਨ ਸਿੰਘ ਦੀ ਰਹਿਨੁਮਾਈ ਹੇਠ ਮਲੋਟ ਵਿਖੇ ਆਯੋਜਿਤ ਕੀਤਾ ਗਿਆ। ਕੈਂਪ ਵਿੱਚ ਬੱਚਿਆਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਸਵੇਰ ਸਮੇਂ ਪੀ.ਟੀ., ਪਰੇਡ, ਪ੍ਰੇਰਨਾਦਾਇਕ ਭਾਸ਼ਣ ਜਮਾਤਾਂ, ਫਾਇਰਿੰਗ, ਟੈਂਟ ਲਾਉਣਾ ਅਤੇ ਪ੍ਰਬੰਧ ਕਰਨਾ, ਸੱਭਿਆਚਾਰਕ ਗਤੀਵਿਧੀਆਂ, ਖੇਡਾਂ ਆਦਿ ਵਿੱਚ ਭਾਗ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਵੀ ਕੀਤਾ। ਪੂਰੇ ਕੈਂਪ ਦੇ ਦੌਰਾਨ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਬੱਚਿਆਂ ਦੀ ਸਹਿਭਾਗਤਾ ਬਹੁਤ ਹੀ ਸਰਗਰਮ ਰਹੀ ਅਤੇ ਇਨ੍ਹਾਂ ਨੇ ਖੂਬ ਆਨੰਦ ਮਾਣਿਆ। ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਕਿਹਾ ਕਿ ਪਿਛਲੇ ਸਾਲਾਂ ਤੋਂ ਵਿੱਦਿਆ ਮੰਦਰ ਵਿੱਚ ਚੱਲ ਰਹੇ ਐਨਸੀਸੀ ਯੂਨਿਟ ਬੱਚਿਆਂ ਲਈ ਬਹੁਤ ਹੀ ਲਾਹੇਵੰਦ ਸਿੱਧ ਹੋਏ ਹਨ।ਇਸ ਦੇ ਨਾਲ ਬੱਚਿਆਂ ਵਿੱਚ ਸਵੈ ਵਿਸ਼ਵਾਸ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਇਹ ਵੀ ਦੱਸਿਆ ਕਿ ਬੱਚਿਆਂ ਦੇ ਸੈਮੀਨਾਰ ਜਿਵੇਂ ਕਿ ਫਸਟ ਏਡ ਟੀਮ, ਐਨ.ਡੀ.ਏ ਟੀਮ, ਟ੍ਰੈਫਿਕ ਪੁਲਿਸ ਟੀਮ, ਸਾਈਬਰ ਕ੍ਰਾਈਮ ਜਾਣਕਾਰੀ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਬੜੇ ਹੀ ਸਾਰਥਿਕ ਸਿੱਧ ਹੋਏ। ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਇਨ੍ਹਾਂ ਬੱਚਿਆਂ ਦਾ ਸਕੂਲ ਵਿੱਚ ਪਹੁੰਚਣ ਤੇ ਵਿਸ਼ੇਸ਼ ਸਵਾਗਤ ਕੀਤਾ ਗਿਆ। ਸਕੂਲ ਦੀ ਪ੍ਰਬੰਧ ਸੰਮਤੀ ਨੇ ਇਸ ਵਿਦਿਅਕ ਟੂਰ ਦੀ ਭਰਭੂਰ ਸ਼ਲਾਘਾ ਕੀਤੀ।

# ਭਗਵੰਤ ਮਾਨ ਦੀ ਕੋਠੀ ਦੇ ਘਿਰਾਓ 'ਚ ਕੰਸਟ੍ਰਕਸ਼ਨ ਵਰਕਰਾਂ ਵੱਲੋਂ ਸ਼ਮੂਲੀਅਤ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਬਾਬਾ ਬੂਝਾ ਸਿੰਘ ਭਵਨ ਵਿਖੇ ਕੰਸਟ੍ਰਕਸ਼ਨ ਸਰੀਆ ਲੇਬਰ ਯੂਨੀਅਨ ਏਕਟੂ ਦੀ ਚੋਣ ਹੋਈ, ਜਿਸ ਵਿੱਚ ਸੋਨੂੰ ਮਾਨਸਾ ਪ੍ਰਧਾਨ, ਸਤਨਾਮ ਮੀਤ ਪ੍ਰਧਾਨ ਜਗਜੀਤ ਸਿੰਘ ਸਕੱਤਰ, ਰਾਜ ਕੁਮਾਰ ਖਜ਼ਾਨਚੀ, ਸੁਨੀਲ ਕੁਮਾਰ, ਸੇਮਾ, ਕੁਲਵੀਰ, ਪ੍ਰਦੀਪ, ਸੇਵਕ ਝੰਡੂਕੇ ਤੇ ਕੁਸ਼ਾਲ ਨੂੰ ਕਾਰਜਕਾਰਨੀ ਮੈਂਬਰ ਚੁਣਿਆ ਗਿਆ। ਮੀਟਿੰਗ ਵਿੱਚ ਵਰਕਰਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਵੱਧਦੀ ਮਹਿੰਗਾਈ ਅਨੁਸਾਰ ਰੇਟਾਂ 'ਚ ਵਾਧਾ ਕਰਨ ਦਾ ਮਤਾ ਪਾਸ ਕੀਤਾ ਗਿਆ। ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾ ਆਗੂ ਕਾਮਰੇਡ ਰਾਜਵਿੰਦਰ ਰਾਣਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਦਲਾਅ ਦਾ ਨਾਹਰਾ ਲਾ ਕੇ ਸੱਤਾ ਵਿੱਚ ਆਈ ਭਗਵੰਤ ਮਾਨ ਸਰਕਾਰ ਪੂਰੀ ਤਰ੍ਹਾਂ ਮਜ਼ਦੂਰ ਵਿਰੋਧੀ ਸਾਬਿਤ ਹੋਈ ਹੈ। ਵਧਦੀ ਮਹਿੰਗਾਈ ਦੇ ਹਿਸਾਬ ਨਾਲ ਮਜ਼ਦੂਰਾਂ ਦੀ ਉਜ਼ਰਤ ਵਿੱਚ ਵਾਧਾ ਨਹੀਂ ਕੀਤਾ ਜਾ ਰਿਹਾ। ਮਜ਼ਦੂਰ ਜਥੇਬੰਦੀਆਂ ਵੱਲੋਂ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਸਰਕਾਰ ਵੱਲੋਂ ਮੰਗਾਂ ਮੰਨਣਾ ਤਾਂ ਦੂਰ, ਜਥੇਬੰਦੀਆਂ ਨਾਲ ਮੀਟਿੰਗ ਦਾ ਸਮਾਂ ਵੀ ਨਹੀਂ ਦਿੱਤਾ ਜਾ ਰਿਹਾ। ਏਕਟੂ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਅੰਗਰੇਜ਼ ਘਰਾਂਗਣਾ ਨੇ ਕਿਹਾ ਕਿ ਔਰਤਾਂ ਤੇ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਮੁਆਫ ਕਰਵਾਉਣ, ਕਿਰਤ ਕਾਨੂੰਨਾਂ ਵਿੱਚ ਕੀਤੀਆਂ ਕਾਰਪੋਰੇਟ ਘਰਾਣਿਆਂ ਪੱਖੀ ਸੋਧਾਂ ਵਾਪਸ ਕਰਵਾਉਣ, ਮੋਦੀ ਸਰਕਾਰ ਵੱਲੋਂ ਕੰਮ ਦੇ ਘੰਟੇ 8 ਤੋਂ ਵਧਾ ਕੇ 12 ਘੰਟੇ ਕਰਨ ਦੇ ਵਾਧੇ ਨੂੰ ਵਾਪਸ ਕਰਵਾਉਣ ਤੇ ਕੰਮ ਦੇ ਘੰਟੇ 6 ਕਰਨ, ਮਨਰੇਗਾ ਮਜ਼ਦੂਰਾਂ ਨੂੰ 200 ਦਿਨ ਕੰਮ ਦੀ ਗਰੰਟੀ ਕਰਵਾਉਣ ਮਜ਼ਦੂਰਾਂ ਦੀ ਦਿਹਾੜੀ ਵਿੱਚ ਵਾਧਾ ਕਰਵਾਉਣ ਅਤੇ ਮਜ਼ਦੂਰ ਪਰਿਵਾਰਾਂ ਨੂੰ ਪੰਜ-ਪੰਜ ਮਰਲੇ ਪਲਾਟ ਦਿਵਾਉਣ, ਕੱਟੇ ਹੋਏ ਰਾਸ਼ਨ ਕਾਰਡ ਬਹਾਲ ਕਰਨ ਆਦਿ ਮੰਗਾਂ ਨੂੰ ਲੈ ਕੇ ਲਿਬਰੇਸ਼ਨ ਪਾਰਟੀ ਤੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ 5 ਜਨਵਰੀ ਨੂੰ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਕੰਸਟ੍ਰਕਸ਼ਨ ਸਰੀਆ ਲੇਬਰ ਯੂਨੀਅਨ ਦੇ ਪ੍ਰਧਾਨ ਸੋਨੂੰ ਮਾਨਸਾ ਨੇ ਕਿਹਾ ਕਿ ਮਜ਼ਦੂਰ ਦੀਆਂ ਮੰਗਾਂ ਨੂੰ ਮਨਵਾਉਣ ਲਈ ਕੀਤੇ ਜਾ ਰਹੇ ਭਗਵੰਤ ਮਾਨ ਦੀ ਕੋਠੀ ਦੇ ਘਿਰਾਓ ਵਿੱਚ ਯੂਨੀਅਨ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

# ਡੀ ਟੀ ਐੱਫ ਤੇ ਡਾਇਰੈਕਟ ਹੈੱਡਮਾਸਟਰ ਐਸੋਸੀਏਸ਼ਨ ਦਾ ਵਫਦ ਡੀ ਈ ਓ (ਸ) ਨੂੰ ਮਿਲਿਆ

**ਮੋਗਾ (ਅਮਰਜੀਤ ਬੱਬਰੀ)**

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਜ਼ਿਲ੍ਹਾ ਇਕਾਈ ਮੋਗਾ ਤੇ ਡਾਇਰੈਕਟ ਹੈੱਡਮਾਸਟਰ ਐਸੋਸੀਏਸ਼ਨ ਦਾ ਵਫਦ ਡੀ ਟੀ ਐੱਫ ਦੇ ਸੂਬਾ ਪ੍ਰਧਾਨ ਦਿਗਵਿਜੈਪਾਲ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਮਮਤਾ ਬਜਾਜ ਨੂੰ ਸਿੱਧੀ ਭਰਤੀ ਰਾਹੀਂ ਨਿਯੁਕਤ ਹੋਏ ਹੈੱਡਮਾਸਟਰਾਂ ਦੇ ਸਾਲਾਨਾ ਇੰਕਰੀਮੈਂਟ ਤੇ ਹਾਇਰ ਜ਼ਿੰਮੇਵਾਰੀ ਭੱਤੇ ਜ਼ਬਰਦਸਤੀ ਰੋਕੇ ਜਾਣ ਦੇ ਸੰਬੰਧ ਵਿੱਚ ਮਿਲਿਆ।



ਡੀ ਈ ਓ (ਸ) ਨੂੰ ਮਿਲਣ ਉਪਰੰਤ ਵਫਦ ਦੇ ਮੈਂਬਰ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ।

ਡਾਇਰੈਕਟ ਹੈੱਡਮਾਸਟਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕ੍ਰਿਪਾਲ ਸਿੰਘ ਤੇ ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਝੋਰੜਾਂ ਤੇ ਜ਼ਿਲ੍ਹਾ ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਕਮੇਟੀ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਨਾਲ਼ ਉਨ੍ਹਾਂ ਦੇ ਦਫ਼ਤਰ ਦੇ ਇੱਕ ਕਲਰਕ ਵੱਲੋਂ ਹੈੱਡਮਾਸਟਰਾਂ ਦਾ ਇੱਕ ਨੋਟੀਫਿਕੇਸ਼ਨ ਦੇ ਅਧਾਰ 'ਤੇ ਜੋ ਡੀ ਪੀ ਆਈ ਦਫ਼ਤਰ ਵੱਲੋਂ ਇੰਡੋਰਸ ਹੀ ਨਹੀਂ ਕੀਤਾ ਗਿਆ। ਸਾਲਾਨਾ ਵਾਧਾ ਤੇ ਜ਼ਿੰਮੇਵਾਰੀ ਭੱਤਾ ਨਾ ਲਗਾਏ ਜਾਣ ਨਾਲ ਗੱਲਬਾਤ ਕੀਤੀ ਗਈ ਤੇ ਇਹ ਭੱਤੇ ਰੋਕੇ ਜਾਣ ਸੰਬੰਧੀ ਸਖ਼ਤ ਇਤਰਾਜ਼ ਕੀਤਾ ਗਿਆ।ਡਾਇਰੈਕਟ ਹੈੱਡਮਾਸਟਰ ਐਸੋਸੀਏਸ਼ਨ ਤੋਂ ਨੈਬ ਸਿੰਘ ਤੇ ਰਮਨ ਸ਼ਾਰਦਾ ਨੇ ਕਿਹਾ ਕਿ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਓਥੋਂ ਦੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੇ ਹੈੱਡਮਾਸਟਰਾਂ ਦੇ ਇਹ ਭੱਤੇ ਲਗਾ ਦਿੱਤੇ ਗਏ ਹਨ, ਪਰ ਮੋਗਾ ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਜਾਣ ਬੁੱਝ ਕੇ ਇਹ ਭੱਤੇ ਲਗਾਉਣ ਲਈ ਅਨਾ-ਕਾਨੀ ਕੀਤੀ ਜਾ ਰਹੀ ਹੈ, ਜਿਸ ਦੀ ਉਹ ਸਖ਼ਤ ਨਿੰਦਾ ਕਰਦੇ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਜਥੇਬੰਦੀ ਨੂੰ ਭਰੋਸਾ ਦਿੱਤਾ ਕਿ ਇਨ੍ਹਾਂ ਸਿੱਧੀ ਭਰਤੀ ਵਾਲੇ ਹੈੱਡਮਾਸਟਰਾਂ ਦਾ ਮਸਲਾ 15 ਦਿਨਾਂ ਵਿੱਚ ਹੱਲ ਕਰ ਦਿੱਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਜੇਕਰ 15 ਦਿਨਾਂ ਤੱਕ ਦਫ਼ਤਰ ਵੱਲੋਂ ਭੱਤੇ ਨਾ ਲਗਾਏ ਗਏ ਤਾਂ ਜਥੇਬੰਦੀ ਜ਼ਿਲ੍ਹਾ ਸਿੱਖਿਆ ਦਫ਼ਤਰ ਵਿਰੁੱਧ ਸੰਘਰਸ਼ ਕਰੇਗੀ। ਇਸ ਮੌਕੇ ਕਿੱਕਰ ਸਿੰਘ, ਗੁਰਪ੍ਰੀਤ ਸਿੰਘ, ਰਿਸ਼ੀ ਮਨਚੰਦਾ, ਪ੍ਰਮੋਦ ਕੁਮਾਰ, ਰਾਜ ਕੁਮਾਰ, ਰਮਨ ਕਪਿਲ, ਬਲਕਰਨ ਸਿੰਘ, ਸੰਦੀਪ ਸਿੰਘ, ਰਮਿੰਦਰ ਸਿੰਘ, ਪ੍ਰਵੀਨ ਕੁਮਾਰ, ਅਮਨਦੀਪ ਕੌਰ, ਅਮਨਦੀਪ ਕੌਰ, ਗਗਨਦੀਪ ਕੌਰ, ਸਿਮਰਨਜੀਤ ਕੌਰ ਆਦਿ ਹੈੱਡਮਾਸਟਰ ਤੇ ਆਗੂ ਹਾਜ਼ਰ ਸਨ।

# ਆਪ ਵਲੰਟੀਅਰਾਂ ਸਰਹਿੰਦ ਤੋਂ ਜੋਤੀ ਸਰੂਪ ਚੌਕ ਤੱਕ ਸਫਾਈ ਕਰਵਾਈ

## ਬੰਦਾ ਸਿੰਘ ਬਹਾਦਰ ਦੇ ਬੁੱਤ ਪਿੱਛੇ ਸਰਹੰਦ ਦੀ ਦੀਵਾਰ ਦਾ ਫਲੈਕਸ ਲਵਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦਸਵੇਂਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਦੀ ਲਸਾਨੀ ਸ਼ਹਾਦਤ ਨੂੰ ਸਮਰਪਤ ਸ਼ਹੀਦੀ ਜੋੜ ਮੇਲ ਦੇ ਮੱਦੇਨਜ਼ਰ ਜਿੱਥੇ ਸਫਾਈ ਅਭਿਆਨ ਜ਼ੋਰਾਂ ਸ਼ੋਰਾਂ ਦੇ ਨਾਲ ਚਲਾਇਆ ਜਾ ਰਿਹਾ ਹੈ, ਉੱਥੇ ਹੀ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਦ ਲਾਉਣ ਲਈ ਵੀ ਕੰਮ ਕੀਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਕੁਝ ਵਲੰਟੀਅਰਾਂ ਵੱਲੋਂ ਰਮੇਸ਼ ਕੁਮਾਰ ਸੋਨੂ ਸਮੇਤ ਵਿਧਾਇਕ ਲਖਬੀਰ ਸਿੰਘ ਰਾਏ ਦੀ ਅਗਵਾਈ ਵਿੱਚ ਸਫਾਈ ਮੁਹਿੰਮ ਜ਼ੋਰਾਂ ਸ਼ੋਰਾਂ ਨਾਲ ਚਲਾਈ ਜਾ ਰਹੀ ਹੈ। ਨੌਜਵਾਨਾਂ ਵੱਲੋਂ ਸਰਹੰਦ ਤੋਂ ਲੈ ਕੇ ਜੋਤੀ ਸਰੂਪ ਮੋੜ ਤੱਕ ਸੜਕ ਦੇ ਵਿਚਾਲੇ ਬਣੇ ਡਵਾਈਡਰ ਨੂੰ ਚੰਗੀ ਤਰ੍ਹਾਂ ਧੋਇਆ ਗਿਆ। ਇਸ ਤੋਂ ਇਲਾਵਾ ਜੋਤੀ ਸਰੂਪ ਮੋੜ 'ਤੇ ਲੱਗੇ ਬਾਬਾ ਬੰਦਾ ਸਿੰਘ ਦੇ ਬੁੱਤ ਪਿੱਛੇ ਸਰਹੰਦ ਦੀ ਦੀਵਾਰ ਦਾ ਦ੍ਰਿਸ਼ ਫਲੈਕਸ ਦੇ ਰੂਪ ਵਿੱਚ ਲਗਾਇਆ ਗਿਆ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸ਼ਹੀਦੀ ਜੋੜ ਮੇਲ ਦੇ ਮੱਦੇਨਜ਼ਰ ਸਾਰੀਆਂ ਸੰਗਤਾਂ ਵੱਲੋਂ ਸਫਾਈ ਮੁਹਿੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪੱਕੇ ਪਖਾਨਿਆ ਦੇ ਬਲਾਕ ਬਣਾਏ ਗਏ ਹਨ ਤਾਂ ਜੋ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ। ਉਨ੍ਹਾ ਕਿਹਾ ਕਿ ਇਸ ਸਫਾਈ ਮੁਹਿੰਮ ਵਿੱਚ ਜਿਸ ਜਿਸ ਵਿਅਕਤੀ ਵੱਲੋਂ ਸਹਿਯੋਗ ਕੀਤਾ ਗਿਆ ਹੈ, ਉਹ ਉਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਕੁਮਾਰ ਸੋਨੂੰ, ਜਗਜੀਤ ਸਿੰਘ ਰਿਉਣਾ, ਗੱਜਣ ਸਿੰਘ ਜਲਵੇੜਾ, ਬਹਾਦਰ ਖਾਨ, ਨਿਰਮਲ ਰਿਉਣਾ, ਪ੍ਰਿਤਪਾਲ ਜੱਸੀ, ਬਲਵੀਰ ਸੋਢੀ, ਅਸੀਸ ਅੱਤਰੀ, ਬੰਟੀ ਸੈਨੀ, ਗੁਰਸਤਿੰਦਰ ਜੱਲਾ, ਸਤਵੀਰ ਜੱਲਾ, ਅਮਰੀਕ ਬਾਲਪੁਰ, ਹਰਮੇਸ਼ ਛੰਨਾ, ਜਸਪਾਲ ਸਿੰਘ, ਸਤੀਸ਼ ਲਟੌਰ ਆਦਿ ਹਾਜ਼ਰ ਸਨ।

# ਐਮੀਨੈਂਸ ਸਕੂਲ ਘੱਗਾ ਵਿਖੇ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਲਗਾਇਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਕੂਲ ਆਫ ਐਮੀਨੈਂਸ ਘੱਗਾ ਵੱਲੋਂ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਲਗਾਇਆ ਗਿਆ। ਕੈਂਪ ਦਾ ਆਗਾਜ਼ ਪ੍ਰਿੰਸੀਪਲ ਸ੍ਰੀਮਤੀ ਸੁਖਜਿੰਦਰ ਕੌਰ ਨੇ ਕੀਤਾ। ਪ੍ਰੋਗਰਾਮ ਅਫਸਰ ਸ੍ਰੀਮਤੀ ਕਿਰਨ ਬਾਲਾ ਨੇ ਦੱਸਿਆ ਕਿ ਕੈਂਪ ਵਿੱਚ 25 ਮੁੰਡੇ ਤੇ 25 ਕੁੜੀਆਂ ਸ਼ਾਮਲ ਸਨ। ਕੈਂਪ ਦੇ ਪਹਿਲੇ ਦਿਨ ਸਕੂਲ ਦੇ ਚੌਗਿਰਦੇ ਦੀ ਸਫਾਈ ਕਰਵਾਈ ਗਈ। ਅਗਲੇ ਦਿਨ ਵਲੰਟੀਅਰਾਂ ਨੇ ਮੈਗਾ ਮੀਟਿੰਗ ਦੇ ਪ੍ਰਬੰਧ ਤੇ ਆਯੋਜਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਦਿਨ ਕੈਂਪ ਵਿੱਚ ਐੱਸ ਡੀ ਐੱਮ ਸ੍ਰੀ ਨਵਦੀਪ ਕੁਮਾਰ ਤੇ ਹਲਕਾ ਵਿਧਾਇਕ ਸ੍ਰੀ ਕੁਲਵੰਤ ਸਿੰਘ ਨੇ ਸ਼ਿਰਕਤ ਕੀਤੀ। ਉਨ੍ਹਾਂ ਸਮਾਜ ਸੇਵਾ ਦੀ ਸਮਾਜ ਵਿੱਚ ਮਹੱਤਤਾ ਸਬੰਧੀ ਚਾਨਣਾ ਪਾਇਆ। ਵਲੰਟੀਅਰਾਂ ਨੂੰ ਭਵਿੱਖ ਵਿੱਚ ਸਮਾਜ ਸੇਵੀ ਆਗੂ ਬਣਨ ਦੀ ਪ੍ਰੇਰਣਾ ਦਿੱਤੀ। ਇਸ ਤੋਂ ਇਲਾਵਾ ਇਸ ਦੌਰਾਨ ਸਕੂਲ ਦੇ ਖੇਡ ਮੈਦਾਨਾਂ ਦੀ ਸਫਾਈ, ਨਗਰ ਪੰਚਾਇਤ ਘੱਗਾ ਦੇ ਦਫਤਰ, ਚੌਗਿਰਦੇ ਤੇ ਪਾਰਕ ਦੀ ਸਫਾਈ ਕਰਵਾਈ ਗਈ। ਕਾਰਜ ਸਾਧਕ ਅਫਸਰ ਸ੍ਰੀਮਤੀ ਬਲਜਿੰਦਰ ਕੌਰ ਵੱਲੋਂ ਰਿਫਰੈਸ਼ਮੈਂਟ ਦਿੱਤੀ ਗਈ। ਇਸ ਤੋਂ ਇਲਾਵਾ ਸਕੂਲ ਤੇ ਪਿੰਡ ਦੇ ਸਾਂਝੇ ਸਟੇਡੀਅਮ ਦੀ ਸਫਾਈ ਕਰਵਾਈ ਗਈ। ਮਹਿਮਾਨ ਵਜੋਂ ਸ੍ਰੀ ਹਰੀਸ਼ ਕੁਮਾਰ ਪ੍ਰਿੰਸੀਪਲ ਸਰਕਾਰੀ ਮਾਡਲ ਸਕੂਲ ਚੁਨਾਗਰਾ ਨੇ ਸ਼ਿਰਕਤ ਕੀਤੀ। ਸ੍ਰੀ ਗੁਰਪ੍ਰੀਤ ਸਿੰਘ ਵਰਮਾ ਬੀ ਪੀ ਈ ਓ ਸਮਾਣਾ-3 ਨੇ ਮਹਿਮਾਨ ਸੰਬੋਧਨੀ ਵਜੋਂ ਸ਼ਿਰਕਤ ਕੀਤੀ। ਹੈੱਡ ਟੀਚਰ ਗੁਰਮੀਤ ਸਿੰਘ ਵੱਲੋਂ ਵਲੰਟੀਆਰਾਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਪ੍ਰੋਗਰਾਮ ਅਫਸਰ ਸ੍ਰੀਮਤੀ ਕਿਰਨ ਬਾਲਾ ਵੱਲੋਂ ਮੈਡੀਕਲ ਕੈਂਪ ਦਾ ਆਯੋਜਨ ਕਰਵਾਇਆ ਗਿਆ। ਇਸ ਕੈਂਪ ਵਿੱਚ ਡਾਕਟਰ ਅਮਨ ਸ਼ਰਮਾ ਦੀ ਅਗਵਾਈ ਵਿੱਚ ਡਾਕਟਰਾਂ ਦੀ ਟੀਮ ਨੇ ਬੱਚਿਆਂ ਦੀ ਸਿਹਤ ਤੇ ਅੱਖਾਂ ਦੀ ਜਾਂਚ ਕੀਤੀ। ਡਾਕਟਰ ਅਮਨ ਸ਼ਰਮਾ ਨੇ ਬੱਚਿਆਂ ਨੂੰ ਕਿਸ਼ੋਰ ਅਵਸਥਾ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਇਲਾਜ ਬਾਰੇ ਚਾਨਣਾ ਪਾਇਆ। ਕੈਂਪ ਵਿੱਚ ਪ੍ਰੋਗਰਾਮ ਅਫਸਰ ਦੇ ਸਹਿਯੋਗੀ ਵਜੋਂ ਜਸਵੀਰ ਸਿੰਘ ਲੈਕਚਰਾਰ ਫਿਜੀਕਲ ਐਜੂਕੇਸ਼ਨ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਗੁਰਪ੍ਰੀਤ ਸਿੰਘ ਐੱਸ ਐੱਸ ਅਧਿਆਪਕ ਨੇ ਸਵੇਰੇ ਵਲੰਟੀਅਰਾਂ ਨੂੰ ਕਸਰਤ ਕਰਵਾਉਣ ਤੇ ਸ਼ਾਮ ਨੂੰ ਖਿਡਾਉਣ ਦੀ ਜ਼ਿੰਮੇਵਾਰੀ ਨਿਭਾਈ। ਲਖਵਿੰਦਰ ਸਿੰਘ ਪੀ ਟੀ ਆਈ ਨੇ ਵਲੰਟੀਅਰਾਂ ਦੇ ਖਾਣੇ ਤੇ ਰਿਹਾਇਸ਼ ਦੇ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾਈ। ਅਧਿਆਪਕ ਨਵਦੀਪ ਸਿੰਘ ਤੇ ਅਮਨਦੀਪ ਕੌਰ ਨੇ ਕੈਂਪ ਦੇ ਰਾਤ ਦੀ ਨਿਗਰਾਨੀ ਲਈ ਵਿਸ਼ੇਸ਼ ਯੋਗਦਾਨ ਪਾਇਆ। ਆਖਰੀ ਦਿਨ ਆਮ ਆਦਮੀ ਕਲੀਨਿਕ ਤੇ ਸਿਹਤ ਕੇਂਦਰ ਦੀ ਸਫਾਈ ਕੀਤੀ ਗਈ। ਕੈਂਪ ਦੀ ਸਮਾਪਤੀ 'ਤੇ ਇੱਕ ਸਮਾਗਮ ਵਿੱਚ ਲਾਇਨਜ਼ ਕਲੱਬ ਪਾਤੜਾਂ ਦੇ ਪ੍ਰਧਾਨ ਵੇਦ ਪੋਪਲੀ, ਸੈਕਟਰੀ ਸੁਰੇਸ਼ ਕੁਮਾਰ ਤੇ ਡਿਸਟ੍ਰਿਕਟ ਕੈਬਨਿਟ ਸੈਕਟਰੀ ਪ੍ਰਿਤਪਾਲ ਕੱਕੜੀਆ ਨੇ ਸ਼ਿਰਕਤ ਕੀਤੀ। ਕਲੱਬ ਵੱਲੋਂ ਵਲੰਟੀਅਰਾਂ ਤੇ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਸ੍ਰੀਮਤੀ ਸੁਖਜਿੰਦਰ ਕੌਰ ਤੇ ਪ੍ਰੋਗਰਾਮ ਅਫਸਰ ਸ੍ਰੀਮਤੀ ਕਿਰਨ ਬਾਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਕੈਂਪਸ ਮੈਨੇਜਰ ਸਰਬਜੀਤ ਸਿੰਘ ਤੇ ਗਾਰਡਾਂ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ।

**ਵਲੰਟੀਅਰਜ਼ ਦਾ ਲਾਇਨਜ਼ ਕਲੱਬ ਪਾਤੜਾਂ ਵੱਲੋਂ ਵਿਸ਼ੇਸ਼ ਸਨਮਾਨ**



# ਐੱਸ ਐੱਫ ਸੀ ਕਾਨਵੈਂਟ ਸਕੂਲ 'ਚ ਮਨਾਇਆ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ



**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ ਸੀ ਕਾਨਵੈਂਟ ਸਕੂਲ ਜਲਾਲਾਬਾਦ ਮੋਗਾ ਵਿਖੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸ਼ੁਰੂਆਤ ਵਿੱਚ ਬੱਚਿਆਂ ਵੱਲੋਂ ਚਮਕੌਰ ਦੀ ਗੜ੍ਹੀ ਨਾਲ ਸੰਬੰਧਤ ਸ਼ਬਦ ਪੇਸ਼ ਕੀਤਾ ਗਿਆ।ਨਰਸਰੀ ਤੋਂ ਯੂਕੇਜੀ ਕਲਾਸ ਤੱਕ ਦੇ ਬੱਚਿਆਂ ਨੇ ਪਾਠ ਕੀਤਾ।ਤੀਸਰੀ ਕਲਾਸ ਦੇ ਵਿਦਿਆਰਥੀ ਪ੍ਰਭਸਿਮਰਨ ਵੱਲੋਂ ਬੱਚਿਆਂ ਤੋਂ ਸਿੱਖੀ ਸੰਬੰਧੀ ਪ੍ਰਸ਼ਨ ਪੁੱਛੇ ਗਏ।ਦੂਜੀ, ਤੀਜੀ ਕਲਾਸ ਦੇ ਬੱਚਿਆਂ ਨੇ ਕਵਿਤਾਵਾਂ ਪੇਸ਼ ਕੀਤੀਆਂ।ਇਸ ਮੌਕੇ ਬੱਚੇ ਪੂਰੇ ਸਿੱਖੀ ਪਹਿਰਾਵੇ ਵਿੱਚ ਆਏ।ਇਸ ਪ੍ਰੋਗਰਾਮ ਤੋਂ ਬਾਅਦ ਲੜਕਿਆਂ ਵਿੱਚ ਵਿੱਚ ਪੱਗ ਬੰਨਣ, ਲੜਕੀਆਂ ਵਿੱਚ ਦੁਮਾਲਾ ਬੰਨਣ ਦਾ ਮੁਕਾਬਲਾ ਕਰਵਾਇਆ ਗਿਆ।ਬੱਚਿਆਂ ਨੇ ਇਸ ਮੁਕਾਬਲੇ ਵਿੱਚ ਪੂਰਾ ਜੋਸ਼ ਦਿਖਾਇਆ।ਇਸ ਮੌਕੇ ਸਕੂਲ ਅਧਿਆਪਕਾਂ ਵੱਲੋਂ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਸਰਸਾ ਨਦੀ ਤੋਂ ਵਿਛੋੜਾ, ਗੁਰੂ ਗੋਬਿੰਦ ਸਿੰਘ ਜੀ ਦਾ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਜਾਣਾ ਸਾਰਾ ਇਤਿਹਾਸ ਬੱਚਿਆਂ ਨੂੰ ਵਿਸਤਾਰ ਸਹਿਤ ਦੱਸਿਆ ਗਿਆ।ਇਸ ਸਮੇਂ ਸਕੂਲ ਡਾਇਰੈਕਟਰ ਸੁਖਬੀਰ ਸਿੰਘ ਤੇ ਸਕਲ ਪ੍ਰਿੰਸੀਪਲ ਪਵਨਦੀਪ ਕੌਰ ਚਾਹਲ ਨੇ ਬੱਚਿਆਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ ਤੇ ਗੁਰੂਆਂ ਦੁਆਰਾ ਦੱਸੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

# ਸੰਤ ਸੀਚੇਵਾਲ ਨੇ ਨਿਤਿਨ ਗਡਕਰੀ ਕੋਲ ਚੁੱਕਿਆ ਲੋਹੀਆਂ ਖ਼ਾਸ ਫਲਾਈਓਵਰ ਦਾ ਮੁੱਦਾ

**ਸੁਲਤਾਨਪੁਰ ਲੋਧੀ, ਲੋਹੀਆਂ ਖਾਸ (ਬਲਵਿੰਦਰ ਸਿੰਘ, ਧਾਲੀਵਾਲ, ਰਾਜਵੀਰ ਸਿੰਘ, ਰੀਨਾ ਸ਼ਰਮਾ, ਯੋਗੇਸ਼ਵਰ)**

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਕੋਲ ਲੋਹੀਆ ਖ਼ਾਸ ਫਲਾਈ ਓਵਰ ਦਾ ਮੁੱਦਾ ਉਠਾਂਦਿਆਂ ਮੰਗ ਕੀਤੀ ਉਥੇ ਰੇਲਵੇ ਲਾਈਨਾਂ 'ਤੇ ਬਣਨ ਵਾਲਾ ਪੁੱਲ ਪਿੱਲਰਾਂ 'ਤੇ ਬਣਾਇਆ ਜਾਵੇ। ਪਾਰਲੀਮੈਂਟ ਦੇ ਚੱਲ ਰਹੇ ਸਰਦ ਰੁੱਤ ਦੇ ਸ਼ੈਸ਼ਨ ਦੌਰਾਨ ਸੰਤ ਸੀਚੇਵਾਲ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਹੀ ਜਾ ਕੇ ਮਿਲੇ। ਉਨ੍ਹਾਂ ਦੱਸਿਆ ਕਿ ਲੋਹੀਆਂ ਖ਼ਾਸ 'ਤੇ ਬਣਨ ਵਾਲਾ ਫਲਾਈ ਓਵਰ ਕੌਮੀ ਮਾਰਗ 703 ਏ 'ਤੇ ਬਣ ਰਿਹਾ ਹੈ। ਇਹ ਪੁੱਲ ਲੋਹੀਆਂ ਸ਼ਹਿਰ ਦੇ ਇੱਕ ਹਿੱਸੇ ਨੂੰ ਦੋ ਭਾਗਾਂ ਵਿੱਚ ਵੰਡ ਦੇਵੇਗਾ ਜਿਸ ਨਾਲ ਛੋਟਾ-ਮੋਟਾ ਰੁਜ਼ਗਾਰ ਕਰਨ ਵਾਲੇ ਦੁਕਾਨਦਾਰਾਂ ਦਾ ਕਾਰੋਬਾਰ ਠੱਪ ਹੋ ਕੇ ਰਹਿ ਜਾਵੇਗਾ।ਸੰਤ ਸੀਚੇਵਾਲ ਨੇ ਦੱਸਿਆ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਬਹੁਤ ਹੀ ਸੁਖਾਵੇ ਮਾਹੌਲ ਵਿੱਚ ਹੋਈ। ਉਨ੍ਹਾਂ ਨੇ ਉਸ ਵੇਲੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਉਹ ਇਸ ਸਮੱਸਿਆ ਨੂੰ ਤੁਰੰਤ ਹੱਲ ਕਰਨ ਦੀ ਕਾਰਵਾਈ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਇਸ ਮੰਗ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ ਤੇ ਇਸ ਦਾ ਯੋਗ ਹੱਲ ਕੱਢਿਆ ਜਾਵੇਗਾ।ਕੇਂਦਰੀ ਮੰਤਰੀ ਨੇ ਸੰਤ ਸੀਚੇਵਾਲ ਨੂੰ ਜਾਣੂ ਕਰਵਾਇਆ ਕਿ ਅਜਿਹੀਆਂ ਬਹੁਤ ਸਾਰੇ ਸ਼ਹਿਰਾਂ ਵਿੱਚ ਸ਼ਕਾਇਤਾਂ ਆਈਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਹਦਾਇਤ ਵੀ ਕੀਤੀ ਕਿ ਉਥੇ ਜਿੱਥੇ-ਜਿੱਥੇ ਵੀ ਅਬਾਦੀ ਵਾਲਾ ਇਲਾਕਾ ਹੋਵੇ ਉਸ ਸ਼ਹਿਰ ਨੂੰ ਦੋ ਹਿੱਸਿਆਂ ਵਿੱਚ ਨਾ ਵੰਡਿਆ ਜਾਵੇ।



# ਕਸ਼ਮੀਰ ਕੁਮਾਰ ਨੇ ਸੰਭਾਲਿਆ ਇਲੈਕਟ੍ਰੀਕਲ ਵਿਭਾਗ ਦਾ ਚਾਰਜ



**ਜਲੰਧਰ, (ਸ਼ੈਲੀ ਅਲਬਰਟ)**—ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਕਸ਼ਮੀਰ ਕੁਮਾਰ ਇਲੈਕਟ੍ਰੀਕਲ ਵਿਭਾਗ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ। ਇਹ ਪੋਸਟ ਮੁਖੀ ਵਿਭਾਗ ਦਿਲਦਾਰ ਸਿੰਘ ਰਾਣਾ ਦੀ ਵਲੰਟੀਅਰ ਰਿਟਾਇਰਮੈਂਟ 'ਤੇ ਖਾਲੀ ਹੋਈ ਸੀ। ਪ੍ਰਿਸੀਪਲ ਡਾ. ਜਗਰੂਪ ਸਿੰਘ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ। ਇਸ ਮੌਕੇ 'ਤੇ ਇਲੈਕਟ੍ਰੀਕਲ ਵਿਭਾਗ ਦਾ ਸਮੂਹ ਸਟਾਫ ਅਤੇ ਵਿਭਾਗਾਂ ਦੇ ਪ੍ਰਮੁੱਖ ਡਾ. ਸੰਜੇ ਬਾਂਸਲ , ਡਾ. ਰਾਜੀਵ ਭਾਟੀਆ, ਸ਼੍ਰੀਮਤੀ ਮੰਜੂ ਮੰਨਚੰਦਾ, ਸ਼੍ਰੀਮਤੀ ਰਿਚਾ ਅਰੋੜਾ, ਸ਼੍ਰੀ ਪ੍ਰਿੰਸ ਮਦਾਨ, ਹੀਰਾ ਮਹਾਜਨ, ਤ੍ਰਿਲੋਕ ਸਿੰਘ, ਰਾਕੇਸ਼ ਕੁਮਾਰ ਸ਼ਰਮਾ ਸ਼ਾਮਿਲ ਸਨ। ਪ੍ਰੋ. ਕਸ਼ਮੀਰ ਕੁਮਾਰ ਨੇ ਵਿਭਾਗ ਨੂੰ ਬੁਲੰਦੀਆਂ 'ਤੇ ਲਿਜਾਉਣ ਦਾ ਪ੍ਰਣ ਕੀਤਾ।

# ਪੁਲ ਦੀ ਮੁਰੰਮਤ ਤੋਂ ਬਾਅਦ ਆਵਾਜਾਈ ਕੀਤੀ ਜਾਵੇਗੀ ਚਾਲੂ : ਜ਼ਿਲ੍ਹਾ ਮੈਜਿਸਟਰੇਟ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਮੁੱਖ ਮਾਰਗ 'ਤੇ ਪਿੰਡ ਐਲਗਰਾਂ ਸੁਆਂ ਨਦੀ 'ਤੇ ਬਣੇ ਪੁੱਲ ਦੀ ਖਸਤਾ ਹਾਲਤ ਸਬੰਧੀ ਅਨਿਲ ਕੁਮਾਰ ਮੁੱਖ ਇੰਜੀਨੀਆਰ (ਬ੍ਰਿਜ ਐਕਸਪਾਰਟ) ਪੰਜਾਬ ਲੋਕ ਨਿਰਮਾਣ ਵਿਭਾਗ ਸ਼ਾਖਾ ਪਟਿਆਲਾ ਅਤੇ ਕਾਰਜਕਾਰੀ ਇੰਜੀਨੀਅਰ ਉੱਪ ਮੰਡਲ ਵਲੋਂ ਪੁਲ ਦਾ ਨਿਰੀਖਣ ਕੀਤਾ ਗਿਆ ਜਿਸ ਤੋਂ ਤੁਰੰਤ ਬਾਅਦ ਜ਼ਿਲ੍ਹਾ ਮਜਿਸਟਰੇਟ ਰੂਪਨਗਰ ਵਲੋਂ ਪਬਲਿਕ ਦੀ ਸੇਫਟੀ ਲਈ ਪੁੱਲ ਤੋਂ ਗੁਜਰਨ ਵਾਲੇ ਵਾਹਨਾਂ ਦੀ ਟਰੈਫਿਕ ਨੂੰ ਡਾਇਵਰਟ ਕੀਤਾ ਗਿਆ ਹੈ। ਨੰਗਲ ਤੋਂ ਆਉਣ ਵਾਲੀ ਟਰੈਫਿਕ ਵਾਇਆ ਜਿੰਦਵੜੀ-ਭਲਾਣ ਲਿੰਕ ਸੜਕ ਰਾਹੀਂ ਅਤੇ ਨੂਰਪੁਰਬੇਦੀ -ਨੰਗਲ ਟਰੈਫਿਕ ਨੂੰ ਕਾਹਨਪੁਰਖੂਹੀ-ਭੰਗਲ ਲਿੰਕ ਸੜਕ ਵਾਇਆ ਬਾਥੜੀ (ਹਿਮਾਚਲ ਪ੍ਰਦੇਸ਼) ਰਾਹੀ ਜਾਣਾ ਪਵੇਗਾ ਜਾਂ ਝੱਜ ਚੌਂਕ ਤੋਂ ਸ਼੍ਰੀ ਅਨੰਦਪੁਰ ਸਾਹਿਬ ਹੋ ਕੇ ਨੰਗਲ ਜਾਣਾ ਪਵੇਗਾ। ਮੁੱਖ ਇੰਜੀਨੀਅਰ (ਬ੍ਰਿਜ ਐਕਸਪਰਟ) ਵਲੋਂ ਪੁਲ ਦੀ ਸੇਫਟੀ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਪੁਲ ਦੀ ਅਵਾਜਾਈ ਨੂੰ ਬੰਦ ਕਰਨ ਦੇ ਆਦੇਸ਼ ਦਿੱਤੇ ਗਏ ਹਨ ਤਾਂ ਜੋ ਉਸ 'ਤੇ ਵਰਕ ਕਰਕੇ ਉਸ 'ਤੇ ਅਵਾਜਾਈ ਨੂੰ ਚੱਲਣਯੋਗ ਬਣਾਇਆ ਜਾਵੇ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਉਕਤ ਪੁੱਲ ਇਲਾਕੇ ਵਿੱਚ ਹੋ ਰਹੀ ਗੈਰਕਾਨੂੰਨੀ ਮਾਈਨਿੰਗ ਦੀ ਭੇਂਟ ਚੜ ਗਿਆ ਹੈ ਜਿੱਥੇ ਪੁੱਲ ਦੀ ਸਲੈਬ ਘੱਟੋ ਘੱਟ 8-10 ਇੰਚ ਆਪਣੀ ਜਗ੍ਹਾ ਤੋਂ ਪਿੱਛੇ ਹੱਟ ਗਈ ਉੱਥੇ ਪੁੱਲ ਦੇ ਪਾਏ (ਖੂਹ) ਵੀ ਕਾਫੀ ਖਸਤਾ ਹਾਲਤ ਵਿੱਚ ਹਨ ਜਿਸ ਕਾਰਨ ਪੁੱਲ ਦੀ ਮੁਰੰਮਤ ਲਈ ਅਵਾਜਾਈ ਨੂੰ ਬੰਦ ਕਰਨਾ ਬਹੁਤ ਜਰੂਰੀ ਸੀ।



# ਮਾਨ ਦੀ ਸਰਕਾਰ ਮੁਲਾਜ਼ਮ ਵਰਗ ਸਾਹਿਤ ਸਭਨਾਂ ਦੀ ਭਲਾਈ ਲਈ ਹੈ ਬਚਨਬੱਧ : ਕੁਲਵੰਤ ਸਿੰਘ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਹਰ ਵਰਗ ਜਿਸ 'ਚ ਮੁਲਾਜ਼ਮ ਵਰਗ ਵੀ ਸ਼ਾਮਲ ਹੈ, ਦੀ ਭਲਾਈ ਭਲਾਈ ਦੇ ਲਈ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਤਰਹਾਂ ਬਚਨਵੱਧ ਹੈ, ਇਹ ਗੱਲ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹੀ, ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਐਸ ਏ ਐਸ ਨਗਰ ਦੇ 500 ਤੋਂ ਵੱਧ ਡੇਲੀ-ਵੇਜਿਸ ਅਤੇ ਕੰਟ੍ਰੈਕਟ ਦੇ ਅਧਾਰ 'ਤੇ ਪਿਛਲੇ ਲੱਗਭੱਗ 15 ਸਾਲਾਂ ਤੋਂ ਨੌਕਰੀ ਕਰ ਰਹੇ ਕਰਮਚਾਰੀਆਂ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਬੋਰਡ ਵੱਲੋਂ ਰੈਗੂਲਰ ਨਾ ਕਰਨ ਕਾਰਨ ਸਮੂਹਿਕ ਛੁੱਟੀ ਲੈ ਕੇ ਡੇਲੀਵੇਜ਼ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਰਾਜ ਕੁਮਾਰ ਪ੍ਰਧਾਨ, ਇੰਦਰਜੀਤ ਸਿੰਘ ਜਰਨਲ ਸਕੱਤਰ, ਭਗਵੰਤ ਸਿੰਘ, ਸ੍ਰੀਮਤੀ ਰਾਜਪਾਲ ਕੌਰ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ ਦੇ ਦਫ਼ਤਰ ਦੇ ਬਾਹਰ ਬੋਰਡ ਦੀ ਮੈਨੇਜਮੈਂਟ ਵਿਰੁੱਧ ਮੁਜ਼ਾਹਰਾ ਕੀਤਾ ਗਿਆ ਅਤੇ ਉਹ ਆਪਣਾ ਮੰਗ ਪੱਤਰ ਐਸ.ਏ.ਐਸ. ਨਗਰ ਦੇ ਹਲਕਾ ਵਿਧਾਇਕ ਕੁਲਵੰਤ ਸਿੰਘ ਨੂੰ ਦੇਣ ਲਈ ਉਨ੍ਹਾਂ ਦੇ ਸੈਕਟਰ 79 ਦਫ਼ਤਰ ਵਿਖੇ ਜਾਣਾ ਸੀ ਪਰੰਤੂ ਜਦੋਂ ਹਲਕਾ ਵਿਧਾਇਕ ਨੂੰ ਇਸ ਸਬੰਧੀ ਸੂਚਨਾ ਮਿਲੀ ਤਾਂ ਉਨ੍ਹਾਂ ਨੇ ਕਰਮਚਾਰੀਆਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਮੁਜ਼ਾਹਰੇ 'ਚ ਸ਼ਾਮਲ ਸਾਰੇ ਕਰਮਚਾਰੀਆਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਤੋਂ ਉਨ੍ਹਾਂ ਦੇ ਸੈਕਟਰ 79 ਵਿਖੇ ਆਉਣ ਕਾਰਨ ਟ੍ਰੈਫਿਕ ਜਾਮ ਲੱਗ ਸਕਦਾ ਹੈ, ਇਸ ਲਈ ਉਹ ਖ਼ੁਦ ਮੁਜ਼ਾਹਰੇ ਦੇ ਸਥਾਨ ਤੇ ਆ ਕੇ ਉਨ੍ਹਾਂ ਦਾ ਮੰਗ ਪੱਤਰ ਪ੍ਰਾਪਤ ਕਰ ਲੈਣਗੇ। ਇਸ ਉਪਰੰਤ ਉਹ ਮੁਜ਼ਾਹਰੇ ਦੇ ਸਥਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਵਿੱਖੇ ਪਹੁੰਚੇ ਅਤੇ ਮੁਜ਼ਾਹਰਾ ਕਰ ਰਹੇ ਕਰਮਚਾਰੀਆਂ ਨੂੰ ਮਿਲੇ ਅਤੇ ਉਨ੍ਹਾਂ ਦੇ ਮੰਗ ਪੱਤਰ ਪ੍ਰਾਪਤ ਕੀਤਾ।

## ਖ਼ਾਲਸਾ ਕਾਲਜ ਦਾ ਬੀ ਐੱਸ ਸੀ ਬੀ ਐੱਡ ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਇੰਟਗ੍ਰੇਟਿਡ ਕੋਰਸ ਬੀ.ਐੱਸਸੀ. ਬੀ.ਐੱਡ. ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਬੀ.ਐੱਸਸੀ. ਬੀ.ਐੱਡ. ਦੂਜੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਸਨੇਹਾ ਨੇ 86.47 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਸਿਮਰਨ ਕੌਰ ਨੇ 84.7 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਤੇ ਹਰਲੀਨ ਕੌਰ ਨੇ 80.7 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰੋ. ਲਖਵਿੰਦਰਜੀਤ ਕੌਰ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਅਵੱਲ ਰਹੀਆਂ ਵਿਦਿਆਰਥਣਾਂ ਨੂੰ ਹੋਰ ਵੀ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।



# ਬਲਵਿੰਦਰ ਸਿੰਘ ਸਾਬੀ ਪ੍ਰਧਾਨ ਬਣੇ



**ਫਿਲੌਰ (ਨਿਰਮਲ)**- ਦੀ ਨੰਗਲ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੁਸਾਇਟੀ ਨੰਗਲ ਪ੍ਰਬੰਧਕ ਕਮੇਟੀ ਦੀ ਬੀਤੇ ਦਿਨੀਂ 11 ਮੈਂਬਰਾਂ ਦੀ ਸਰਬਸੰਮਤੀ ਨਾਲ ਚੋਣ ਹੋਈ। ਸੰਜੀਵ ਭੰਡਾਰੀ ਸਕੱਤਰ ਦੀ ਅਗਵਾਈ ਹੇਠ ਪ੍ਰਧਾਨ ਦੀ ਚੋਣ ਲਈ ਮੀਟਿੰਗ ਹੋਈ ਤੇ ਬਲਵਿੰਦਰ ਸਿੰਘ ਸਾਬੀ ਨੂੰ 11 ਮੈਂਬਰਾਂ 'ਚੋਂ 6 ਮੈਂਬਰਾਂ ਦਾ ਤੇ ਹਰਜਿੰਦਰ ਸਿੰਘ ਨੂੰ 5 ਮੈਂਬਰਾਂ ਦਾ ਸਮਰਥਨ ਮਿਲਿਆ। ਬਲਵਿੰਦਰ ਸਿੰਘ ਸਾਬੀ ਪ੍ਰਧਾਨ ਬਣੇ ਤੇ ਸੁਰਿੰਦਰਪਾਲ ਮੀਤ ਪ੍ਰਧਾਨ ਨਿਯੁਕਤ ਕੀਤੇ ਗਏ। ਸਾਬੀ ਨੇ ਸਮੂਹ ਮੈਂਬਰਾਂ ਤੇ ਇਲਾਕੇ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੁਸਾਇਟੀ ਦੀ ਬੇਹਤਰੀ ਲਈ ਮੈਂਬਰਾਂ ਨਾਲ ਮਿਲ ਕੇ ਕੰਮ ਕਰਨਗੇ। ਇਸ ਮੌਕੇ ਸੁਰਿੰਦਰਪਾਲ, ਦੇਸ ਰਾਜ, ਰਣਜੀਤ ਸਿੰਘ, ਲਖਵਿੰਦਰ ਸਿੰਘ, ਚਰਨਪ੍ਰੀਤ ਸਿੰਘ, ਜਗਜੀਤ ਸਿੰਘ, ਹਰਜਿੰਦਰ ਸਿੰਘ, ਸਰਬਜੀਤ ਕੌਰ, ਗੁਰਚਰਨ ਸਿੰਘ, ਮਨਜੀਤ ਕੌਰ ਮੈਂਬਰ, ਮਨਜੀਤ ਸਿੰਘ ਬਿੱਲਾ ਨੰਗਲ, ਰਵਿੰਦਰਵੀਰ ਸਿੰਘ ਦਿਹਾਤੀ ਸਰਕਲ ਪ੍ਰਧਾਨ ਫਿਲੌਰ ਲਖਬੀਰ ਸਿੰਘ ਲੱਖਾ ਪੰਜਢੇਰਾ, ਖੁਸ਼ੀ ਰਾਮ ਸਾਬਕਾ ਸਰਪੰਚ, ਰਾਜ ਕੁਮਾਰ ਗੱਟੂ, ਰਸ਼ਪਾਲ ਸਿੰਘ ਪਾਲਾ ਰਾਮਗੜ੍ਹ, ਸਾਬੀ ਸਰਪੰਚ ਰਾਮਗੜ੍ਹ, ਕਮਲ ਮਹਿਮੀ ਕਾਲੋਨੀ ਤੇ ਇਲਾਕਾ ਵਾਸੀ ਹਾਜਰ ਸਨ।

# ਸਮੁੱਚੀਆਂ ਗਾਰੰਟੀਆਂ ਪੂਰੀਆਂ ਕਰਨ ਲਈ ਮਾਲੀਆ ਵਧਾਉਣ ਦੇ ਯਤਨ ਜਾਰੀ : ਡਿਪਟੀ ਸਪੀਕਰ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਪੰਜਾਬ ਸਰਕਾਰ ਸੂਬੇ ਦੇ ਸਮੁੱਚੇ ਪਿੰਡਾਂ 'ਚ ਤੇਜ਼ੀ ਨਾਲ ਵਿਕਾਸ ਕਾਰਜ ਕਰਵਾ ਰਹੀ ਹੈ। ਜਿਸ ਲਈ ਹਰ ਹਲਕੇ ਦੇ ਪਿੰਡਾਂ ਨੂੰ ਰਹਿੰਦੇ ਵਿਕਾਸ ਕਾਰਜਾਂ ਅਤੇ ਚੱਲ ਰਹੇ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਉਕਤ ਵਿਚਾਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੋੜੀ ਨੇ ਨੂਰਪੁਰਬੇਦੀ ਵਿਖੇ ਭੰਡਾਰੀ ਪਰਵਾਰ ਨਾਲ ਦੁੱਖ ਸਾਂਝਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਉਨਾਂ ਆਖਿਆ ਕਿ ਹਲਕਾ ਰੂਪਨਗਰ ਦੇ ਪਿੰਡਾਂ ਲਈ ਉਨਾਂ ਦੇ ਅਖਤਿਆਰੀ ਫੰਡ 'ਚੋਂ ਜਾਰੀ ਹੋਈ ਕਰੀਬ ਸਾਢੇ 18 ਲੱਖ ਰੁਪਏ ਦੀ ਗ੍ਰਾਂਟ ਜਲਦ ਵਿਧਾਇਕ ਦਿਨੇਸ਼ ਚੱਢਾ ਨਾਲ ਪ੍ਰੋਗਰਾਮ ਤੈਅ ਕਰਕੇ ਪੰਚਾਇਤਾਂ ਨੂੰ ਵੰਡੀ ਜਾਵੇਗੀ। ਜਿਸ ਨਾਲ ਪੰਚਾਇਤਾਂ ਨੂੰ ਰੁਕੇ ਕੰਮ ਪੂਰਾ ਕਰਨ 'ਚ ਆਰਥਿਕ ਸਹਾਇਤਾ ਮਿਲੇਗੀ। ਇਸ ਮੌਕੇ ਬੋਲਦਿਆਂ ਡਿਪਟੀ ਸਪੀਕਰ ਰੋੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਜੋ ਵਾਅਦਾ ਕੀਤਾ ਗਿਆ ਸੀ ਦੇ ਤਹਿਤ ਨਾ ਕੇਵਲ 35 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਡੇਢ ਸਾਲ ਦੇ ਕਾਰਜਕਾਲ ਦੌਰਾਨ ਰੋਜ਼ਗਾਰ ਹੀ ਮੁਹੱਈਆ ਕਰਵਾਇਆ ਗਿਆ। ਬਲਕਿ ਇਨਾਂ ਨੌਜਵਾਨਾਂ ਨੂੰ ਕਿੱਤਾਮੁੱਖੀ ਤੇ ਹੋਰਨਾਂ ਵਿੱਦਿਅਕ ਗਤੀਵਿਧੀਆਂ ਦੀ ਉੱਚ ਸਿਖਲਾਈ ਮੁਹੱਈਆ ਕਰਵਾਉਣ ਲਈ ਸਿਖਲਾਈ ਕੇਂਦਰ ਖੋਲੇ ਜਾਣ ਨੂੰ ਵੀ ਤਵੱਜੋ ਦਿੱਤੀ ਜਾ ਰਹੀ ਹੈ। ਉਨਾਂ ਕਿਹਾ ਕਿ ਸਿਹਤ ਸੇਵਾਵਾਂ 'ਚ ਸੁਧਾਰ ਲਿਆਉਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਮਾਹੌਲ ਪ੍ਰਦਾਨ ਕਰਨ ਲਈ ਸਕੂਲਾਂ ਦੀ ਕਾਇਆਕਲਪ ਕੀਤੀ ਜਾ ਰਹੀ ਹੈ। ਇਸਤੋਂ ਵੀ ਇਕ ਕਦਮ ਅੱਗੇ ਵਧਾਉਂਦੇ ਹੋਏ ਪੰਜਾਬ ਸਰਕਾਰ ਵੱਲੋਂ ਸਮੁੱਚੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਬੈਠਣ ਲਈ ਨਵੇਂ ਵਰੇ ਤੋਂ ਡੈਸਕ ਤੇ ਹੋਰ ਲੋੜੀਂਦਾ ਫਰਨੀਚਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਜਿਸ ਸਬੰਧੀ ਸਿੱਖਿਆ ਵਿਭਾਗ ਨੇ ਸਕੂਲਾਂ ਤੋਂ ਵਿਦਿਆਰਥੀਆਂ ਦੀ ਸੰਖਿਆ ਦੇ ਹਿਸਾਬ ਨਾਲ ਸਮੁੱਚਾ ਰਿਕਾਰਡ ਮੰਗਵਾਇਆ ਹੈ। ਸੂਬੇ 'ਚ ਉਦਯੋਗਿਕ ਕ੍ਰਾਂਤੀ ਦੀ ਸਬੰਧੀ ਗੱਲ ਕਰਦਿਆਂ ਉਨਾਂ ਆਖਿਆ ਕਿ ਕਈ ਨਿਵੇਸ਼ਕਾਂ ਵੱਲੋਂ ਪੰਜਾਬ ਪ੍ਰਤੀ ਦਿਲਚਸਪੀ ਦਿਖਾਈ ਜਾ ਰਹੀ ਹੈ ਜਿਸ ਨਾਲ ਕਈ ਉਦਯੋਗਿਕ ਇਕਾਈਆਂ ਸਥਾਪਤ ਹੋਣ ਨਾਲ ਨੌਜਵਾਨਾਂ ਨੂੰ ਹੋਰ ਵੀ ਰੋਜ਼ਗਾਰ ਦੇ ਮੌਕੇ ਉਪਲੱਬਧ ਹੋਣਗੇ। ਡਿਪਟੀ ਸਪੀਕਰ ਰੋੜੀ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਮਾਲੀਏ ਨੂੰ ਵਧਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਜੋ ਸੂਬੇ ਦੀ ਜਨਤਾ ਨੂੰ ਦਿੱਤੀਆਂ ਸਮੁੱਚੀਆਂ ਗਾਰੰਟੀਆਂ ਨੂੰ ਇਕ-ਇਕ ਕਰਕੇ ਪੂਰਾ ਕੀਤਾ ਜਾ ਸਕੇ। ਇਸਤੋਂ ਇਲਾਵਾ ਸਰਕਾਰ ਨੇ ਪਹਿਲਾਂ ਹੀ ਮੁਫਤ ਬਿਜਲੀ ਦੇਣ ਸਹਿਤ ਕਈ ਹੋਰਨਾਂ ਗਾਰੰਟੀਆਂ ਨੂੰ ਪੂਰਾ ਕਰ ਦਿੱਤਾ ਹੈ। ਉਨਾਂ ਕਿਹਾ ਕਿ ਕਿਸਾਨੀ ਮਸਲਿਆਂ ਨੂੰ ਹੱਲ ਕਰਨ ਲਈ ਵੀ ਪੰਜਾਬ ਸਰਕਾਰ ਵੱਲੋਂ ਕਿਸਾਨ ਸੰਗਠਨਾਂ ਨਾਲ ਬੈਠਕਾਂ ਕਰਕੇ ਪਹਿਲਕਦਮੀ ਕੀਤੀ ਜਾ ਰਹੀ ਹੈ। ਇਸ ਮੌਕੇ ਉਨਾਂ ਨਾਲ ਵਿਧਾਇਕ ਦਿਨੇਸ਼ ਚੱਢਾ ਦੇ ਪਿਤਾ ਰਾਮ ਪ੍ਰਸ਼ਾਦ ਪਾਲੀ ਚੱਢਾ, ਹੁਸਨ ਲਾਲ ਚੌਹਾਨ, ਸਤਨਾਮ ਨਾਗਰਾ, ਦੀਪਕ ਪੁਰੀ, ਓ.ਐੱਸ.ਡੀ. ਚਰਨਜੀਤ ਚੰਨੀ, ਰਾਜੀਵ ਮਾਲੀਆ, ਅਤੁਲ ਬਾਂਸਲ ਆਦਿ ਪ੍ਰਮੁੱਖ ਰੂਪ 'ਚ ਹਾਜ਼ਰ ਸਨ।



# ਮੀਤ ਹੇਅਰ ਵੱਲੋਂ ਊਰਜਾ ਸੰਭਾਲ ਉਪਾਵਾਂ ਨੂੰ ਅਪਣਾਉਣ ਵਾਲੀਆਂ ਸੰਸਥਾਵਾਂ ਦਾ ਸਨਮਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਸੀ ਆਈ ਆਈ, ਚੰਡੀਗੜ੍ਹ ਵਿਖੇ ਸੂਬਾ ਪੱਧਰੀ ਊਰਜਾ ਸੰਭਾਲ ਪੁਰਸਕਾਰ ਸਮਾਰੋਹ ਕਰਵਾਇਆ ਗਿਆ। ਪੰਜਾਬ ਦੇ ਖੇਡ ਅਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਉਨ੍ਹਾਂ ਫੈਸਿਲਟੀਜ਼/ਯੂਨਿਟਾਂ ਨੂੰ ਪੁਰਸਕਾਰ ਵੰਡੇ, ਜਿਨ੍ਹਾਂ ਨੇ ਸੂਬੇ 'ਚ ਪਿਛਲੇ ਦੋ ਸਾਲਾਂ ਦੌਰਾਨ ਊਰਜਾ ਦੀ ਕੁਸ਼ਲ ਵਰਤੋਂ, ਪ੍ਰਬੰਧਨ ਅਤੇ ਸੰਭਾਲ ਲਈ ਠੋਸ ਯਤਨ ਕੀਤੇ ਹਨ। ਇਸ ਮੌਕੇ ਮੀਤ ਹੇਅਰ ਨੇ ਕਿਹਾ ਕਿ ਮਨੁੱਖ ਆਪਣੇ ਨਿੱਜੀ ਮੁਫਾਦਾਂ ਲਈ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਕਰਨ ਲਈ ਜ਼ਿੰਮੇਵਾਰ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਸਾਰੇ ਮਿਲ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਨੂੰ ਬਚਾਉਣ ਖਾਤਰ ਊਰਜਾ ਸੰਭਾਲ ਸਬੰਧੀ ਯਤਨਾਂ ਦਾ ਹਿੱਸਾ ਬਣੀਏ। ਉਨ੍ਹਾਂ ਨੇ ਸਬੰਧਤ ਵਿਭਾਗਾਂ, ਉਦਯੋਗਾਂ ਅਤੇ ਸੰਸਥਾਵਾਂ ਰਾਹੀਂ ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਊਰਜਾ ਕੁਸ਼ਲਤਾ ਅਤੇ ਊਰਜਾ ਸੰਭਾਲ ਨੂੰ ਉਤਸਾਹਿਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਕਰਨ ਵਾਸਤੇ ਪੇਡਾ ਦੀ ਵੀ ਸ਼ਲਾਘਾ ਕੀਤੀ। ਪੇਡਾ ਦੇ ਚੇਅਰਮੈਨ ਐਚ ਐਸ ਹੰਸਪਾਲ ਨੇ ਬਿਜਲੀ ਦੀ ਮੰਗ ਤੇ ਸਪਲਾਈ ਵਿਚਕਾਰ ਪਾੜੇ ਨੂੰ ਪੂਰਨ ਲਈ ਲੋਕਾਂ ਨੂੰ ਨਵਿਆਉਣਯੋਗ ਊਰਜਾ ਸਰੋਤਾਂ ਨੂੰ ਅਪਣਾਉਣ ਅਤੇ ਊਰਜਾ ਸੰਭਾਲ ਅਤੇ ਊਰਜਾ ਕੁਸਲਤਾ ਉਪਾਵਾਂ ਨੂੰ ਅਪਣਾਉਂਦਿਆਂ ਸਮਝਦਾਰੀ ਨਾਲ ਬਿਜਲੀ ਦੀ ਵਰਤੋਂ ਕਰਨ ਲਈ ਸੱਦਾ ਦਿੱਤਾ। ਪੇਡਾ ਦੇ ਸੀ.ਈ.ਓ. ਡਾ. ਅਮਰਪਾਲ ਸਿੰਘ ਨੇ ਆਪਣੇ ਕਾਰੋਬਾਰ ਯੂਨਿਟਾਂ ਅਤੇ ਸੰਸਥਾਵਾਂ ਵਿੱਚ ਊਰਜਾ ਦੇ ਪ੍ਰਬੰਧਨ ਅਤੇ ਸੰਭਾਲ ਲਈ ਠੋਸ ਯਤਨ ਕਰਨ ਵਾਸਤੇ ਪੁਰਸਕਾਰ ਜੇਤੂਆਂ ਦੀ ਸ਼ਲਾਘਾ ਕੀਤੀ। ਪੇਡਾ ਦੇ ਡਾਇਰੈਕਟਰ ਸ੍ਰੀ ਐਮ.ਪੀ. ਸਿੰਘ ਨੇ ਸੂਬੇ 'ਚ ਊਰਜਾ ਸੰਭਾਲ ਪ੍ਰੋਗਰਾਮਾਂ ਤਹਿਤ ਕੀਤੀਆਂ ਪਹਿਲਕਦਮੀਆਂ ਬਾਰੇ ਚਾਨਣਾ ਪਾਇਆ। ਕਨਫੈਡਰੇਸਨ ਆਫ ਇੰਡੀਅਨ ਇੰਡਸਟਰੀ (ਸੀ ਆਈ ਆਈ) ਦੇ ਉੱਤਰੀ ਖੇਤਰ ਦੇ ਡਾਇਰੈਕਟਰ ਪ੍ਰਸ਼ਾਂਤ ਏ.ਐਨ. ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ।




# 'ਸੀ ਐਮ ਦੀ ਯੋਗਸ਼ਾਲਾ' ਤਹਿਤ ਜ਼ਿਲ੍ਹੇ 'ਚ ਵੱਖ-ਵੱਖ ਸਥਾਨਾਂ 'ਤੇ ਲੱਗ ਰਹੀਆਂ ਯੋਗ ਕਲਾਸਾਂ : ਮਿੱਤਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਸ਼ੁਰੂ ਕੀਤੇ ਗਏ ਪ੍ਰੋਜੈਕਟ 'ਸੀ.ਐਮ ਦੀ ਯੋਗਸ਼ਾਲਾ' ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਵਿਚ 44 ਯੋਗ ਟ੍ਰੇਨਰ 153 ਸਥਾਨਾਂ 'ਤੇ ਯੋਗ ਕਲਾਸਾਂ ਚਲਾ ਰਹੇ ਹਨ, ਜਿਥੇ ਟ੍ਰੇਂਡ ਯੋਗ ਟ੍ਰੇਨਰ ਲੋਕਾਂ ਨੂੰ ਮੁਫਤ ਯੋਗ ਸਿਖਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਯੋਗ ਕਲਾਸਾਂ ਲੈਣ ਲਈ 25 ਨਾਗਰਿਕਾਂ ਦਾ ਸਮੂਹ ਹੋਣਾ ਚਾਹੀਦਾ ਹੈ ਅਤੇ ਇਸ ਪ੍ਰੋਗਰਾਮ ਨਾਲ ਜੁੜਨ ਲਈ ਟੈਲੀਫੋਨ ਨੰਬਰ 76694 00500 'ਤੇ ਮਿਸਡ ਕਾਲ ਦੇ ਕੇ ਇਸ ਦਾ ਲਾਭ ਲਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ 'ਸੀ.ਐਮ ਦੀ ਯੋਗਸ਼ਾਲਾ' ਰਾਹੀਂ ਲੋਕਾਂ ਨੂੰ ਉਨ੍ਹਾਂ ਦੁਆਰਾ ਚੁਣੇ ਗਏ ਸਥਾਨਾਂ 'ਤੇ ਜਿਵੇਂ ਪਾਰਕ, ਜਨਤਕ ਸਥਾਨ 'ਤੇ ਮੁਫ਼ਤ ਯੋਗ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਇਸ ਦੇ ਲਈ ਯੋਗ ਟ੍ਰੇਨਰ ਨਿਯੁਕਤ ਕੀਤੇ ਗਏ ਹਨ ਜੋ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਵਿਚ ਜਾ ਕੇ ਲੋਕਾਂ ਨੂੰ ਯੋਗ ਦੀਆਂ ਵਿਧੀਆਂ ਬਾਰੇ ਜਾਗਰੂਕ ਕਰ ਰਹੇ ਹਨ। ਕੋਮਲ ਮਿੱਤਲ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਕੋਲ ਯੋਗ ਕਲਾਸ ਕਰਨ ਲਈ ਸਥਾਨ ਉਪਲਬੱਧ ਹੈ ਅਤੇ ਘੱਟ ਤੋਂ ਘੱਟ 25 ਲੋਕਾਂ ਦਾ ਸਮੂਹ ਹੈ, ਤਾਂ ਪੰਜਾਬ ਸਰਕਾਰ ਟ੍ਰੇਂਡ ਯੋਗ ਟ੍ਰੇਨਰ ਘਰ ਭੇਜੇਗੀ ਅਤੇ ਜੇਕਰ ਲੋਕ ਚਾਹੁਣ ਤਾਂ ਉਹ ਖੁਦ ਲਈ ਵੀ ਰਜਿਸਟ੍ਰੇਸ਼ਨ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਸੂਬੇ ਦੇ ਨਾਗਰਿਕਾਂ ਨੂੰ ਮੁਫ਼ਤ ਯੋਗ ਸਿੱਖਿਆ ਦੇਣ ਦੀ ਇਕ ਪਹਿਲ ਕੀਤੀ ਗਈ ਹੈ। ਯੋਗ ਸੁਪਰਵਾਈਜ਼ਰ ਮਾਧਵੀ ਸਿੰਘ ਨੇ ਦੱਸਿਆ ਕਿ ਹੁਸ਼ਿਆਰਪੁਰ ਸ਼ਹਿਰ ਤੋਂ ਇਲਾਵਾ ਜ਼ਿਲ੍ਹੇ ਦੇ ਸਾਰੇ ਮੁੱਖ ਸਥਾਨਾਂ 'ਤੇ 44 ਯੋਗ ਟ੍ਰੇਨਰ ਯੋਗ ਕਲਾਸਾਂ ਦਾ ਆਯੋਜਨ ਕਰ ਰਹੇ ਹਨ। ਜਿਸ ਵਿਚ ਹੁਸ਼ਿਆਰਪੁਰ ਸ਼ਹਿਰ ਵਿਚ 78 ਸਥਾਨਾਂ 'ਤੇ, ਭੂੰਗਾ ਵਿਚ 6, ਦਸੂਹਾ ਵਿਚ 10, ਗੜ੍ਹਸ਼ੰਕਰ ਵਿਚ 10, ਮਾਹਿਲਪੁਰ ਵਿਚ 5, ਚੱਬੇਵਾਲ ਵਿਚ 10, ਮੁਕੇਰੀਆਂ ਵਿਚ 11, ਹਾਜੀਪੁਰ ਵਿਚ 7, ਤਲਵਾੜਾ ਵਿਚ 8 ਅਤੇ ਟਾਂਡਾ ਵਿਚ 8 ਸਥਾਨਾਂ 'ਤੇ ਯੋਗ ਕਲਾਸਾਂ ਚੱਲ ਰਹੀ।

# ਗੈਂਗਵਾਦ ਖਤਮ ਕਰਨ ਦੇ ਨਾਂਅ ਕੀਤੇ ਜਾ ਰਹੇ ਨੇ ਝੂਠੇ ਪੁਲਸ ਮੁਕਾਬਲੇ : ਅਜਮੇਰ ਸਿੰਘ

**ਜਲੰਧਰ (ਕੇਸਰ, ਰਾਜੇਸ਼ ਥਾਪਾ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਜੰਡਿਆਲਾ ਗੁਰੂ ਨੇੜੇ ਅੰਮ੍ਰਿਤਪਾਲ ਅਮਰੀ ਦੇ ਪੁਲਸ ਮੁਕਾਬਲੇ 'ਚ ਮਾਰੇ ਜਾਣ ਦੀ ਹਾਈਕੋਰਟ ਪਾਸੋਂ ਪੜਤਾਲ ਕੀਤੇ ਜਾਣ ਦੀ ਮੰਗ ਕੀਤੀ ਹੈ। ਪਾਰਟੀ ਵੱਲੋਂ ਜਾਰੀ ਪ੍ਰੈਸ ਬਿਆਨ ਰਾਹੀਂ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਪੁਲਸ ਹਿਰਾਸਤ 'ਚ ਹਥਕੜੀ ਜਕੜੇ ਮੁਲਜ਼ਮ ਦੀ ਸੁਰੱਖਿਆ ਪੁਲਸ ਦੀ ਜੁੰਮੇਵਾਰੀ ਹੁੰਦੀ ਹੈ। ਉਨ੍ਹਾਂ ਇਸ ਨੂੰ ਪੁਲਸ ਹਿਰਾਸਤ 'ਚ ਕਤਲ ਕੀਤੇ ਜਾਣਾ ਕਿਹਾ ਹੈ। ਹਥਕੜੀ ਜਕੜਿਆ ਵਿਅਕਤੀ ਗੋਲੀ ਚਲਾ ਕੇ, ਪੁਲਸ ਮੁਲਾਜ਼ਮ ਨੂੰ ਫੱਟੜ ਕੀਤੇ ਜਾਣ, ਦੌੜਨ ਦੀ ਕੋਸ਼ਿਸ਼ ਕੀਤੇ ਜਾਣ ਦੀ ਕਹਾਣੀ ਮਨਘੜਤ ਹੈ। ਗੈਂਗਸਟਰ ਪੈਦਾ ਕਰਨੇ ਅਤੇ ਫਿਰ ਉਹਨਾਂ ਨੂੰ ਝੂਠੇ ਮੁਕਾਬਲੇ ਰਾਹੀਂ ਮਾਰ ਕੇ ਉਹਨਾਂ ਨੂੰ ਖਤਮ ਕਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦਾ ਯਤਨ ਹਾਕਮ-ਜਮਾਤ ਪਾਰਟੀਆਂ ਦਾ ਪੁਰਾਣਾ ਕਿਰਦਾਰ ਹੈ। ਪਹਿਲਾਂ ਕਾਂਗਰਸ, ਅਕਾਲੀਆਂ ਦੇ ਰਾਜ 'ਚ ਝੂਠੇ ਪੁਲਸ ਮੁਕਾਬਲੇ ਘੜੇ ਜਾਂਦੇ ਰਹੇ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਉਸੇ ਹੀ ਰਾਹ ਤੁਰੀ ਹੋਈ ਹੈ। ਪਾਰਟੀ ਨੇ ਹਾਈਕੋਰਟ ਤੋਂ ਪੜਤਾਲ ਦੀ ਮੰਗ ਦੁਹਰਾਉਂਦਿਆਂ ਝੂਠੇ ਪੁਲਸ ਮੁਕਾਬਲਿਆਂ ਦੀ ਨਿਖੇਧੀ ਕੀਤੀ। ਪਾਰਟੀ ਨੇ ਲੋਕਾਂ ਨੂੰ ਅਜਿਹੇ ਝੂਠੇ ਪੁਲਸ ਮੁਕਾਬਲਿਆਂ ਦਾ ਵਿਰੋਧ ਕਰਨ ਦਾ ਸੱਦਾ ਵੀ ਦਿੱਤਾ।

# ਨਨਕਾਣਾ ਸਾਹਿਬ ਖਾਲਸਾ ਸਕੂਲ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਬੰਧੀ ਧਾਰਮਿਕ ਸਮਾਗਮ

**ਸੁਲਤਾਨਪੁਰ ਲੋਧੀ, (ਹਨੀ)**

ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ । ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਅਤੇ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਧਾਰਮਿਕ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਵਲੋਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਬੰਧੀ ਧਾਰਮਿਕ ਗੀਤ, ਕਵਿਤਾਵਾਂ ਪੇਸ਼ ਕੀਤੀਆਂ । ਇਸ ਮੌਕੇ ਬੋਲਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸਾਹਿਬਜ਼ਾਦਿਆਂ ਵਾਂਗ ਆਪਣੇ ਜੀਵਨ ਵਿੱਚ ਜਜ਼ਬਾ ਤੇ ਦਲੇਰੀ ਭਰਨ ਲਈ ਕਿਹਾ ਤਾਂ ਜੋ ਸਿੱਖ ਧਰਮ ਦੀਆਂ ਨੀਹਾਂ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕੇ । ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਅੰਦਰ ਇੰਨੀ ਦ੍ਰਿੜਤਾ ਵੇਖ ਕੇ ਮਨ ਖੁਸ਼ ਹੋ ਗਿਆ ਕਿ ਸਿੱਖ ਕੌਮ ਇੱਕ ਦਲੇਰ ਕੌਮ ਹੈ, ਜੋ ਅਣਖੀ ਯੋਧਿਆਂ ਨੂੰ ਜਨਮ ਦਿੰਦੀ ਹੈ । ਇਸ ਮੌਕੇ ਪ੍ਰਿੰਸੀਪਲ ਸੁਖਰਾਜ ਕੌਰ, ਰੇਨੂੰ ਅਰੋੜਾ ਪ੍ਰਿੰਸੀਪਲ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ, ਹਰਜਿੰਦਰ ਸਿੰਘ, ਪ੍ਰਵੀਨ ਕੁਮਾਰੀ, ਨੀਨਾ ਕੁਮਾਰੀ, ਸੁਖਵਿੰਦਰ ਸਿੰਘ, ਰਣਜੀਤ ਸਿੰਘ, ਸੰਦੀਪ ਕੌਰ, ਕੰਵਲਜੀਤ ਕੌਰ, ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਕਿਰਨਦੀਪ, ਜਸਪ੍ਰੀਤ ਕੌਰ, ਸੁਮਨ ਕੌਰ, ਵਿਸ਼ਾਖਾ, ਹਰਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜਰ ਸਨ ।



## ਕ੍ਰਿਸਮਿਸ ਦਿਵਸ ਧੂਮਧਾਮ ਨਾਲ ਮਨਾਇਆ ਜਾਵੇਗਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਮਹੁੱਲਾ ਸ਼ਿਵ ਬਿਹਾਰ ਕਲੋਨੀ ਨੂਰਮਹਿਲ ਵਿਚ ਕ੍ਰਿਸਮਿਸ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਪਾਸਟਰ ਮੋਹਨ ਲਾਲ ਨੇ ਦੱਸਿਆ ਕਿ ਪ੍ਰਭੂ ਯਿਸੂ ਮਸੀਹ ਜੀ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਬੜੀਆਂ ਖੁਸ਼ੀਆਂ ਨਾਲ ਮਨਾਇਆ ਜਾਵੇਗਾ। ਗਲੋਬਲ ਚਰਚ ਵੱਲੋਂ ਪ੍ਰਾਥਨਾ ਦੀ ਅਗਵਾਈ ਪਾਸਟਰ ਮਨਜੀਤ ਲਾਲ ਅਤੇ ਪਾਸਟਰ ਨਰਿੰਦਰ ਬਾਨਸਲ ਕਰਨਗੇ। ਚਰਚ ਦੀ ਅਰਾਧਨਾ ਟੀਮ ਸਿਸਟਰ ਰੂਥਲੀਆ, ਅਰਮਾਨ, ਜਸਨੂਰ, ਇਬਾਦਤ, ਸਿੰਮੀ ਅਤੇ ਯੋਏਲ ਗੀਤਾਂ ਭਜਨਾਂ ਨਾਲ ਪ੍ਰਭੂ ਦੀ ਮਹਿਮਾ ਦਾ ਗੁਣਗਾਨ ਕਰਨਗੇ।



## ਵਿਦਿਆਰਥੀਆਂ ਲਈ ਓਨਕੋ-ਮੂਨਸ਼ਾਟ-ਕੈਂਸਰ ਟੀਚਿੰਗ ਵਰਕਸ਼ਾਪ ਲਾਈ

**ਮੋਹਾਲੀ, (ਕ੍ਰਿਸ਼ਨ ਗਰਗ)** ਡਾਕਟਰੀ ਸਿੱਖਿਆ ਦੇ ਤਜ਼ਰਬੇ ਨੂੰ ਵਧਾਉਣ ਲਈ ਸਰਗਰਮ ਪਹਿਲਕਦਮੀ ਵਜੋਂ, ਏ ਆਈ ਐਮ ਐਸ (ਡਾ. ਬੀ.ਆਰ. ਅੰਬੇਦਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ) ਮੋਹਾਲੀ ਨੇ ਐਮ ਬੀ ਬੀ ਐਸ ਦੇ ਵਿਦਿਆਰਥੀਆਂ ਲਈ ਕੈਂਸਰ ਬਾਰੇ ਇੱਕ ਸਿਖਲਾਈ ਵਰਕਸ਼ਾਪ 'ਓਨਕੋ ਮੂਨ ਸ਼ਾਟ' ਦਾ ਪ੍ਰਬੰਧ ਕੀਤਾ ਗਿਆ। ਵਰਕਸ਼ਾਪ ਦਾ ਉਦੇਸ਼ ਉੱਭਰ ਰਹੇ ਡਾਕਟਰਾਂ ਨੂੰ ਕੈਂਸਰ ਦੇ ਨਿਦਾਨ, ਇਲਾਜ, ਮਾਮਲਿਆਂ ਅਤੇ ਮਰੀਜਾਂ ਦੀ ਦੇਖਭਾਲ ਦੀਆਂ ਜਟਿਲਤਾਵਾਂ ਨੂੰ ਹੱਲ ਕਰਨ ਲਈ ਵਿਆਪਕ ਗਿਆਨ ਅਤੇ ਹੁਨਰ ਨਾਲ ਲੈਸ ਕਰਨਾ ਸੀ। ਜਨਤਕ ਅਤੇ ਨਿੱਜੀ ਸਿਹਤ ਮਾਹਿਰਾਂ 'ਚ ਪ੍ਰੋਫੈਸਰ ਵਨੀਤਾ ਜੈਨ, ਪ੍ਰੋਫੈਸਰ ਰਾਧਿਕਾ ਅਤੇ ਪ੍ਰੋਫੈਸਰ ਰੀਨਾ ਦਾਸ, ਪ੍ਰੋਫੈਸਰ ਨਰਿੰਦਰ (ਰੇਡੀਓਥੈਰੇਪੀ), ਪੀ ਜੀ ਆਈ ਤੋਂ ਪ੍ਰੋਫੈਸਰ ਅਲਕਾ ਖਡਵਾਲ, ਪ੍ਰੋਫੈਸਰ ਐਨ ਐਮ ਗੁਪਤਾ ਰਿਟਾਇਰਡ ਪ੍ਰੋਫੈਸਰ ਅਤੇ ਹੈੱਡ ਸਰਜਰੀ ਪੀ ਜੀ ਆਈ, ਡਾ ਅੰਸੂ ਪਲਟਾ ਜੀ ਐਮ ਸੀ ਐਚ 32, ਡਾ. ਨਵਲ ਬਾਂਸਲ (ਐਂਡੋਕਰੀਨ ਅਤੇ ਬ੍ਰੈਸਟ ਓਨਕੋਲੋਜਿਸਟ) ਫੋਰਟਿਸ, ਡਾ: ਕੇਤਨ ਡਾਂਗ (ਮੈਡੀਕਲ ਓਨਕੋਲੋਜਿਸਟ) ਫੋਰਟਿਸ, ਡਾ: ਸਚਿਨ ਅਤੇ ਡਾ: ਕ੍ਰਿਤਿਕਾ ਮੈਡੀਕਲ ਓਨਕੋਲੋਜਿਸਟ ਮੈਕਸ ਮੋਹਾਲੀ, ਟਾਟਾ ਕੈਂਸਰ ਹਸਪਤਾਲ ਤੋਂ ਡਾ: ਰਾਹਤ ਬਰਾੜ (ਡੀਨ), ਡਾ: ਅਲੋਕ ਗੋਇਲ, ਡਾ: ਗੁਰੂ, ਡਾ: ਸਾਹਿਲ, ਡਾ. ਵੰਦਿਤਾ ਨੇ ਮੈਡੀਕਲ ਵਿਦਿਆਰਥੀਆਂ ਨਾਲ ਸਾਲਾਂ ਦੇ ਕਲੀਨਿਕਲ ਤਜਰਬੇ ਤੋਂ ਪ੍ਰਾਪਤ ਕੀਤੀ ਆਪਣੀ ਅਨਮੋਲ ਜਾਣਕਾਰੀ ਸਾਂਝੀ ਕੀਤੀ। ਕੈਂਸਰ ਦੇ ਇਲਾਜ ਦੇ ਖੇਤਰ ਵਿੱਚ ਇਹਨਾਂ ਸਾਰੇ ਨਾਮਵਰ ਮਾਹਿਰਾਂ ਨੇ ਵਿਦਿਆਰਥੀਆਂ ਨੂੰ ਅਤਿ-ਆਧੁਨਿਕ ਤਰੱਕੀ, ਡਾਇਗਨੋਸਟਿਕ ਵਿਧੀਆਂ ਅਤੇ ਬਹੁ-ਮਾਰਗੀ ਇਲਾਜ ਪਹੁੰਚਾਂ ਰਾਹੀਂ ਮਾਰਗਦਰਸਨ ਕੀਤਾ। ਕੈਂਸਰ ਦੇ ਮਰੀਜਾਂ ਦੇ ਪ੍ਰਬੰਧਨ ਲਈ ਟੀਮ ਆਧਾਰਿਤ ਬਹੁ-ਅਨੁਸਾਸਨੀ ਪਹੁੰਚ ਨੂੰ ਸਮਝਣ ਲਈ 100 ਤੋਂ ਵੱਧ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾ ਨੇ ਹੋਮੀ ਭਾਭਾ ਕੈਂਸਰ ਟਾਟਾ ਹਸਪਤਾਲ ਮੁੱਲਾਂਪੁਰ ਦਾ ਦੌਰਾ ਕੀਤਾ। ਡਾ: ਸੰਦੀਪ ਸਿੰਘ ਗਿੱਲ ਅਤੇ ਡਾ: ਸੁਰਭੀ ਸਟੇਟ ਪ੍ਰੋਗਰਾਮ ਅਫਸਰ ਐਨ.ਸੀ.ਡੀ ਪੰਜਾਬ ਨੇ ਹਸਪਤਾਲ ਅਤੇ ਆਬਾਦੀ ਆਧਾਰਿਤ ਰਜਿਸਟਰੀਆਂ ਦੀ ਵਰਤੋਂ ਕਰਦੇ ਹੋਏ ਭਾਰਤ ਵਿੱਚ ਕੈਂਸਰ ਦੇ ਪਸਾਰ ਬਾਰੇ ਦੱਸਿਆ।

# ਬੱਡੋ ਵਿਖੇ ਸ਼ਹੀਦ ਬਾਬਾ ਕਰਮ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡੋ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਬਾਬਾ ਕਰਮ ਸਿੰਘ ਜੀ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਪੰਚ ਅਮਨਦੀਪ ਸਿੰਘ ਬੱਡੋ ਨੇ ਦੱਸਿਆ ਕਿ ਸਮਾਗਮ ਦੌਰਾਨ 03 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਸੰਤ ਬਾਬਾ ਗੁਰਚਰਨ ਸਿੰਘ ਬੱਡੋਂ, ਭਾਈ ਸੁਖਦੇਵ ਸਿੰਘ ਨਡਾਲੋਂ, ਭਾਈ ਬਲਵੀਰ ਸਿੰਘ ਗੁਰਦਾਸਪੁਰੀ, ਭਾਈ ਜਗਦੀਸ ਸਿੰਘ ਜਲਪੋਤਾ, ਬੀਬੀ ਰਜਵੰਤ ਕੌਰ ਖਾਲਸਾ ਇੰਟਰਨੈਸਨਲ ਢਾਡੀ ਜੱਥਾ ਆਦਿ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਧਾਨ ਅਮਨਦੀਪ ਸਿੰਘ, ਸਰਬਪ੍ਰੀਤ ਸਿੰਘ ਸੋਨੂੰ ਮੀਤ ਪ੍ਰਧਾਨ, ਜਰਨੈਲ ਸਿੰਘ ਖਾਲਸਾ ਜਨਰਲ ਸਕੱਤਰ, ਡਾਕਟਰ ਸਰਬਜੀਤ ਸਿੰਘ ਬਿੱਟੂ ਸਟੇਜ ਸਕੱਤਰ, ਹਰਵੇਲ ਸਿੰਘ, ਅਮਰਜੀਤ ਸਿੰਘ, ਨਿਰਮਲ ਸਿੰਘ, ਸੇਵਾ ਸਿੰਘ, ਪਰਮਜੀਤ ਸਿੰਘ ਹੈੱਡ ਗ੍ਰੰਥੀ, ਸੋਢੀ ਸਿੰਘ, ਅਵਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ। ਇਸ ਪ੍ਰੋਗਰਾਮ ਦੀ ਜਾਣਕਾਰੀ ਡਾਕਟਰ ਸਰਬਜੀਤ ਸਿੰਘ ਬਿੱਟੂ ਨੇ ਪ੍ਰੈਸ ਨੂੰ ਦਿੱਤੀ।



# ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪਾਬੰਦੀ

**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਜ਼ਿਲ੍ਹੇ 'ਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਫੌਜਦਾਰੀ ਜਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਐਸ.ਏ.ਐਸ. ਨਗਰ ਵਿੱਚ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ। ਇਸ ਦੇ ਨਾਲ-ਨਾਲ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਮੁਕੰਮਲ ਪਾਬੰਦੀ ਰਹੇਗੀ। ਇਸ ਤੋਂ ਇਲਾਵਾ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ਦੀ ਪੂਰਨ ਮਨਾਹੀ ਹੋਵੇਗੀ ਅਤੇ ਕਿਸੇ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਵੀ ਪਾਬੰਦੀ ਲਾਗੂ ਰਹੇਗੀ।ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਜੇਕਰ ਕੋਈ ਵੀ ਆਮ ਅਤੇ ਖਾਸ, ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਹੁਕਮ ਮਿਤੀ 11 ਦਸੰਬਰ 2023 ਤੋਂ 10 ਫਰਵਰੀ 2024 ਤੱਕ ਲਾਗੂ ਰਹਿਣਗੇ।

# ਦ ਗੋਸਪਲ ਡੇ ਚਰਚ ਨੇ ਕੱਢੀ ਕ੍ਰਿਸਮਿਸ ਸ਼ੋਭਾ ਯਾਤਰਾ

**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ )**

ਜਿਥੇ ਪੂਰੇ ਵਿਸ਼ਵ ਵਿਚ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਮਨਾਈਆ ਜਾ ਰਹੀਆਂ ਹਨ ਉੱਥੇ ਹੀ ਅੱਡਾ ਸਰਾਂ ਵਿਖੇ ਦ ਗੋਸਪਲ ਡੇ ਚਰਚ ਵੱਲੋਂ ਪ੍ਰਭੂ ਯਿਸੂ ਮਸੀਹ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਚਰਚ ਦੇ ਮੁੱਖ ਪ੍ਰਚਾਰਕ ਪਾਸਟਰ ਹਰਵਿੰਦਰ ਪੋਲ ਦੀ ਅਗਵਾਈ ਹੇਠ ਇੱਕ ਵਿਸ਼ਾਲ ਕ੍ਰਿਸਮਸ ਸ਼ੋਭਾ ਯਾਤਰਾ ਬਹੁਤ ਹੀ ਸ਼ਰਧਾ ਪੂਰਵਕ ਕੱਢੀ ਗਈ! ਪੋਲ ਨੇ ਪ੍ਰਭੂ ਯਿਸੂ ਮਸੀਹ ਜੀ ਦੀ ਜੀਵਨੀ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਂਦੇ ਹੋਏ ਭਾਰਤ ਅਤੇ ਪੂਰੇ ਵਿਸ਼ਵ ਦੀ ਸਲਾਮਤੀ ਲਈ ਦੁਆ ਪ੍ਰਾਥਨਾ ਕੀਤੀ ! ਇਸ ਮੌਕੇ ਮੁੱਖ ਮਹਿਮਾਨ ਡੈਮੋਕਰੈਟਿਕ ਭਾਰਤੀਯ ਲੋਕ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁੱਖ ਸਿੰਘ ਖੋਸਲਾ ਨੇ ਵਿਸ਼ਵ ਵਾਸੀਆਂ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਕਿਹਾ ਕੇ ਪ੍ਰਭੂ ਯਿਸੂ ਮਸੀਹ ਇਸ ਧਰਤੀ 'ਤੇ ਧੰਨ ਕੁਆਰੀ ਮਾਂ ਮਰੀਅਮ ਦੇ ਕੁਖੋਂ ਪੈਦਾ ਹੋਇਆ ਅਤੇ ਜਗਤ ਦਾ ਚੰਨਣ ਬਣ ਕੇ ਆਇਆ ਸਾਨੂੰ ਸਭ ਨੂੰ ਪ੍ਰਭੂ ਯਿਸੂ ਮਸੀਹ ਦੇ ਦਰਸਾਏ ਮਾਰਗ 'ਤੇ ਚੱਲ ਕੇ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਨੀਲ ਮਸੀਹ (ਕਾਕਾ) ਪ੍ਰਧਾਨ ਦੁਆਬਾ ਜੋਨ ਡੈਮੋਕਰੈਟਿਕ ਭਾਰਤੀਯ ਲੋਕ ਦਲ, ਲਾਡੀ ਨਾਹਰ ਮੈਂਬਰ ਪੰਚਾਇਤ ਘੋੜਾਵਾਹਾ, ਰਾਜੀਵ ਕੁਮਾਰ ਹੈਪੀ ਬਸਪਾ ਆਗੂ, ਪਾਸਟਰ ਰਾਮਜੀ ਚੋਟਾਲਾ,ਅਜੈ ਹੰਸ ਹਰਿਆਣਾ, ਪਾਸਟਰ ਦਲਬਾਗ, ਪਾਸਟਰ ਅਜੈ ਗੁਰਦਾਸ ਪੁਰ, ਸੰਤੋਖ ਨਰਿਆਲਾ ਪ੍ਰਧਾਨ ਬਸਪਾ ਹਲਕਾ ਟਾਂਡਾ, ਬਿਕਰਮਜੀਤ ਕੋਟਲਾ, ਨੋਨੀ ਮਿਰਜਾ ਪੁਰ, ਅਸ਼ੋਕ ਕੁਮਾਰ, ਸੂਬੇਦਾਰ ਸੁਰਿੰਦਰ ਸਿੰਘ ਰਾਸਤਗੋ, ਟੋਨੀ ਚੋਟਾਲਾ, ਅਬੀ, ਰਾਜੂ ਕੋਟਲੀ, ਦਲੇਰ, ਲੱਖਾ ਮਿਰਜਾ ਪੁਰ, ਬਿੰਦੂ ਕੰਧਾਲਾ, ਹਨੀ ਸ਼ਾਹਪੁਰ, ਅਨੰਦ, ਕਮਲ, ਹਨੀ ਆਦਿ ਸਾਥੀ ਮੌਜੂਦ ਸਨ।



# ਕੈਬਨਿਟ ਸਬ-ਕਮੇਟੀ ਵੱਲੋਂ ਦਿਵਿਆਂਗ ਵਰਗ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਵਿਚਾਰ-ਵਟਾਂਦਰਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਕੈਬਨਿਟ ਸਬ-ਕਮੇਟੀ ਵੱਲੋਂ ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਦੇ ਨੁਮਾਇੰਦਿਆਂ ਨਾਲ ਪੰਜਾਬ ਭਵਨ, ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ। ਕੈਬਨਿਟ ਸਬ-ਕਮੇਟੀ ਦੀ ਮੀਟਿੰਗ ਵਿੱਤ ਅਤੇ ਯੋਜਨਾ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਕੈਬਨਿਟ ਸਬ-ਕਮੇਟੀ 'ਚ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਅਤੇ ਪ੍ਰਸ਼ਾਸਕੀ ਸੁਧਾਰ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸ਼ਾਮਲ ਸਨ, ਵੱਲੋਂ ਦਿਵਿਆਂਗ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਤਾਂ ਜੋ ਉਨ੍ਹਾਂ ਦੀਆਂ ਸਾਰੀਆਂ ਜਾਇਜ ਮੰਗਾਂ ਨੂੰ ਹਮਦਰਦੀ ਨਾਲ ਵਿਚਾਰ ਕੇ ਉਨ੍ਹਾਂ ਨੂੰ ਹੱਲ ਕੀਤਾ ਜਾ ਸਕੇ। ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਦੇ ਨੁਮਾਇੰਦਿਆਂ ਵੱਲੋਂ ਦਿਵਿਆਂਗ ਵਿਅਕਤੀਆਂ ਦੀ ਭਲਾਈ ਅਤੇ ਸਹੂਲਤਾਂ ਦੇਣ ਲਈ ਆਪਣੀਆਂ ਵੱਖ ਵੱਖ ਮੰਗਾ ਕੈਬਨਿਟ ਸਬ-ਕਮੇਟੀ ਸਾਹਮਣੇ ਰੱਖੀਆ। ਜਿਨ੍ਹਾਂ 'ਚੋਂ ਬਹੁਤ ਸਾਰੀਆਂ ਮੰਗਾਂ ਨੂੰ ਸਰਕਾਰ ਨੇ ਪ੍ਰਵਾਨ ਕਰ ਲਿਆ ਅਤੇ ਪੰਜਾਬ ਦਿਵਿਆਂਗ ਐਕਸਨ ਕਮੇਟੀ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਭਵਿੱਖ ਵਿਚ ਵੀ ਉਨ੍ਹਾ ਦੀਆਂ ਮੰਗਾਂ 'ਤੇ ਸਾਕਾਰਤਮਕ ਵਿਚਾਰ ਕੀਤਾ ਜਾਵੇਗਾ। ਕੈਬਨਿਟ ਸਬ-ਕਮੇਟੀ ਵੱਲੋਂ ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਦੇ ਨੁਮਾਇੰਦਿਆ ਨੂੰ ਭਰੋਸਾ ਦਿੱਤਾ ਕਿ ਜਲਦ ਹੀ ਦਿਵਿਆਂਗ ਵਿਅਕਤੀਆਂ ਦੇ ਨੌਕਰੀਆਂ ਵਿੱਚ ਪਏ ਬੈਕਲਾਗ ਨੂੰ ਭਰਿਆ ਜਾਵੇਗਾ। ਮੀਟਿੰਗ ਦੌਰਾਨ ਕੈਬਨਿਟ ਸਬ-ਕਮੇਟੀ ਨੇ ਅਧਿਕਾਰੀਆਂ ਨੂੰ ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ 2016 ਨੂੰ ਪੰਜਾਬ ਵਿਚ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਦੇ ਆਦੇਸ਼ ਦਿਤੇ। ਉਨ੍ਹਾਂ ਕਿਹਾ ਕਿ ਦਿਵਿਆਂਗ ਵਿਅਕਤੀਆਂ ਨੂੰ ਬਨਦਾ ਲਾਭ, ਅਧਿਕਾਰ ਅਤੇ ਸਨਮਾਨ ਦੇਣਾ ਅਤੇ ਐਕਟ ਵਿਚ ਦਰਸਾਈਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ।

# ਅਸਥਮਾ ਦੇ ਮਰੀਜ਼ ਸਵੇਰੇ ਸੈਰ ਕਰਨ ਲਈ ਬਾਹਰ ਨਾ ਨਿਕਲਣ : ਡਾ. ਨਿਰਮਲ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਹਸਪਤਾਲ ਨਵਾਂ ਸ਼ਹਿਰ ਵਿੱਚ ਦਿਨਾਂ ਤੋਂ ਫੇਫੜਿਆਂ ਅਤੇ ਸਾਹ ਨਾਲੀ ਨਾਲ ਸਬੰਧਤ 5/6 ਦਮੇ ਦੇ ਮਰੀਜ਼ ਆਏ ਹਨ।ਡਾਕਟਰ ਨਿਰਮਲ ਕੁਮਾਰ ਹਾਰਟ ਸਪੈਸ਼ਲਿਸਟ ਨੇ ਅਸਥਮਾ ਅਤੇ ਐਲਰਜੀ ਦੇ ਮਰੀਜ਼ਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਸਵੇਰੇ ਸੈਰ ਕਰਨ ਲਈ ਬਾਹਰ ਨਾ ਨਿਕਲਣ, ਸਗੋਂ ਘਰ ਵਿੱਚ ਹੀ ਕਸਰਤ ਕਰਨ। ਮੂੰਹ ਬੰਦ ਕਰਕੇ ਬਾਹਰ ਜਾਓ, ਸਰਦੀਆਂ ਦੇ ਮੌਸਮ ਵਿੱਚ ਦਮੇ ਦੀ ਸਮੱਸਿਆ ਵੱਧ ਜਾਂਦੀ ਹੈ। ਮੌਸਮ ਵਿੱਚ ਦਮੇ ਦੇ ਮਰੀਜ਼ਾਂ ਦੀ ਗਿਣਤੀ ਵੀ ਵੱਧ ਜਾਂਦੀ ਹੈ। ਅਜਿਹੇ ਵਿੱਚ ਡਾਕਟਰ ਨਿਰਮਲ ਕੁਮਾਰ ਨੇ ਅਸਥਮਾ ਦੇ ਮਰੀਜ਼ਾਂ ਨੂੰ ਮਾਸਕ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ। ਮੌਸਮ 'ਚ ਬਦਲਾਅ ਕਾਰਨ ਲੋਕਾਂ ਨੂੰ ਖੰਘ, ਜ਼ੁਕਾਮ, ਗਲੇ 'ਚ ਦਰਦ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ। ਸਰਦੀਆਂ ਵਿੱਚ ਠੰਡੀਆਂ ਚੀਜ਼ਾਂ ਦਾ ਸੇਵਨ ਕਰਨ ਨਾਲ ਵੀ ਬਿਮਾਰ ਹੋ ਰਹੇ ਹਨ।ਜਿਵੇਂ-ਜਿਵੇਂ ਠੰਡ ਵਧਦੀ ਹੈ, ਦਮੇ ਦੇ ਮਰੀਜ਼ਾਂ ਦੀਆਂ ਸਮੱਸਿਆਵਾਂ ਵੀ ਵੱਧ ਜਾਂਦੀਆਂ ਹਨ, ਕਿਉਂਕਿ ਠੰਡੇ ਮੌਸਮ ਕਾਰਨ ਇਨਫੈਕਸ਼ਨ ਹੋਣ ਦਾ ਖਤਰਾ ਵੱਧ ਜਾਂਦਾ ਹੈ।ਮਰੀਜ਼ ਨੂੰ ਸਾਹ ਲੈਣ ਵਿੱਚ ਤਕਲੀਫ ਹੁੰਦੀ ਹੈ, ਸਾਹ ਨਾਲੀ ਵਿੱਚ ਸੋਜ ਆ ਜਾਂਦੀ ਹੈ, ਫੇਫੜਿਆਂ ਵਿੱਚ ਟ੍ਰੈਕਟ ਅਤੇ ਦਬਾਅ ਮਹਿਸੂਸ ਹੁੰਦਾ ਹੈ। ਖੰਘ ਦੇ ਨਾਲ-ਨਾਲ ਛਾਤੀ ਵਿਚ ਜਕੜਨ ਤੋਂ ਇਲਾਵਾ ਸਾਹ ਲੈਣ ਵਿਚ ਤਕਲੀਫ ਹੁੰਦੀ ਹੈ।ਦਮੇ ਦੇ ਮੁੱਖ ਲੱਛਣ ਮਰੀਜ਼ ਨੂੰ ਵਾਰ-ਵਾਰ ਸਾਹ ਚੜ੍ਹਨਾ, ਲਗਾਤਾਰ ਖੰਘ, ਲਗਾਤਾਰ ਜ਼ੁਕਾਮ, ਛਾਤੀ ਵਿਚ ਜਕੜਨ ਮਹਿਸੂਸ ਹੋਣਾ, ਘਬਰਾਹਟ ਆਦਿ ਹਨ। ਇਸ ਤੋਂ ਇਲਾਵਾ ਧੁੰਦ, ਧੂੰਆਂ, ਧੂੜ, ਪ੍ਰਦੂਸ਼ਣ ਇਨਫੈਕਸ਼ਨ, ਠੰਡੀ ਹਵਾ ਦੇ ਸੰਪਰਕ ਵਿਚ ਆਉਣਾ, ਫਰਿੱਜ ਵਿਚ ਰੱਖੀਆਂ ਠੰਡੀਆਂ ਚੀਜ਼ਾਂ ਖਾਣ ਨਾਲ ਵੀ ਅਸਥਮਾ ਵਧਦਾ ਹੈ।



# ਪੰਜਾਬ ਦੇ ਲੋਕਾਂ ਨੂੰ ਹੱਕਾਂ ਲਈ ਸੰਵਾਦ ਰਚਾਉਣ ਦੀ ਲੋੜ : ਸੇਖੋਂ

**ਬਹਿਰਾਮ (ਅਵਤਾਰ ਕਲੇਰ)**

ਪੰਜਾਬ ਦੇ ਲੋਕਾਂ ਨੂੰ ਆਪਣੇ ਹੱਕਾਂ ਲਈ ਸੰਵਾਦ ਰਚਾਉਣ ਦੀ ਲੋੜ ਹੈ, ਤਾਂ ਜੋ ਸੱਤਾਧਾਰੀਆਂ ਦੀਆਂ ਬਣਦੀਆਂ ਜੁਮੇਵਾਰੀਆਂ ਸਬੰਧੀ ਆਮ ਜਨਤਾ ਨੂੰ ਜਾਗਰੂਕ ਕੀਤਾ ਜਾ ਸਕੇ। ਇਹ ਵਿਚਾਰ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਪੱਤਰਕਾਰ ਨਾਲ ਉਚੇਚੇ ਤੌਰ 'ਤੇ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਕਾ: ਸੇਖੋਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਰਾਜ ਸਰਕਾਰ ਵੱਲੋਂ ਬਣਦੇ ਹੱਕ ਨਹੀਂ ਦਿੱਤੇ ਜਾ ਰਹੇ ਅਤੇ ਇਨਸਾਫ਼ ਨਹੀਂ ਦਿੱਤਾ ਜਾ ਰਿਹਾ। ਲੋਕਾਂ ਨੂੰ ਝੂਠ ਦੇ ਸਹਾਰੇ ਵੱਡੇ ਵੱਡੇ ਸਬਜ਼ਬਾਗ ਵਿਖਾ ਕੇ ਸੱਤਾ ਭੋਗਣ ਦਾ ਸਮਾਂ ਲੰਘਾਇਆ ਜਾ ਰਿਹਾ ਹੈ। ਰਾਜ ਵਿੱਚ ਹੱਕ ਮੰਗਣ ਵਾਲੇ ਲੋਕਾਂ 'ਤੇ ਡਾਂਗ ਚਲਦੀ ਹੈ, ਪਰ ਸੂਬੇ ਲਈ ਕਰਜ਼ਾ ਚੁੱਕਣ ਲਈ ਪੈੱਨ ਚਲਦਾ ਹੈ। ਰਾਜ ਸਰਕਾਰ ਨੇ ਪੰਜਾਬ ਨੂੰ 70 ਹਜ਼ਾਰ ਕਰੋੜ ਰੁਪਏ ਦਾ ਕਰਜ਼ਈ ਬਣਾ ਦਿੱਤਾ ਹੈ ਅਤੇ ਇਸ ਪੈਸੇ ਦੀ ਸੂਬੇ ਦੇ ਵਿਕਾਸ ਦੀ ਥਾਂ ਦੁਰਵਰਤੋਂ ਹੋ ਰਹੀ ਹੈ। ਉਹਨਾਂ ਕਿਹਾ ਕਿ ਮਹਿੰਗਾਈ ਤੇ ਕਰਜ਼ੇ ਦੇ ਨਪੀੜੇ ਲੋਕ ਨਿੱਤ ਦਿਨ ਕਰਜ਼ਾ ਮੁਆਫ਼ੀ ਦੀ ਮੰਗ ਕਰ ਰਹੇ ਹਨ, ਪਰ ਰਾਜ ਸਰਕਾਰ ਵੱਲੋਂ ਸੂਬਾਈ ਕਰਜ਼ੇ ਵਿੱਚ ਵਾਧਾ ਕਰਕੇ ਸੂਬੇ ਦਾ ਪੈਸਾ ਦਿੱਲੀ ਅਤੇ ਹੋਰ ਰਾਜਾਂ ਵਿੱਚ ਆਪਣੀ ਪਾਰਟੀ ਦੀ ਚੜ੍ਹਤ ਕਰਨ ਲਈ ਵਰਤਿਆ ਜਾ ਰਿਹਾ ਹੈ। ਸੂਬਾ ਸਕੱਤਰ ਨੇ ਪੰਜਾਬ ਵਿੱਚ ਹੋਈ ਬੇਅਦਬੀ ਦੀਆਂ ਘਟਨਾਵਾਂ ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਇਹ ਘਟਨਾਵਾਂ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੀ ਅਕਾਲੀ ਸਰਕਾਰ ਦੌਰਾਨ ਹੋਈਆਂ, ਪਰ ਸਰਕਾਰ ਨੇ ਆਪਣੇ ਨਿੱਜੀ ਹਿਤਾਂ ਵੱਲ ਵੇਖ ਕੇ ਅੱਖਾਂ ਮੀਚੀ ਰੱਖੀਆਂ। ਹੁਣ ਜਦੋਂ ਬੇੜਾ ਤਬਾਹ ਹੋਣ ਦੇ ਕੰਢੇ ਪਹੁੰਚ ਗਿਆ ਤਾਂ ਅਕਾਲੀ ਦਲ ਦਾ ਪ੍ਰਧਾਨ ਮੁਆਫ਼ੀ ਮੰਗ ਕੇ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਦੇ ਯਤਨ ਕਰ ਰਿਹਾ ਹੈ। ਉਹਨਾਂ ਕਿਹਾ ਕਿ ਉਸ ਤੋਂ ਬਾਅਦ ਕਾਂਗਰਸ ਦੀ ਕੈਪਟਨ ਸਰਕਾਰ ਨੇ ਵੀ ਇਸ ਸਬੰਧੀ ਇਨਸਾਫ਼ ਕਰਨ ਤੋਂ ਪਾਸਾ ਵੱਟੀ ਰੱਖਿਆ ਤੇ ਉਸਦਾ ਹਾਲ ਵੀ ਅਕਾਲੀ ਦਲ ਵਾਲਾ ਹੋ ਗਿਆ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਆਪਣੇ ਸਮੇਂ ਦੇ ਅੱਧ ਤੱਕ ਪਹੁੰਚਣ ਵਾਲੀ ਹੈ, ਇਸ ਨੇ ਵੀ ਕੋਈ ਠੋਸ ਕਾਰਵਾਈ ਨਹੀਂ ਕੀਤੀ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਤੋਂ ਸਬਕ ਲੈ ਲੈਣਾ ਚਾਹੀਦਾ ਹੈ, ਜੇਕਰ ਉਸਨੇ ਵੀ ਬੇਅਦਬੀਆਂ ਬਾਰੇ ਇਨਸਾਫ਼ ਨਾ ਦੁਆਇਆ ਤਾਂ ਉਸਦਾ ਹਾਲ ਵੀ ਉਹਨਾਂ ਵਰਗਾ ਹੀ ਹੋਵੇਗਾ।

## 'ਬਾਜਾਂ ਵਾਲਿਆ ਵੇ ਆਂਵੀਂ ਨੀਲਾ ਜੋੜ ਕੇ'

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਰਣਜੀਤ ਕੌਰ ਕਵਿੱਤਰੀ/ਗਾਇਕਾ ਜੋ ਕਨੇਡਾ ਦੇ ਸ਼ਹਿਰ ਟਰੰਟੋ ਦੀ ਰਹਿਣ ਵਾਲੀ ਹੈ ਦਾ ਲਿਖਿਆ ਤੇ ਗਾਇਆ ਗੀਤ ਬਾਜਾਂ ਵਾਲਿਆ ਵੇ ਆਂਵੀਂ ਨੀਲਾ ਜੋੜ ਕੇ ਦਾ ਇੱਕ-ਇੱਕ ਸ਼ਬਦ ਸੁਨਣ ਵਾਲਾ ਹੈ । ਅਸਲ ਵਿੱਚ ਇਹ ਗੀਤ ਸਮਾਜ ਦੀਆਂ ਕੁਰੀਤੀਆਂ ਤੋਂ ਤੰਗ ਆ ਕੇ ਗੁਰੂ ਸਾਹਿਬ ਜੀ ਨੂੰ ਲਗਾਈ ਗਈ ਇੱਕ ਗੁਹਾਰ ਹੈ। ਬੇਸ਼ੱਕ ਇਹ ਗੀਤ ਅੱਠ ਤੋਂ ਨੌ ਮਿੰਟ ਦਾ ਹੈ ਪਰ ਗੀਤ ਆਪਣੀ ਖਾਸ ਵਿਸ਼ੇਸ਼ਤਾ ਕਰਕੇ ਸੁਣਨ ਵਾਲਿਆਂ ਨੂੰ ਅੰਤ ਤੱਕ ਕੀਲ ਕੇ ਰੱਖ ਛੱਡਦਾ ਹੈ। ਰਣਜੀਤ ਕੌਰ ਦੀ ਕਲਮ ਕਾਰੀ,ਅਦਾਕਾਰੀ ਅਤੇ ਸੁੱਖ ਮਣਕੂ ਦੇ ਮਿਊਜ਼ਿਕ ਦੀਆਂ ਧੁੰਨਾਂ ਨੇ ਇਸ ਗੀਤ ਦੀ ਖਾਸੀਅਤ ਨੂੰ ਬੜੇ ਸੁਚੱਜੇ ਢੰਗ ਨਾਲ ਸ਼ਿਗਾਰਿਆ ਹੈ।



## ਗਹਿਰੇ ਦੁੱਖ ਦਾ ਪ੍ਰਗਟਾਵਾ

**ਨੰਗਲ (ਸੁਰਜੀਤ ਢੇਰ)**-ਸੀ ਪੀ ਆਈ ਐਮ ਦੇ ਆਗੂਆਂ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਵੱਖ-ਵੱਖ ਆਗੂਆਂ ਦੀਆਂ ਮਾਤਾਵਾਂ ਅਤੇ ਆਗੂ ਦੇ ਵਿਛੋੜੇ 'ਤੇ ਪਰਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਇੱਥੇ ਸਾਂਝੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਟੀਐਸਯੂ ਰਜਿ. 49 ਦੇ ਸਾਬਕਾ ਸੂਬਾ ਪ੍ਰਧਾਨ ਕਾਮਰੇਡ ਜਸਬੀਰ ਸਿੰਘ ਰਠੌਰ ਦੀ ਹੋਈ ਮੌਤ ਤੇ ਪੰਜਾਬ ਦੀ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਗੁਰਨੇਕ ਸਿੰਘ ਭੱਜਲ ਦੀ ਮਾਤਾ ਬੀਬੀ ਮਹਿੰਦਰ ਕੌਰ, ਸੂਬਾ ਕਮੇਟੀ ਮੈਂਬਰ ਸੁਖਪ੍ਰੀਤ ਸਿੰਘ ਜੌਹਲ ਦੀ ਮਾਤਾ ਬੀਬੀ ਦਲਜੀਤ ਕੌਰ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ 'ਤੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ,ਗੀਤਾ ਰਾਮ ਕਰਤਾਰਪੁਰ,ਪਵਨ ਕੁਮਾਰ ਚੱਕ ਕਰਮਾਂ, ਗੁਰਦੇਵ ਸਿੰਘ ਬਾਗੀ, ਸੁਖਦੇਵ ਸਿੰਘ ਨੰਗਲ,ਸਤਨਾਮ ਸਿੰਘ ਸ਼ੇਰਾ, ਮਹਿੰਦਰ ਸਿੰਘ ਸੰਗਤਪੁਰ, ਰਘਵੀਰ ਸਿੰਘ ਦਰਸ਼ੀ,ਡਾਕਟਰ ਰਵਿੰਦਰ ਨਾਥ, ਰਾਮ ਕਿਸ਼ਨ ਦਬਕੇਹੜਾ,ਭਜਨ ਸਿੰਘ ਸੰਦੋਆ,ਕਰਨੈਲ ਸਿੰਘ ਬਜਰੂੜ, ਪ੍ਰੇਮ ਚੰਦ ਜੱਟਪੁਰ,ਬਜਿੰਦਰ ਪੰਡਤ, ਰਕੇਸ਼ ਬਾਲੀ ਕਲਸੇੜਾ, ਕਾਮਰੇਡ ਤਰਸੇਮ ਸਿੰਘ ਭੱਲੜੀ,ਦਲੀਪ ਸਿੰਘ ਘਨੌਲਾ ,ਨਿਰਦੇਵ ਸ਼ਰਮਾ,ਕੇਵਲ ਕ੍ਰਿਸ਼ਨ ਨੇ ਪਰਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ।



# ਰਿਸ਼ਵਤ ਮੰਗਣ ਦੇ ਦੋਸ਼ ਹੇਠ ਐਸ ਡੀ ਓ ਤੇ ਫਿਟਰ ਹੈਲਪਰ ਗ੍ਰਿਫ਼ਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ, ਕਪੂਰਥਲਾ ਦੇ ਐਸ ਡੀ ਓ ਅਗਮਜੋਤ ਸਿੰਘ ਅਤੇ ਉਸ ਦੇ ਦਫ਼ਤਰ 'ਚ ਤਾਇਨਾਤ ਫਿਟਰ ਹੈਲਪਰ ਮਨਜੀਤ ਸਿੰਘ ਨੂੰ 1,00,000 ਰੁਪਏ ਰਿਸਵਤ ਦੀ ਮੰਗ ਕਰਨ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਵੇਂ ਮੁਲਜ਼ਮਾਂ ਨੂੰ ਸਿਵਲ ਠੇਕੇਦਾਰ ਜਤਿੰਦਰ ਸਿੰਘ, ਵਾਸੀ ਸੂਲਰ ਰੋਡ, ਪਟਿਆਲਾ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸਨ ਲਾਈਨ ਵਿਖੇ ਦਰਜ ਕਰਵਾਈ ਆਨਲਾਈਨ ਸ਼ਿਕਾਇਤ ਦੀ ਜਾਂਚ ਉਪਰੰਤ ਗ੍ਰਿਫ਼ਤਾਰ ਕੀਤਾ ਹੈ। ਉਹਨਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਉਸਦੀ ਉਸਾਰੀ ਫਰਮ ਮੈਸਰਜ ਗੁਰਾਇਆ ਕੰਟਰੈਕਟਰਜ, ਪਟਿਆਲਾ ਨੂੰ ਪੀ.ਟੀ.ਯੂ. ਕਪੂਰਥਲਾ ਵਿਖੇ ਦੋ ਕੰਮ ਅਲਾਟ ਹੋਏ ਸਨ ਅਤੇ ਉਕਤ ਦੋਸ਼ੀ ਅਧਿਕਾਰੀ ਨੇ ਉਸਦੀ ਫਰਮ ਨੂੰ ਇੱਕ ਕੰਮ 'ਚ ਦੇਰੀ ਕਰਨ ਲਈ 2,49,824 ਰੁਪਏ ਦਾ ਜੁਰਮਾਨਾ ਕੀਤਾ ਸੀ। ਇਸੇ ਦੌਰਾਨ ਸ਼ਿਕਾਇਤਕਰਤਾ ਨੇ ਜਾਅਲੀ ਰਸ਼ੀਦ ਤਿਆਰ ਕਰਕੇ ਕੱਟੇ ਹੋਏ ਜੁਰਮਾਨੇ ਦੀ ਰਾਸ਼ੀ 'ਚੋਂ 1,59,951 ਰੁਪਏ ਕਢਵਾ ਲਏ ਅਤੇ ਦੋਸ਼ੀ ਐਸ ਡੀ ਓ ਅਤੇ ਉਸਦੇ ਫਿਟਰ ਹੈਲਪਰ ਨੇ ਉਸਨੂੰ ਧਮਕੀ ਦਿੱਤੀ ਕਿ ਜੇਕਰ ਉਸਨੇ ਰਿਸ਼ਵਤ ਵਜੋਂ 7 ਲੱਖ ਰੁਪਏ ਨਾ ਦਿੱਤੇ ਤਾਂ ਇਸ ਕਾਰਵਾਈ ਲਈ ਉਸ ਖਿਲਾਫ ਅਪਰਾਧਿਕ ਸ਼ਿਕਾਇਤ ਦਰਜ ਕਰਵਾਈ ਜਾਵੇਗੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਕੇਸ ਵਿਚ ਸੌਦਾ ਇੱਕ ਲੱਖ ਰੁਪਏ ਵਿੱਚ ਤੈਅ ਹੋਇਆ ਸੀ। ਉਸ ਨੇ ਅੱਗੇ ਦੱਸਿਆ ਕਿ ਜਦੋਂ ਉਕਤ ਮੁਲਜਮਾਂ ਨੇ ਉਸ ਨੂੰ ਇਸ ਸੰਬੰਧੀ ਸ਼ਿਕਾਇਤ ਦਰਜ ਕਰਵਾਉਣ ਦੀ ਧਮਕੀ ਦਿੱਤੀ ਤਾਂ ਉਸ ਨੇ ਜੁਰਮਾਨੇ ਦੀ ਉਕਤ ਰਕਮ 1,59,951 ਰੁਪਏ ਵਿਭਾਗ ਕੋਲ ਜਮ੍ਹਾਂ ਕਰਵਾ ਦਿੱਤੀ। ਸ਼ਿਕਾਇਤਕਰਤਾ ਠੇਕੇਦਾਰ ਨੇ ਉਕਤ ਮੁਲਜਮਾਂ ਨਾਲ ਇਸ ਦੌਰਾਨ ਰਿਸ਼ਵਤ ਦੀ ਰਕਮ ਮੰਗਣ ਸੰਬੰਧੀ ਹੋਈ ਗੱਲਬਾਤ ਰਿਕਾਰਡ ਕਰ ਲਈ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਨੇ ਇਸ ਆਨਲਾਈਨ ਸ਼ਿਕਾਇਤ ਦੀ ਜਾਂਚ ਕੀਤੀ ਅਤੇ ਉਕਤ ਐਸ.ਡੀ.ਓ. ਅਤੇ ਫਿਟਰ ਹੈਲਪਰ ਨੂੰ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਮੰਗ ਕਰਨ 'ਤੇ ਦੋਸ਼ੀ ਪਾਏ ਜਾਣ ਉਪਰੰਤ ਗ੍ਰਿਫ਼ਤਾਰ ਕਰ ਲਿਆ।

# ਸੈਦਪੁਰ ਵਿਖੇ ਗਰੀਬ ਪਰਵਾਰ ਦਾ ਘਰ ਸੜ ਕੇ ਹੋਇਆ ਸਵਾਹ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਪਿੰਡ ਸੈਦਪੁਰ ਵਿਖੇ ਸਵੇਰੇ ਤਕਰੀਬਨ 8 ਵਜੇ ਦੇ ਕਰੀਬ ਘਰ ਵਿੱਚ ਸ਼ਾਰਟ ਸਰਕਟ ਹੋਣ ਨਾਲ ਘਰ ਨੂੰ ਅੱਗ ਲੱਗ ਗਈ ਕਿ ਜਿਸ ਨਾਲ ਘਰ ਦਾ ਸਾਰਾ ਸਮਾਨ ਸੜ ਕੇ ਸਵਾਹ ਹੋ ਗਿਆ।



ਪਰਵਾਰ ਦੇ ਮੁਖੀ ਸੁਖਦੇਵ ਸਿੰਘ ਪੁੱਤਰ ਚਾਨਣ ਸਿੰਘ ਨੇ ਦੱਸਿਆ ਕਿ ਉਹ ਸਵੇਰੇ 8 ਵਜੇ ਦੇ ਕਰੀਬ ਦਿਹਾੜੀ ਕਰਨ ਵਾਸਤੇ ਕਿਸੇ ਦੇ ਘਰ ਕੰਮ 'ਤੇ ਗਏ ਹੋਏ ਸਨ ਘਰ ਵਿੱਚ ਕੋਈ ਵੀ ਪਰਵਾਰ ਦਾ ਮੈਂਬਰ ਨਹੀਂ ਸੀ। ਉਸ ਦੀਆਂ ਦੋ ਲੜਕੀਆਂ ਸਕੂਲ ਗਈਆਂ ਹੋਈਆਂ ਸਨ ਅਤੇ ਛੋਟਾ ਲੜਕਾ ਵੀ ਬਾਹਰ ਗਿਆ ਹੋਇਆ ਸੀ। ਉਸ ਦੀ ਪਤਨੀ ਵੀ ਕਿਸੇ ਦੇ ਘਰ ਕੰਮ ਕਰਨ ਵਾਸਤੇ ਬਾਹਰ ਗਈ ਹੋਈ ਸੀ ।ਅਚਾਨਕ ਘਰ ਨੂੰ ਅੱਗ ਲੱਗਣ ਬਾਰੇ ਸਾਨੂੰ ਗਵਾਂਢ ਵਿੱਚੋਂ ਕਿਸੇ ਨੇ ਜਾਣਕਾਰੀ ਦਿੱਤੀ। ਜਦ ਅਸੀਂ ਮੌਕੇ 'ਤੇ ਆ ਕੇ ਵੇਖਿਆ ਤਾਂ ਸਮੁੱਚਾ ਘਰ ਅੱਗ ਦੀ ਲਪੇਟ ਵਿੱਚ ਆ ਚੁੱਕਾ ਸੀ ਅਤੇ ਘਰ ਦਾ ਸਾਰਾ ਸਮਾਨ ਸੜ ਚੁੱਕਾ ਸੀ। ਉਹਨਾਂ ਦੱਸਿਆ ਕਿ ਕਮਰੇ ਅੰਦਰ ਦੋ ਸਿਲੰਡਰ ਵੀ ਪਏ ਸਨ ਜਿਨਾਂ ਵਿੱਚੋਂ ਇੱਕ ਨੂੰ ਅੱਗ ਲੱਗ ਗਈ ਪਰ ਲੋਕਾਂ ਵੱਲੋਂ ਬੜੀ ਮੁਸ਼ਕਿਲ ਨਾਲ ਸਲੰਡਰ ਬਾਹਰ ਕੱਢਿਆ ਗਿਆ ਅਤੇ ਅੱਗ 'ਤੇ ਕਾਬੂ ਪਾਇਆ ਗਿਆ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਮਹੰਮਦ ਰਫੀ ਤੇ ਪਿੰਡ ਦੇ ਸਰਪੰਚ ਲਖਵਿੰਦਰ ਸਿੰਘ ਨੇ ਪ੍ਰਸ਼ਾਸਨ ਅਤੇ ਸਰਕਾਰ ਪਾਸੋਂ ਮੰਗ ਕੀਤੀ ਕਿ ਇਸ ਪਰਵਾਰ ਨੂੰ ਮਾਲੀ ਮਦਦ ਦਿੱਤੀ ਜਾਵੇ। ਇਸ ਮਾਮਲੇ ਸਬੰਧੀ ਪੁਲਸ ਨੂੰ ਸੂਚਨਾ ਦਿੱਤੀ ਗਈ ਹੈ।

# ਔਰਤ ਸਮੇਤ ਦੋ ਨਸ਼ਾ ਤਸਕਰ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**

ਜਲੰਧਰ ਕਮਿਸ਼ਨਰੇਟ ਪੁਲਸ ਦੇ ਸੀ ਆਈ ਏ ਸਟਾਫ ਦੀ ਪੁਲਸ ਨੇ ਗਸ਼ਤ ਦੌਰਾਨ ਇੱਕ ਮਹਿਲਾ ਸਮੇਤ ਦੋ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਹਨਾਂ ਕੋਲੋਂ ਭਾਰੀ ਮਾਤਰਾ ਵਿੱਚ ਅਫੀਮ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਫੜਿਆ ਗਿਆ ਤਸਕਰ ਯੂਪੀ ਤੋਂ ਅਫੀਮ ਦੀ ਸਪਲਾਈ ਦੇਣ ਲਈ ਮਹਿਲਾ ਕੋਲ ਆਇਆ ਸੀ। ਡੀ ਸੀ ਪੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਏ ਸੀ ਪੀ ਪਰਮਜੀਤ ਸਿੰਘ ਦੀ ਅਗਵਾਈ ਹੇਠ ਸੀ ਆਈ ਏ ਸਟਾਫ ਦੇ ਇੰਚਾਰਜ ਇੰਸਪੈਕਟਰ ਸੁਰਿੰਦਰ ਕੁਮਾਰ ਪੁਲਸ ਪਾਰਟੀ ਸਮੇਤ ਲਾਡੋ ਵਾਲੀ ਰੋਡ 'ਤੇ ਗਸ਼ਤ ਕਰ ਰਹੇ ਸਨ। ਇਸ ਦੌਰਾਨ ਫਾਟਕ ਸਾਈਡ ਤਰਫੋਂ ਇੱਕ ਮਹਿਲਾ ਅਤੇ ਇੱਕ ਵਿਅਕਤੀ ਪੈਦਲ ਆਉਂਦੇ ਹੋਏ ਦਿਖਾਈ ਦਿੱਤੇ ਜਿਨ੍ਹਾਂ ਦੇ ਹੱਥਾਂ ਵਿੱਚ ਲਿਫਾਫੇ ਸਨ। ਜਦ ਦੋਵਾਂ ਨੇ ਪੁਲਸ ਪਾਰਟੀ ਦੇਖੀ ਤਾਂ ਯਕਦਮ ਘਬਰਾ ਗਏ ਅਤੇ ਪਿੱਛੇ ਦੀ ਮੁੜਨ ਲੱਗੇ। ਸ਼ੱਕ ਪੈਣ 'ਤੇ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਦੋਵਾਂ ਨੂੰ ਰੋਕ ਕੇ ਜਦ ਉਹਨਾਂ ਦਾ ਨਾਂਅ ਪੁੱਛਿਆ ਤਾਂ ਉਹਨਾਂ ਆਪਣਾ ਨਾਂਅ ਰਾਜਕੁਮਾਰ ਵਾਸੀ ਅਲੀਗੰਜ ਬਰੇਲੀ ਯੂਪੀ ਅਤੇ ਮਹਿਲਾਂ ਨੇ ਆਪਣਾ ਨਾਂਅ ਜੁਬੇਦਾ ਵਾਸੀ ਪਿੰਡ ਕੋਟਲਾ ਲੰਮਾ ਪਿੰਡ ਜਲੰਧਰ ਦੱਸਿਆ। ਜਦ ਰਾਜਕੁਮਾਰ ਕੋਲੋਂ



ਜਲੰਧਰ ਆਉਣ ਦਾ ਕਾਰਨ ਪੁੱਛਿਆ ਗਿਆ ਤਾਂ ਉਹ ਕੋਈ ਢੁੱਕਵਾਂ ਜਵਾਬ ਨਹੀਂ ਦੇ ਸਕਿਆ। ਪੁਲਸ ਪਾਰਟੀ ਨੇ ਰਾਜਕੁਮਾਰ ਦੇ ਹੱਥ 'ਚ ਫੜੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ 'ਚੋਂ ਡੇਢ ਕਿਲੋ ਅਫੀਮ ਬਰਾਮਦ ਹੋਈ, ਜਦ ਪੁਲਸ ਪਾਰਟੀ ਨੇ ਜੁਬੇਦਾ ਦੇ ਹੱਥ ਵਿੱਚ ਫੜੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਵੀ ਅੱਧਾ ਕਿਲੋ ਅਫੀਮ ਮਿਲੀ।

# ਹੈਰੋਇਨ ਸਮੇਤ ਦੋ ਕਾਬੂ

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਰੇਂਜ ਐਂਟੀ-ਨਾਰਕੋਟਿਕਸ ਕਮ ਸਪੈਸ਼ਲ ਓਪਰੇਸ਼ਨ ਸੈਲ ਕੈਂਪ ਐਟ ਫੇਸ-7 ਮੋਹਾਲੀ ਦੀ ਟੀਮ ਨੇ ਜਸਕਰਨ ਸਿੰਘ ਏ.ਡੀ.ਜੀ.ਪੀ. ਰੂਪਨਗਰ ਰੇਂਜ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਾ ਤਸਕਰ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ 2 ਦੋਸ਼ੀਆਂ ਨੂੰ ਕਾਰ ਨੰਬਰੀ -65-2973 ਮਾਰਕਾ ਸਕਾਰਪਿਓ ਰੰਗ ਕਾਲਾ ਵਿਚ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਮਿਤੀ 20/21 ਦਸੰਬਰ ਦੀ ਦਰਮਿਆਨੀ ਰਾਤ ਨੂੰ ਰੇਂਜ ਐਂਟੀ-ਨਾਰਕੋਟਿਕਸ ਕਮ ਸ਼ਪੈਸ਼ਲ ਓਪਰੇਸ਼ਨ ਸੈਲ ਕੈਂਪ ਐਟ ਫੇਸ-7 ਮੋਹਾਲੀ ਦੀ ਟੀਮ ਐਸ.ਆਈ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਦੇ ਨੇੜੇ ਟੀ ਪੁਆਇੰਟ ਭਗਤ ਘਾਟ ਖਰੜ ਮੌਜੂਦ ਸੀ ਤਾਂ ਐਸ.ਆਈ ਸੁਖਵਿੰਦਰ ਸਿੰਘ ਨੂੰ ਇਲਤਾਹ ਮਿਲੀ ਕਿ ਬਲਜਿੰਦਰ ਸਿੰਘ ਪੁੱਤਰ ਲੇਟ ਮੋਹਰ ਸਿੰਘ ਵਾਸੀ ਬੁਰਜ ਹਮਾਰ ਥਾਣਾ ਸਦਰ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਹਾਲ ਵਾਸੀ ਪਿੰਡ ਮੌਜਪੁਰ ਥਾਣਾ ਸੋਹਾਣਾ ਜ਼ਿਲ੍ਹਾ ਮੋਹਾਲੀ ਅਤੇ ਸੰਨੀ ਪੁੱਤਰ ਸਵਿੰਦਰ ਸਿੰਘ ਵਾਸੀ ਮਹਿਲਾ ਵਾਲਾ ਥਾਣਾ ਝੰਡੇਰ ਜ਼ਿਲ੍ਹਾ ਅੰਮ੍ਰਿਤਸਰ ਜੋ ਕਿ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ ਜੋ ਹੁਣੇ ਹੀ ਕਾਰ ਨੰਬਰੀ -65-2973 ਮਾਰਕਾ ਸਕਾਰਪਿਓ ਰੰਗ ਕਾਲਾ ਵਿਚ ਸਵਾਰ ਹੋ ਕੇ ਭਗਤ ਘਾਟ ਖਰੜ ਵੱਲੋਂ ਟੀ ਪੁਆਇੰਟ ਮੇਨ ਰੋਡ ਵੱਲ ਨੂੰ ਆ ਰਹੇ ਹਨ। ਜਿਸ 'ਤੇ ਦੋਸ਼ੀਆਂ ਉਕਤਾਨ ਦੇ ਖਿਲਾਫ ਮੁਕੱਦਮਾ ਥਾਣਾ ਸਿਟੀ ਖਰੜ ਦਰਜ ਕਰਵਾਇਆ ਗਿਆ ਅਤੇ ਟੀ ਪੁਆਇੰਟ ਭਗਤ ਘਾਟ ਮੇਨ ਰੋਡ ਖਰੜ ਵਿਖੇ ਦੋਸ਼ੀਆਂ ਉਕਤਾਨ ਨੂੰ ਸਮੇਤ ਉਕਤ ਕਾਰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋ 50 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ। ਦੋਸ਼ੀਆਂ ਪਾਸੋਂ ਪੁੱਛਗਿਛ ਕੀਤੀ ਜਾ ਰਹੀ ਹੈ ਕਿ ਇਸ ਨਸ਼ਾ ਤਸਕਰੀ ਵਿਚ ਇਨ੍ਹਾਂ ਨਾਲ ਹੋਰ ਕੌਣ-ਕੌਣ ਵਿਅਕਤੀ ਸ਼ਾਮਲ ਹਨ ਅਤੇ ਇਹ ਨਸ਼ਾ ਹੈਰੋਇਨ ਕਿਥੋਂ ਲੈ ਕੇ ਆਉਂਦੇ ਸੀ ਅਤੇ ਕਿਸ ਕਿਸ ਨੂੰ ਸਪਲਾਈ ਕਰਦੇ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉੱਗੀ ਦੇ ਖਿਡਾਰੀਆਂ ਦਾ ਸਨਮਾਨ



**ਕਾਲਾ ਸੰਘਿਆਂ (ਮਨਜੀਤ ਮਾਨ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉੱਗੀ ਜਿਲ੍ਹਾ ਜਲੰਧਰ ਵਿਖੇ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੀਮਾ ਚੋਪੜਾ ਸਮੂਹ ਸਕੂਲ ਸਟਾਫ ਤੇ ਸਮੂਹ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਹੁਤ ਹੀ ਉਤਸਾਹ ਤੇ ਸਾਨੋ ਸ਼ੌਕਤ ਨਾਲ ਨਾਲ ਕਰਵਾਇਆ ਗਿਆ ਇਸ ਵਿਸ਼ੇਸ਼ ਸਮਾਰੋਹ 'ਚ ਉੱਘੇ ਸਮਾਜ ਸੇਵਕ ਸਰਪੰਚ ਜੁਵਾਹਰ ਲਾਲ ਖੁੰਗਰ, ਸੁਰਿੰਦਰ ਬਠਲਾ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਸਰਕਲ ਦੋਨਾਂ, ਰਜਨੀਸ਼ ਤਿਵਾੜੀ, ਸੁਖਵਿੰਦਰ ਪਾਲ ਚੇਅਰਮੈਨ ਐਸ ਐਮ ਸੀ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਇਸ ਸਮਾਰੋਹ 'ਚ ਸ਼ਿਰਕਤ ਕੀਤੀ। ਸਮਾਰੋਹ ਨੂੰ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੀਮਾ ਚੋਪੜਾ ਨੇ ਕਿਹਾ ਕਿ 67ਵੀਂਆ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉੱਗੀ ਦੇ ਅੰਡਰ-17 ਸਾਲ ਖਿਡਾਰੀ ਅਮਿਤ ਕੁਮਾਰ, ਕਰਨ ਅਤੇ ਅੰਡਰ 14- ਸਾਲ ਜਗਦੀਸ਼ ਸਿੰਘ ਨੇ ਪੰਜਾਬ ਰਾਜ ਖੇਡਾਂ 'ਚੋਂ ਆਪਣੀ ਟੀਮ ਦੇ ਨਾਲ ਦੂਸਰਾ ਸਥਾਨ ਹਾਸਲ ਕੀਤਾ ਇਨ੍ਹਾਂ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਸੀਜਨ ਦੋ ਦੌਰਾਨ ਪਹਿਲੀ ਪੁਜੀਸਨ ਹਾਸਲ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੀਮਾ ਚੋਪੜਾ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਜਿੱਥੇ ਇਨ੍ਹਾਂ ਖਿਡਾਰੀਆਂ ਨੇ ਆਪਣੇ ਮਾਤਾ ਪਿਤਾ ਤੇ ਸਕੂਲ ਦਾ ਨਾਂਅ ਰੌਸਨ ਕੀਤਾ ਹੈ ਉੱਥੇ ਹੀ ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਖਿਡਾਰੀਆਂ 'ਤੇ ਮਾਣ ਹੈ। ਇਸ ਮੌਕੇ ਇਨ੍ਹਾਂ ਖਿਡਾਰੀਆਂ ਨੂੰ ਪੁਜੀਸਨਾਂ ਹਾਸਲ ਕਰਨ 'ਚ ਸਫਲ ਕਰਨ ਲਈ ਕੋਚ ਵਿਸ਼ਵ ਕੁਮਾਰ ਡੀ ਪੀ ਈ, ਤੇ ਨਿਰਮਲ ਸਹੋਤਾ ਚਿੱਟੀ ਪੀ ਟੀ ਆਈ ਦਾ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਜੁਵਾਹਰ ਲਾਲ ਖੁੰਗਰ ਤੇ ਰਜਨੀਸ਼ ਤਿਵਾੜੀ ਵੱਲੋਂ ਖਿਡਾਰੀਆਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਨੇੜਲੇ ਪਿੰਡਾਂ ਤੋਂ ਆਉਂਦੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਸਾਇਕਲ ਦਿੱਤੇ ਗਏ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਚਲਾਏ ਰਹੇ ਬਿਜਨੈਸ ਬਲਾਸਟਰ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਵੱਲੋਂ ਵੱਖ ਵੱਖ ਸਟਾਲ ਲਗਾਏ ਗਏ ਸਕੂਲ ਪ੍ਰਿੰਸੀਪਲ ਵੱਲੋਂ ਆਏ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਮਾਪੇ ਅਤੇ ਸਮੂਹ ਸਕੂਲ ਸਟਾਫ ਕ੍ਰਿਸਨ ਲਾਲ ਬਠਲਾ, ਅਵਤਾਰ ਸਿੰਘ ਭੋਲਾ ਪਹਿਲਵਾਨ, ਕੁਲਵਿੰਦਰ ਸਿੰਘ ਫਰਮਾਹਾ, ਰਾਕੇਸ਼ ਕੇਸਾਂ, ਕੇਵਲ ਸਿੰਘ , ਸ੍ਰੀਮਤੀ ਪੂਨਮ, ਜਸਵੀਰ ਸਿੰਘ, ਪ੍ਰਦੀਪ ਕੁਮਾਰ ਮੈਂਬਰ ਐਸ ਐਮ ਸੀ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ।

# ਯਾਦਗਾਰੀ ਹੋ ਨਿੱਬੜਿਆ ਦਰਪਣ ਸਾਹਿਤ ਸਭਾ ਦਾ ਸਾਲਾਨਾ ਸਾਹਿਤਕ ਸਮਾਰੋਹ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਸ਼ੈਲਾ ਖੁਰਦ ਇਲਾਕੇ ਦੀ ਸਾਹਿਤਕ ਜਥੇਬੰਦੀ ਦਰਪਣ ਸਾਹਿਤ ਸਭਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਦੀ ਸੂਰਾ ਸਿੰਘ 'ਚ ਸਾਲਾਨਾ ਸਾਹਿਤਕ ਸਮਾਰੋਹ ਕਰਵਾਇਆ ਗਿਆ ਜਿਸ ਮੌਕੇ ਚਾਰ ਪੁਸਤਕਾਂ ਰਿਲੀਜ ਕੀਤੀਆਂ ਗਈਆਂ ਅਤੇ ਹਾਜ਼ਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ ਸੰਧੂ ਵਰਿਆਣਵੀ, ਸ਼ਾਇਰ ਤਰਸੇਮ ਸਾਕੀ, ਸ਼ਾਇਰ ਪਵਨ ਭੰਮੀਆਂ, ਗਜ਼ਲਗੋ ਰੇਸ਼ਮ



ਚਿੱਤਰਕਾਰ, ਪ੍ਰਿੰ ਸੁਰਜੀਤ ਸਿੰਘ ਅਤੇ ਪ੍ਰਿੰ ਕਿਰਪਾਲ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਸਭਾ ਦੇ ਪ੍ਰਧਾਨ ਰੇਸ਼ਮ ਚਿੱਤਰਕਾਰ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਸਭਾ ਦੀਆਂ ਗਤੀਵਿਧੀਆਂ ਬਾਰੇ ਵਿਚਾਰ ਰੱਖੇ। ਸਮਾਰੋਹ ਮੌਕੇ ਸਭਾ ਵੱਲੋਂ ਦਿੱਤਾ ਜਾਂਦਾ ਸਾਲਾਨਾ ਜਨਾਬ ਗੁਰਦਿਆਲ ਪੰਜਾਬੀ ਐਵਾਰਡ ਸ਼ਾਇਰ ਤਰਸੇਮ ਸਾਕੀ ਨੂੰ ਪ੍ਰਦਾਨ ਕੀਤਾ ਗਿਆ। ਇਸ ਮੌਕੇ ਸਭਾ ਦੇ ਸਕੱਤਰ ਪ੍ਰਿੰ ਸੋਹਨ ਸਿੰਘ ਸੂੰਨੀ ਨੇ ਜਨਾਬ ਤਰਸੇਮ ਸਾਕੀ ਦੀ ਸਾਹਿਤਕ ਦੇਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਨਾਵਲਕਾਰ ਪ੍ਰਿੰ ਸੁਰਜੀਤ ਸਿੰਘ ਦੇ ਨਾਵਲ 'ਇਮਤਿਹਾਨ ਜਾਰੀ ਹੈ' ਅਤੇ ਪ੍ਰਿੰ ਸੋਹਨ ਸਿੰਘ ਸੂੰਨੀ ਦਾ ਕਹਾਣੀ ਸੰਗ੍ਰਿਹ 'ਲਹਿੰਦਿਉਂ ਚੜਿਆ ਸੂਰਜ' ਰਿਲੀਜ ਕੀਤੀਆਂ ਗਈਆਂ। ਰਿਲੀਜ ਕੀਤੀਆਂ ਪੁਸਤਕਾਂ ਬਾਰੇ ਖਾਲਸਾ ਮਾਹਿਲਪੁਰ ਤੋਂ ਪ੍ਰੋ ਡਾ ਜੇ ਬੀ ਸੇਖੋਂ ਅਤੇ ਪ੍ਰੋ ਸੰਧੂ ਵਰਿਆਣਵੀ ਨੇ ਵਿਚਾਰ ਪੇਸ਼ ਕੀਤੇ ਅਤੇ ਲੇਖਕਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਪ੍ਰਧਾਨਗੀ ਮੰਡਲ ਵੱਲੋਂ ਪ੍ਰਿੰ ਸੁਰਿੰਦਰ ਪਾਲ ਪਰਦੇਸੀ ਦੀ ਧਾਰਮਿਕ ਪੁਸਤਕ 'ਵਾਹ ਪ੍ਰਗਟਿਓ ਮਰਦ ਅਗੰਮੜਾ' ਅਤੇ ਸੰਤੋਖ ਸਿੰਘ ਵੀਰ ਦੀ ਪੁਸਤਕ 'ਗੁਰ ਸਿਖੀ ਦੀ ਏਹ ਨਿਸਾਣੀ' ਵੀ ਲੋਕ ਅਰਪਣ ਕੀਤੀਆਂ ਗਈਆਂ। ਸਮਾਰੋਹ ਦੇ ਦੂਜੇ ਦੌਰ ਵਿਚ ਹਾਜ਼ਰ ਕਵੀਆਂ ਰੇਸ਼ਮ ਚਿੱਤਰਕਾਰ, ਪ੍ਰੋ ਵਰਿਆਣਵੀ, ਪਵਨ ਭੰਮੀਆਂ, ਰਣਜੀਤ ਪੋਸੀ, ਬਹਾਦਰ ਸਿੰਘ ਕੰਵਲ,ਸ਼ਾਮ ਸੁੰਦਰ, ਅਮਰੀਕ ਦਿਆਲ, ਸੰਤੋਖ ਸਿੰਘ ਵੀਰ, ਤਾਰਾ ਸਿੰਘ ਚੇੜਾ, ਅਵਤਾਰ ਪੱਖੋਵਾਲ, ਸੁਰਜੀਤ ਪੱਖੋਵਾਲ ਆਦਿ ਨੇ ਆਪਣੀਆਂ ਸਮਾਜਿਕ ਜਾਗਰੂਕਤਾ ਵਾਲੀਆਂ ਕਵਿਤਾਵਾਂ ਨਾਲ ਸਰੋਤਿਆਂ ਦੀ ਖੂਬ ਪ੍ਰਸ਼ੰਸਾ ਹਾਸਿਲ ਕੀਤੀ। ਮੰਚ ਦੀ ਕਾਰਵਾਈ ਜਨਾਬ ਸ਼ਾਮ ਸੁੰਦਰ ਨੇ ਚਲਾਈ। ਇਸ ਮੌਕੇ ਇਲਾਕੇ ਦੇ ਸਾਹਿਤ ਪ੍ਰੇਮੀਆਂ ਨੇ ਭਰਵੀਂ ਹਾਜ਼ਰੀ ਲਗਾਈ।

# ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਬੱਸ ਰਵਾਨਾ

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਸਥਾਨਾਂ ਦੀ ਮੁਫ਼ਤ ਯਾਤਰਾ ਕਰਵਾਉਣ ਲਈ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਵਿਧਾਨ ਸਭਾ ਹਲਕਾ ਕਰਤਾਰਪੁਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ ਗਈ। ਪੰਜਾਬ ਸਰਕਾਰ ਵਲੋਂ ਰਵਾਨਾ ਕੀਤੀ ਗਈ ਇਸ ਬੱਸ ਰਾਹੀਂ ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਸਕਣਗੇ। ਯਾਤਰਾ ਦੌਰਾਨ ਸ਼ਰਧਾਲੂਆਂ ਲਈ ਮੁਫ਼ਤ ਖਾਣੇ ਅਤੇ ਰਿਹਾਇਸ਼ 'ਤੇ ਆਉਣ ਵਾਲਾ ਸਾਰਾ ਖ਼ਰਚਾ ਪੰਜਾਬ ਸਰਕਾਰ ਵਲੋਂ ਕੀਤਾ ਜਾਵੇਗਾ। ਇਸ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ ਇਕ ਸ਼ਰਧਾਲੂ ਵਲੋਂ ਸੂਬਾ ਸਰਕਾਰ ਵਲੋਂ ਉਨ੍ਹਾਂ ਦੀ ਧਾਰਮਿਕ ਯਾਤਰਾ ਨੂੰ ਅਰਾਮਦਾਇਕ ਬਣਾਉਣ ਲਈ ਕੀਤੇ ਗਏ ਸੁਚਾਰੂ ਪ੍ਰਬੰਧਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ ਗਈ।

## ਵੂਮੈਨ ਡੈਂਟਲ ਕੌਂਸਲ ਵਿੰਗ ਵੱਲੋਂ ਮਨਾਇਆ ਵਣ ਉਤਸਵ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਵੂਮੈਨ ਡੈਂਟਲ ਕੌਂਸਲ ਵਿੰਗ ਹੁਸ਼ਿਆਰਪੁਰ ਸ਼ਾਖਾ ਵੱਲੋਂ ਆਮ ਆਦਮੀ ਕਲੀਨਿਕ ਨਹਿਰ ਕਲੋਨੀ ਹੁਸ਼ਿਆਰਪੁਰ ਵਿਖੇ ਡਾ. ਰੋਹਿਤ ਬਰੂਟਾ ਮੈਡੀਕਲ ਅਫ਼ਸਰ ਦੀ ਪ੍ਰਧਾਨਗੀ ਹੇਠ ਵਣ ਉਤਸਵ ਮਨਾਇਆ ਗਿਆ। ਇਸ ਦੌਰਾਨ ਵੂਮੈਨ ਡੈਂਟਲ ਕੌਂਸਲ ਵਿੰਗ



ਹੁਸ਼ਿਆਰਪੁਰ ਸ਼ਾਖਾ ਤੋਂ ਡਾ. ਮੀਨਾਕਸ਼ੀ, ਡਾ. ਵਿਭਾ, ਡਾ. ਰਸ਼ਮੀ, ਡਾ.ਅਨੂ, ਡਾ.ਨਵਦੀਪ, ਡਾ. ਜਸਲੀਨ, ਡਾ. ਰਸ਼ੀਮ ਬਰੂਟਾ ਅਤੇ ਡਾ. ਸਮਰਿੰਧੀ ਹੁਸ਼ਿਆਰਪੁਰ ਟੀਮ ਵੱਲੋਂ ਵਣ ਉਤਸਵ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਰੁੱਖ ਵਿਅਕਤੀ ਦੇ ਸੱਚੇ ਮਿੱਤਰ ਹੁੰਦੇ ਹਨ ਜੋ ਵਿਅਕਤੀ ਨੂੰ ਨਿਰਸੁਆਰਥ ਸਾਫ਼ ਸੁਥਰਾ ਵਾਤਾਵਰਨ, ਆਕਸੀਜ਼ਨ, ਤੇ ਹਰਿਆਲੀ ਪ੍ਰਦਾਨ ਕਰਦੇ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਣੇ ਚਾਹੀਦੇ ਹਨ। ਇਸ ਮੌਕੇ ਦੀਪਿਕਾ ਗਿੱਲ ਕਲੀਨਿਕਲ ਅਸਿਸਟੈਂਟ, ਦੀਪਕ ਕੁਮਾਰ ਫਾਰਮੇਸੀ ਅਫ਼ਸਰ, ਜੋਗਿੰਦਰ ਕੌਰ ਆਦਿ ਹਾਜ਼ਰ ਸਨ।

# ਸਪੈਸ਼ਲ ਬੱਚਿਆਂ ਦੇ ਹੌਸਲਿਆਂ ਨੂੰ ਉਡਾਨ ਦੇਵੇਗਾ ਰੈੱਡ ਕਰਾਸ ਦਾ 'ਵਿੰਗਜ਼' ਪ੍ਰੋਜੈਕਟ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਲੋਂ ਸਪੈਸ਼ਲ ਬੱਚਿਆਂ ਲਈ ਸ਼ੁਰੂ ਕੀਤੇ ਗਏ ਇਕ ਅਨੋਖੇ ਪ੍ਰੋਜੈਕਟ 'ਵਿੰਗਜ਼' ਦਾ ਉਦਘਾਟਨ ਕੀਤਾ, ਜਿਸ ਤਹਿਤ ਹੁਸ਼ਿਆਰਪੁਰ ਵਿੱਚ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਦਫ਼ਤਰ ਤੋਂ ਇਲਾਵਾ ਤਿੰਨ ਪ੍ਰਮੁੱਖ ਵਿਦਿਅਕ ਸੰਸਥਾਵਾਂ ਵਿਚ ਸਪੈਸ਼ਲ ਬੱਚਿਆਂ ਨੂੰ ਆਤਮ ਨਿਰਭਰ ਬਣਾਉਣ ਲਈ ਵਿਸ਼ੇਸ਼ ਕੈਨਟੀਨਾਂ ਖੋਲ੍ਹੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਲੋਂ ਵਿਸ਼ੇਸ਼ ਬੱਚਿਆਂ ਦੇ ਮਨੋਬਲ ਨੂੰ 'ਵਿੰਗਜ਼' ਪ੍ਰੋਜੈਕਟ ਰਾਹੀਂ ਵਧਾਇਆ ਗਿਆ ਹੈ ਅਤੇ ਇਹ ਵਿਸ਼ੇਸ਼ ਬੱਚੇ ਖੁਦ ਕੰਟੀਨਾਂ ਚਲਾ ਕੇ ਆਤਮ ਨਿਰਭਰ ਬਣਨਗੇ। ਉਨ੍ਹਾਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦਫ਼ਤਰ, ਸਰਕਾਰੀ ਕਾਲਜ, ਸਰਕਾਰੀ ਆਈ.ਟੀ.ਆਈ ਅਤੇ ਸਵਾਮੀ ਸਰਵਾਨੰਦ ਗਿਰੀ ਰਿਜਨਲ ਇੰਸਟੀਚਿਊਟ ਪੰਜਾਬ ਯੂਨੀਵਰਸਿਟੀ ਦੇ ਰਿਜਨਲ ਸੈਂਟਰ ਵਿਚ ਇਨ੍ਹਾਂ ਕੰਟੀਨਾਂ ਦਾ ਉਦਘਾਟਨ ਕਰਕੇ ਸਪੈਸ਼ਲ ਬੱਚਿਆਂ ਦਾ ਹੌਸਲਾ ਵਧਾਇਆ ਗਿਆ ਹੈ। ਇਸ ਦੌਰਾਨ ਉਨ੍ਹਾਂ ਨੇ ਸਾਰੀਆਂ ਕੰਟੀਨਾਂ ਨੂੰ ਚਲਾਉਣ ਵਾਲੇ ਸਪੈਸ਼ਲ ਬੱਚਿਆਂ ਨੂੰ ਟ੍ਰੇਨਿੰਗ ਪੀਰਿਅਡ ਦਾ 5100-5100 ਰੁਪਏ ਮਾਣਭੱਤਾ ਵੀ ਪ੍ਰਦਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਆਤਮ ਨਿਰਭਰ ਬਣਾਉਣ ਲਈ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੇ ਜਿਹੜਾ ਪ੍ਰੋਜੈਕਟ ਸ਼ੁਰੂ ਕੀਤਾ ਹੈ, ਸ਼ਾਇਦ ਹੀ ਪੂਰੇ ਦੇਸ਼ ਵਿਚ ਇਸ ਤਰ੍ਹਾਂ ਦਾ ਪ੍ਰੋਜੈਕਟ ਕਿਤੇ ਹੋਵੇਗਾ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਬਕਾਇਦਾ ਟ੍ਰੇਨਿੰਗ ਦੇ ਕੇ ਇਨ੍ਹਾਂ ਕੈਨਟੀਨਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਸਾਡੀ ਜ਼ਿੰਮੇਵਾਰੀ ਬਣਦੀ ਹੈ, ਕਿ ਇਨ੍ਹਾਂ ਬੱਚਿਆਂ ਦਾ ਹੌਂਸਲਾ ਵਧਾਈਏ ਅਤੇ ਆਤਮ ਨਿਰਭਰ ਦੇ ਰੂਪ ਵਿਚ ਉਨ੍ਹਾਂ ਵਲੋਂ ਵਧਾਏ ਗਏ ਕਦਮ ਵਿਚ ਸਹਿਯੋਗ ਕਰੀਏ। ਇਸ ਮੌਕੇ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਦੀਕੀ, ਪਰਮਜੀਤ ਸਿੰਘ ਸਚਦੇਵ, ਕਰਨਲ (ਰਿਟਾ:) ਮਨਦੀਪ ਗਰੇਵਾਲ, ਆਈ.ਜੇ.ਐਮ.ਐਸ ਸਿੱਧੂ, ਆਗਿਆਪਾਲ ਸਿੰਘ ਸਾਹਨੀ, ਜੇ.ਐਸ ਚੌਹਾਨ, ਸ਼ੈਲੀ ਸ਼ਰਮਾ, ਕੌਂਸਲਰ ਪ੍ਰਦੀਪ ਬਿਟੂ, ਕੈਰਿਅਰ ਕੌਂਸਲਰ ਅਦਿਤਿਆ ਰਾਣਾ, ਰਾਜੀਵ ਬਜਾਜ, ਕੁਮਕੁਮ ਸੂਦ, ਕਰਮਜੀਤ ਆਹਲੂਵਾਲੀਆ, ਆਸ਼ਾ ਅਗਰਵਾਲ, ਕੀਰਤੀ ਜੇ. ਸਿੰਘ, ਡੋਲੀ ਚੀਮਾ, ਸਰਬਜੀਤ ਸਿੰਘ, ਪ੍ਰੇਮ ਸੈਣੀ, ਪ੍ਰੀਤੀ ਸਿੰਘ ਤੋਂ ਇਲਾਵਾ ਸਾਰੇ ਵਿਦਿਅਕ ਸੰਸਥਾਵਾਂ ਦੇ ਮੁਖੀ ਅਤੇ ਸਟਾਫ਼ ਵੀ ਮੌਜੂਦ ਸੀ।

# ਅੰਮ੍ਰਿਤਪਾਲ ਭੌਂਸਲੇ ਹਲਕਾ ਆਦਮਪੁਰ ਦੇ ਕੋਆਰਡੀਨੇਟਰ ਨਿਯੁਕਤ

**ਫਿਲੌਰ (ਨਿਰਮਲ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੰਜਾਬ ਅੰਦਰ ਕਾਂਗਰਸ



ਪਾਰਟੀ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੇ ਗਏ ਯਤਨਾਂ ਤਹਿਤ ਵਿਧਾਨ ਸਭਾ ਹਲਕਾ ਫਿਲੌਰ ਦੇ ਤੇਜ਼ ਤਰਾਰ ਤੇ ਪ੍ਰਭਾਵਸ਼ਾਲੀ ਨੌਜਵਾਨ ਆਗੂ ਅੰਮ੍ਰਿਤਪਾਲ ਭੌਂਸਲੇ ਨੂੰ ਵਿਧਾਨ ਸਭਾ ਹਲਕਾ ਆਦਮਪੁਰ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਜਿਨ੍ਹਾਂ ਦੀ ਨਿਗਰਾਨੀ ਹੇਠ ਹਲਕਾ ਆਦਮਪੁਰ ਅੰਦਰ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਵਰਕਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਇਸ ਸੰਬੰਧੀ ਅੰਮ੍ਰਿਤਪਾਲ ਭੌਂਸਲੇ ਨੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ਼ ਦਿਵਾਇਆ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਲਾਮਬੰਦੀ ਕਰਨਗੇ ਅਤੇ ਆਦਮਪੁਰ ਹਲਕੇ ਨੂੰ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਅਗਵਾਈ ਵਿੱਚ ਮਜ਼ਬੂਤ ਕਰਨਗੇ। ਯਾਦ ਰਹੇ ਅੰਮ੍ਰਿਤਪਾਲ ਭੌਂਸਲੇ ਦੁਆਬੇ ਦੇ ਤੇਜ਼ ਤਰਾਰ ਆਗੂ ਹਨ, ਜਿਨ੍ਹਾਂ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਾਂਗਰਸ ਵਿੱਚ ਸ਼ਾਮਲ ਕਰਵਾਇਆ ਸੀ, ਜਿਸ ਕਾਰਨ ਲੰਮੇ ਸਮੇਂ ਤੋਂ ਫਿਲੌਰ ਤੋਂ ਹਾਰ ਰਹੀ ਕਾਂਗਰਸ ਨੇ ਫਿਲੌਰ ਵਿਧਾਨ ਸਭਾ ਹਲਕਾ ਵੱਡੇ ਮਾਰਜਨ ਹਾਸਲ ਕੀਤਾ। ਦੁਆਬੇ ਦੇ ਨੌਜਵਾਨਾਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ।

# ਕਾਮਰੇਡ ਜਸਵੀਰ ਸਿੰਘ ਰਠੌਰ ਨੂੰ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

**ਮੋਹਾਲੀ (ਗੁਰਜੀਤ ਬਿੱਲਾ)**

ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਰਾਜ ਬਿਜਲੀ ਬੋਰਡ ਦੇ ਸਾਬਕਾ ਸੂਬਾਈ ਪ੍ਰਧਾਨ ਕਾਮਰੇਡ ਜਸਵੀਰ ਸਿੰਘ ਰਠੌਰ ਨੂੰ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ 'ਤੇ ਮਿੱਤਰਾਂ-ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਇਲਾਵਾ ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਰਾਜ ਬਿਜਲੀ ਬੋਰਡ ਦੇ ਸੂਬਾ ਪ੍ਰਧਾਨ ਸਾਥੀ ਰਤਨ ਸਿੰਘ ਮਜਾਰੀ, ਕੁਲਵਿੰਦਰ ਸਿੰਘ ਜਨਰਲ ਸਕੱਤਰ ਅਤੇ ਸਾਥੀ ਸਰਬਜੀਤ ਸਿੰਘ ਭਾਣਾ ਸੀਨੀਅਰ ਮੀਤ ਪ੍ਰਧਾਨ ਤੋਂ ਇਲਾਵਾ ਮਨਿਸਟਰੀਅਲ ਸਰਵਿਸਜ਼ ਯੂਨੀਅਨ ਦੇ ਸੂਬਾ ਪ੍ਰਧਾਨ ਹਰਪਾਲ ਸਿੰਘ, ਰੋਪੜ ਅਤੇ ਮੋਹਾਲੀ ਸਰਕਲ ਅਤੇ ਹੋਰ ਨਜ਼ਦੀਕੀ ਸਰਕਲਾਂ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਬਿਜਲੀ ਮੁਲਾਜ਼ਮਾਂ ਤੇ ਆਗੂ ਪਹੁੰਚੇ ਹੋਏ ਸਨ। ਇਸ ਮੌਕੇ ਟੀ.ਐਸ.ਯੂ. ਅਤੇ ਐਮ.ਐਸ.ਯੂ. ਦੇ ਸਾਬਕਾ ਆਗੂ ਰਣਜੀਤ ਸਿੰਘ, ਹਰਭਜਨ ਸਿੰਘ, ਕੁਲਦੀਪ ਸਿੰਘ, ਰਣਬੀਰ ਸਿੰਘ, ਰਘਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ। ਇਸ ਤੋਂ ਇਲਾਵਾ ਸੀ ਪੀ ਆਈ (ਐਮ) ਜ਼ਿਲ੍ਹਾ ਕਮੇਟੀ ਮੋਹਾਲੀ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਲ ਹੋਏ। ਸਾਥੀ ਰਤਨ ਸਿੰਘ ਮਜਾਰੀ ਪ੍ਰਧਾਨ ਤੇ ਕੁਲਵਿੰਦਰ ਸਿੰਘ ਜਨਰਲ ਸਕੱਤਰ ਦੀ ਅਗਵਾਈ ਵਿੱਚ ਸਾਥੀ ਜਸਵੀਰ ਸਿੰਘ ਰਠੌਰ ਦੀ ਮ੍ਰਿਤਕ ਦੇਹ 'ਤੇ ਟੀ ਐਸ ਯੂ ਦਾ ਝੰਡਾ ਪਾਇਆ ਗਿਆ। ਕਾਮਰੇਡ ਸ਼ਾਮ ਲਾਲ ਹੈਬਤਪੁਰ ਜ਼ਿਲ੍ਹਾ ਸਕੱਤਰ ਸੀ ਪੀ ਆਈ (ਐਮ) ਮੋਹਾਲੀ, ਹਾਕਮ ਸਿੰਘ, ਕੁਲਦੀਪ ਸਿੰਘ, ਬਲਵੀਬ ਸਿੰਘ ਮੁਸਾਫਰ, ਪਰਮਜੀਤ ਸਿੰਘ ਜ਼ਿਲ੍ਹਾ ਕਮੇਟੀ ਵੱਲੋਂ ਪਾਰਟੀ ਦਾ ਦਾਤੀ ਹਥੌੜੇ ਦੇ ਨਿਸ਼ਾਨ ਵਾਲਾ ਝੰਡਾ ਪਾਇਆ ਗਿਆ। ਲੱਗਭੱਗ 12 ਵਜੇ ਸਾਥੀ ਜਸਵੀਰ ਸਿੰਘ ਰਠੌਰ ਦੀ ਮ੍ਰਿਤਕ ਦੇਹ ਨੂੰ ਰਿਹਾਇਸ਼ ਕੁਰਾਲੀ ਤੋਂ ਸਮਸ਼ਾਨਘਾਟ ਲਿਜਾਇਆ ਗਿਆ। ਇਸ ਗਮਗੀਨ ਮੌਕੇ ਜਸਵੀਰ ਸਿੰਘ ਰਠੌਰ ਅਮਰ ਰਹੇ, ਜਸਵੀਰ ਸਿੰਘ ਨੂੰ ਲਾਲ ਸਲਾਮ ਦੇ ਅਕਾਸ਼ ਗੁਜਾਂਓ ਨਾਅਰਿਆਂ ਨੇ ਮਹੌਲ ਨੂੰ ਹੋਰ ਗਮਗੀਨ ਬਣਾ ਦਿੱਤਾ। ਇੱਕ ਲੰਮੇ ਕਾਫਲੇ ਦੇ ਰੂਪ ਵਿੱਚ ਸਮਸ਼ਾਨ ਘਾਟ ਪਹੁੰਚ ਕੇ ਉਨ੍ਹਾਂ ਦੇ ਦੋਵੇਂ ਸਪੁੱਤਰਾਂ ਸੰਦੀਪ ਸਿੰਘ ਅਤੇ ਜਗਦੀਪ ਸਿੰਘ ਵੱਲੋਂ ਮ੍ਰਿਤਕ ਸ਼ਰੀਰ ਨੂੰ ਅਗਨੀ ਭੇਟ ਕੀਤਾ ਗਿਆ।

# ਸ਼ਹੀਦੀ ਹਫਤੇ ਸੰਬੰਧੀ ਵਿਦਿਆਰਥੀਆਂ ਨੂੰ ਕਰਵਾਏ ਗੁਰਦੁਆਰਾ ਸਾਹਿਬ ਦੇ ਦਰਸ਼ਨ

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)**- ਪੋਹ ਦਾ ਮਹੀਨਾ ਸਿੱਖ ਕੌਮ 'ਚ ਸ਼ਹੀਦੀ ਦਿਹਾੜਿਆਂ ਨਾਲ ਜਾਣਿਆ ਜਾਂਦਾ ਹੈ। ਇਸ ਮਹੀਨੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਅਨੇਕਾਂ ਹੀ ਮਹਾਨ ਸਿੰਘਾਂ ਨੇ ਸ਼ਹਾਦਤ ਦਾ ਜ਼ਾਮ ਪੀਤਾ। ਇਸ ਨੂੰ ਮੁੱਖ ਰੱਖਦੇ ਹੋਏ ਡਿਪਸ ਸਕੂਲ ਭੋਗਪੁਰ ਦੇ ਵਿਦਿਆਰਥੀਆਂ ਨੂੰ ਗੁਰਦੁਆਰਾ ਗੁਰੂ ਨਾਨਕ



ਯਾਦਗਾਰ ਭੋਗਪੁਰ ਦੇ ਦਰਸ਼ਨ ਕਰਵਾਏ ਗਏ। ਗੁਰਦੁਆਰਾ ਸਾਹਿਬ ਵਿਖੇ ਵਿਦਿਆਰਥੀ ਬੜੇ ਹੀ ਸੁਚੱਜੇ ਢੰਗ ਨਾਲ ਨਤਮਸਤਕ ਹੋਏ। ਗੁਰਦੁਆਰਾ ਸਾਹਿਬ ਦੇ ਕਥਾਵਾਚਕ ਪ੍ਰਿੰ.ਕੁਲਵਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਸਾਹਿਬਜਾਦਿਆਂ ਦੀ ਸ਼ਹਾਦਤ ਬਾਰੇ ਚਾਨਣਾ ਪਾਇਆ ਉਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਦੁਆਰਾ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਵਿਦਿਆਰਥੀਆਂ ਨੂੰ ਪ੍ਰਸਾਦ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ। ਡਿਪਸ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਗੁਰਵੀਨ ਕੌਰ ਅਤੇ ਮੈਨੇਜਮੈਂਟ ਕਮੇਟੀ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਗਿਆ ਜਿਹਨਾਂ ਨੇ ਵਿਦਿਆਰਥੀਆਂ ਨੂੰ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਤੇ ਪਰਵਾਰ ਦੀ ਇਤਿਹਾਸਕ ਸ਼ਹੀਦੀ ਬਾਰੇ ਦੱਸਿਆ।

## ਅਲਟਰਨੇਟਿਵ ਫਰਮ ਦਾ ਲਾਇਸੰਸ 90 ਦਿਨਾਂ ਲਈ ਮੁਅੱਤਲ

**ਚੰਡੀਗੜ੍ਹ,(ਕ੍ਰਿਸ਼ਨ ਗਰਗ)**- ਪੰਜਾਬ ਟਰੈਵਲ ਪ੍ਰੋਫੈਸਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6(1)(ਈ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਰਾਜ ਸ਼ਿਆਮਕਰਨ ਤਿੜਕੇ ਵੱਲੋਂ ਅਲਟਰਨੇਟਿਵ ਫਰਮ ਐਸ ਸੀ ਐਫ ਨੰਬਰ: 89, ਦੂਜੀ ਮੰਜ਼ਿਲ, ਫੇਜ਼ 11 ਮੋਹਾਲੀ ਨੂੰ ਕੰਸਲਟੈਂਸੀ ਦੇ ਕੰਮ ਲਈ ਜਾਰੀ ਲਾਇਸੰਸ ਤੁਰੰਤ ਪ੍ਰਭਾਵ ਨਾਲ 90 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਸ: ਅਲਟਰਨੇਟਿਵ ਫਰਮ ਨੂੰ ਕੰਸਲਟੈਂਸੀ ਦੇ ਕੰਮ ਲਈ ਲਾਇਸੰਸ ਜਾਰੀ ਕੀਤਾ ਗਿਆ ਸੀ ਜਿਸ ਦੀ ਮਿਆਦ 7 ਫਰਵਰੀ 2024 ਤੱਕ ਹੈ। ਉਨ੍ਹਾਂ ਦੱਸਿਆ ਕਿ ਦਫਤਰ ਵੱਲੋਂ ਲਾਇਸੰਸੀ ਦੇ ਦਫਤਰੀ ਪਤੇ ਤੇ ਪੱਤਰ ਭੇਜਦੇ ਹੋਏ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਕਲਾਇੰਟਾਂ ਦੀ ਜਾਣਕਾਰੀ ਸਮੇਤ ਉਨ੍ਹਾਂ ਤੋਂ ਚਾਰਜ ਕੀਤੀ ਗਈ ਫੀਸ ਦੀ ਜਾਣਕਾਰੀ ਅਤੇ ਦਿੱਤੀ ਗਈ ਸਰਵਿਸ ਬਾਰੇ ਰਿਪੋਰਟ ਮੰਗੀ ਗਈ। ਉਨ੍ਹਾਂ ਦੱਸਿਆ ਲਾਇਸੰਸੀ ਨੂੰ ਆਪਣੀ ਸਥਿਤੀ ਸਪੱਸਟ ਕਰਨ ਲਈ 15 ਦਿਨਾਂ ਦਾ ਸਮਾਂ ਦਿੰਦੇ ਹੋਏ ਨੋਟਿਸ ਜਾਰੀ ਕੀਤਾ ਹੈ ਕਿ ਕਿਉਂ ਨਾ ਉਸ ਦਾ ਲਾਇਸੰਸ ਰੱਦ ਕਰ ਦਿੱਤਾ ਜਾਵੇ।

# ਨਾਮ ਸਿਮਰਨ ਨਾਲ ਹੀ ਕੀਤਾ ਜਾ ਸਕਦੈ ਭਵ ਸਾਗਰ ਪਾਰ : ਬਾਬਾ ਸ਼ੇਰ ਸਿੰਘ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪਰਮ ਪਿਤਾ ਪਰਮੇਸ਼ਵਰ ਨੇ ਤਾਂ ਹਰ ਇਨਸਾਨ ਨੂੰ ਆਪਣਾ ਹੀ ਰੁਤਬਾ ਦੇ ਕੇ ਇਸ ਸੰਸਾਰ ਵਿਚ ਭੇਜਿਆ ਸੀ ਪਰ ਇਨਸਾਨ ਨੇ ਤਾਂ ਇਸ ਮਾਇਆਵੀ ਸੰਸਾਰ ਵਿਚ ਆ ਕੇ ਕਾਲ ਦੇ ਚੱਕਰ ਵਿੱਚ ਫਸ ਕੇ ਸਿਰਫ ਮੋਹ ਮਾਇਆ ਹੀ ਇਕੱਠੀ ਕੀਤੀ ਹੈ। ਮੈਂ ਇਸ ਸੰਤ ਮਹਾਂਪੁਰਸ਼ ਦੇ ਬਹੁਤ ਕਰੀਬ ਹਾਂ ਤੇ ਮਹਾਂਪੁਰਸ਼ ਮੇਰੀ ਕਹੀ ਹੋਈ ਕੋਈ ਗੱਲ ਨਹੀਂ ਮੋੜਦੇ ਇਹਨਾਂ ਗੱਲਾਂ ਨੇ ਸਾਨੂੰ ਉਸ ਪਰਮ ਪਿਤਾ ਪਰਮੇਸ਼ਵਰ ਨਾਲ ਨਹੀਂ ਮਿਲਾਉਣਾ, ਉਸ ਪਰਮ ਪਿਤਾ ਪਰਮੇਸ਼ਵਰ ਨੂੰ ਮਿਲਣ ਦਾ ਸਿਰਫ ਇੱਕ ਹੀ ਜ਼ਰੀਆ ਉਹ ਹੈ ਨਾਮ ਸਿਮਰਨ ਦੀ ਕਮਾਈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਜੇਠੇ ਵੀਰਵਾਰ ਨੂੰ ਸਾਵਰ ਪੀਰ ਸੱਚੀ ਦਰਗਾਹ ਅਹਿਆਪੁਰ ਵਿਖੇ ਗੱਦੀਨਸ਼ੀਨ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਕਿਹਾ ਕਿ ਜਿਸ ਨੇ ਵੀ ਇਨਸਾਨੀ ਜਾਮਾ ਧਾਰਨ ਕੀਤਾ ਹੈ ਉਸ ਇਨਸਾਨ ਦੀ ਮੌਤ ਇਕ ਦਿਨ ਤਾਂ ਨਿਸ਼ਚਿਤ ਹੀ ਹੈ, ਇਸ ਲਈ ਹਰ ਇਨਸਾਨ ਨੂੰ ਆਪਣੇ ਸਮਾਜਿਕ ਫ਼ਰਜ਼ ਨਿਭਾਉਂਦੇ ਹੋਏ ਪ੍ਰਭੂ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਆਤਮਾ ਉਸ ਪਰਮਾਤਮਾ ਦੀ ਹੀ ਇੱਕ ਅੰਸ਼ ਹੈ ਅਤੇ ਪਰਮਾਤਮਾ ਨੇ ਸਾਨੂੰ ਇਹ ਇਨਸਾਨੀ ਜਾਮਾ ਬੜੀ ਰਹਿਮਤ ਕਰਕੇ ਬਖਸ਼ਿਆ ਹੁੰਦਾ ਹੈ ਜਿਸਨੂੰ ਸਫਲ ਬਣਾਉਣਾ ਵਾਸਤੇ ਸਾਨੂੰ ਇੱਕ ਪੂਰਨ ਸਤਿਗੁਰੂ ਨੂੰ ਧਾਰਨ ਕਰਨਾ ਪੈਂਦਾ ਹੈ ਜੋ ਸਾਨੂੰ ਉਸ ਪਰਮਾਤਮਾ ਨਾਲ ਮਿਲਾਪ ਕਰਵਾਉਣ ਲਈ ਨਾਮ ਸਿਮਰਨ ਦੀ ਬਖਸ਼ਿਸ਼ ਕਰਕੇ ਅਪਣੇ ਅੰਦਰ ਰੂਪੀ ਜੋਤ ਦੇ ਦਰਸ਼ਨ ਕਰਨ ਲਈ ਪ੍ਰੇਰਿਤ ਕਰਦੇ ਹਨ ਤਾਂ ਜੋ ਇਸ ਦੁਨੀਆਂ ਦੇ ਆਵਾਗਮਨ ਦੇ ਚੱਕਰਾਂ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕੇ।ਉਨ੍ਹਾਂ ਕਿਹਾ ਕਿ ਜਿਹੜੇ ਇਨਸਾਨ ਸਤਿਗੁਰੂ ਦਾ ਸ਼ੁਕਰਾਨਾ ਕਰਕੇ ਉਨ੍ਹਾਂ ਵੱਲੋਂ ਬਖਸ਼ੇ ਗਏ ਨਾਮ ਸਿਮਰਨ ਦਾ ਸਵੇਰੇ ਸ਼ਾਮ ਜਾਪ ਕਰਦੇ ਹਨ ਉਹ ਇਨਸਾਨ ਹੀ ਇਸ ਭਵ ਸਾਗਰ ਨੂੰ ਪਾਰ ਕਰ ਸਕਦੇ ਹਨ। ਸਾਰਾ ਦਿਨ ਬਾਬਾ ਜੀ ਦਾ ਅਟੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰਾ ਹਸਨ, ਦੇਵੀਕਾ, ਰਾਜੇਸ਼ ਜਸਰਾ, ਨਿਰਮਲਾ ਦੇਵੀ, ਬਿਮਲਾ, ਨਿਰਮਲ ਕੌਰ, ਨਿਰੰਜਨ ਸਿੰਘ, ਨਰਾਇਣ ਸਿੰਘ, ਅਵਤਾਰ ਸਿੰਘ, ਬਲਜਿੰਦਰ ਸਿੰਘ, ਪਵਨ ਕੁਮਾਰ ਆਦਿ ਹਾਜਰ ਸਨ।

# ਵਿਦਿਆਰਥੀਆਂ ਲਈ ਓਨਕੋ ਮੂਨਸਾਟ ਕੈਂਸਰ ਟੀਚਿੰਗ ਵਰਕਸ਼ਾਪ

**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਡਾਕਟਰੀ ਸਿੱਖਿਆ ਦੇ ਤਜਰਬੇ ਨੂੰ ਵਧਾਉਣ ਲਈ ਸਰਗਰਮ ਪਹਿਲਕਦਮੀ ਵਜੋਂ ਏ ਆਈ ਐਮ ਐਸ (ਡਾ. ਬੀ.ਆਰ. ਅੰਬੇਦਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼) ਮੋਹਾਲੀ ਨੇ ਐਮ ਬੀ ਬੀ ਐਸ ਦੇ ਵਿਦਿਆਰਥੀਆਂ ਲਈ ਕੈਂਸਰ ਬਾਰੇ ਇੱਕ ਵਿਸ਼ੇਸ਼ ਸਿਖਲਾਈ ਵਰਕਸਾਪ ਓਨਕੋ ਮੂਨਸਾਟ ਦਾ ਪ੍ਰਬੰਧ ਕੀਤਾ ਗਿਆ। ਵਰਕਸ਼ਾਪ ਦਾ ਉਦੇਸ਼ ਉੱਭਰ ਰਹੇ ਡਾਕਟਰਾਂ ਨੂੰ ਕੈਂਸਰ ਦੇ ਨਿਦਾਨ, ਇਲਾਜ, ਮਾਮਲਿਆਂ ਅਤੇ ਮਰੀਜ਼ਾਂ ਦੀ ਦੇਖਭਾਲ ਦੀਆਂ ਜਟਿਲਤਾਵਾਂ ਨੂੰ ਹੱਲ ਕਰਨ ਲਈ ਵਿਆਪਕ ਗਿਆਨ ਅਤੇ ਹੁਨਰ ਨਾਲ ਲੈਸ ਕਰਨਾ ਸੀ। ਜਨਤਕ ਅਤੇ ਨਿੱਜੀ ਸਿਹਤ ਮਾਹਿਰਾਂ ਵਿੱਚ ਪ੍ਰੋਫੈਸਰ ਵਨੀਤਾ ਜੈਨ, ਪ੍ਰੋਫੈਸਰ ਰਾਧਿਕਾ ਅਤੇ ਪ੍ਰੋਫੈਸਰ ਰੀਨਾ ਦਾਸ, ਪ੍ਰੋਫੈਸਰ ਨਰਿੰਦਰ (ਰੇਡੀਓਥੈਰੇਪੀ), ਪੀ ਜੀ ਆਈ ਤੋਂ ਪ੍ਰੋਫੈਸਰ ਅਲਕਾ ਖੜਵਾਲ, ਪ੍ਰੋਫੈਸਰ ਐਨ ਐਮ ਗੁਪਤਾ ਰਿਟਾਇਰਡ ਪ੍ਰੋਫੈਸਰ ਅਤੇ ਹੈੱਡ ਸਰਜਰੀ ਪੀ ਜੀ ਆਈ, ਡਾ. ਅੰਸ਼ੂ ਪਲਟਾ ਜੀ ਐਮ ਸੀ ਐਚ 32, ਡਾ. ਨਵਲ ਬਾਂਸਲ (ਐਂਡੋਕਰੀਨ ਅਤੇ ਬ੍ਰੈਸਟ ਓਨਕੋਲੋਜਿਸਟ) ਫੋਰਟਿਸ, ਡਾ. ਕੇਤਨ ਡਾਂਗ (ਮੈਡੀਕਲ ਓਨਕੋਲੋਜਿਸਟ) ਫੋਰਟਿਸ, ਡਾ. ਸਚਿਨ ਅਤੇ ਡਾ. ਕ੍ਰਿਤਿਕਾ ਮੈਡੀਕਲ ਓਨਕੋਲੋਜਿਸਟ ਮੈਕਸ ਮੋਹਾਲੀ, ਟਾਟਾ ਕੈਂਸਰ ਹਸਪਤਾਲ ਤੋਂ ਡਾ. ਰਾਹਤ ਬਰਾੜ (ਡੀਨ), ਡਾ. ਅਲੋਕ ਗੋਇਲ, ਡਾ. ਗੁਰੂ, ਡਾ. ਸਾਹਿਲ, ਡਾ. ਵੰਦਿਤਾ ਨੇ ਮੈਡੀਕਲ ਵਿਦਿਆਰਥੀਆਂ ਨਾਲ ਸਾਲਾਂ ਦੇ ਕਲੀਨੀਕਲ ਤਜਰਬੇ ਤੋਂ ਪ੍ਰਾਪਤ ਕੀਤੀ ਆਪਣੀ ਅਨਮੋਲ ਜਾਣਕਾਰੀ ਸਾਂਝੀ ਕੀਤੀ। ਕੈਂਸਰ ਦੇ ਇਲਾਜ ਦੇ ਖੇਤਰ ਵਿੱਚ ਇਨ੍ਹਾਂ ਸਾਰੇ ਨਾਮਵਰ ਮਾਹਿਰਾਂ ਨੇ ਵਿਦਿਆਰਥੀਆਂ ਨੂੰ ਅਤਿ-ਆਧੁਨਿਕ ਤਰੱਕੀ, ਡਾਇਗਨੋਸਟਿਕ ਵਿਧੀਆਂ ਅਤੇ ਬਹੁ-ਮਾਰਗੀ ਇਲਾਜ ਪਹੁੰਚਾਂ ਰਾਹੀਂ ਮਾਰਗਦਰਸ਼ਨ ਕੀਤਾ। ਇੰਟਰਐਕਟਿਵ ਸੈਸ਼ਨਾਂ, ਪੋਸਟਰ ਪੇਸ਼ਕਾਰੀਆਂ, "ਦ ਐਮਪਰਰ ਆਫ ਆਲ ਮੈਲਡੀਜ਼" ਕਿਤਾਬ ਦੀ ਸਮੀਖਿਆ, ਕੈਂਸਰ ਜੀਵਨੀਆਂ, ਕੇਸ ਸਟੱਡੀਜ਼, ਨੁੱਕੜ ਨਾਟਕ ਅਤੇ ਵਿਹਾਰਕ ਗਤੀਵਿਧੀਆਂ ਨੇ ਅੰਤਰ-ਅਨੁਸ਼ਾਸਨੀ 'ਇਮਰਸਿਵ ਲਰਨਿੰਗ' ਵਾਤਾਵਰਣ ਨੂੰ ਉਤਸ਼ਾਹਿਤ ਕੀਤਾ, ਜਿਸ ਨਾਲ ਵਿਦਿਆਰਥੀਆਂ ਨੂੰ ਕੈਂਸਰ ਦੀ ਜਾਂਚ, ਇਲਾਜ, ਦੇਖਭਾਲ ਅਤੇ ਮਰੀਜ਼ਾਂ ਦੀਆਂ ਰੋਗ ਬਾਰੀਕੀਆਂ ਨੂੰ ਸਮਝਣ ਵਿੱਚ ਮਦਦ ਮਿਲੇਗੀ। ਕੈਂਸਰ ਦੇ ਮਰੀਜਾਂ ਦੇ ਪ੍ਰਬੰਧਨ ਲਈ ਟੀਮ ਆਧਾਰਿਤ ਬਹੁ-ਅਨੁਸਾਸਨੀ ਪਹੁੰਚ ਨੂੰ ਸਮਝਣ ਲਈ 100 ਤੋਂ ਵੱਧ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾ ਨੇ ਹੋਮੀ ਭਾਭਾ ਕੈਂਸਰ ਟਾਟਾ ਹਸਪਤਾਲ ਮੁੱਲਾਂਪੁਰ ਦਾ ਦੌਰਾ ਕੀਤਾ। ਡਾ. ਸੰਦੀਪ ਸਿੰਘ ਗਿੱਲ ਅਤੇ ਡਾ. ਸੁਰਭੀ ਸਟੇਟ ਪ੍ਰੋਗਰਾਮ ਅਫਸਰ ਐਨ.ਸੀ.ਡੀ ਪੰਜਾਬ ਨੇ ਹਸਪਤਾਲ ਅਤੇ ਆਬਾਦੀ ਆਧਾਰਤ ਰਜਿਸਟਰੀਆਂ ਦੀ ਵਰਤੋਂ ਕਰਦੇ ਹੋਏ ਭਾਰਤ ਵਿੱਚ ਕੈਂਸਰ ਦੇ ਪਸਾਰ ਬਾਰੇ ਦੱਸਿਆ ਅਤੇ ਵੱਖ-ਵੱਖ ਕੈਂਸਰਾਂ ਦੀ ਰੋਕਥਾਮ ਲਈ ਕੇਂਦਰ ਅਤੇ ਰਾਜ ਦੁਆਰਾ ਚਲਾਏ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਬਾਰੇ ਚਰਚਾ ਕੀਤੀ।

## ਸਕੱਤਰ ਜਨਰਲ ਕੌਂਡਲ ਨੂੰ ਗਹਿਰਾ ਸਦਮਾ, ਚਾਚੇ ਦਾ ਦਿਹਾਂਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਜਲ ਸਪਲਾਈ ਸੈਨੀਟੇਸਨ ਮਸਟਰੋਲ ਇੰਪਲਾਈਜ਼



ਯੂਨੀਅਨ ਪੰਜਾਬ ਦੇ ਸਕੱਤਰ ਜਨਰਲ ਸੰਜੀਵ ਕੌਂਡਲ ਦੇ ਪਰਵਾਰ ਨੂੰ ਗਹਿਰਾ ਸਦਮਾ ਲੱਗਾ ਜਦੋਂ ਲੱਗਭਗ ਇਕ ਮਹੀਨੇ ਦੀ ਬਿਮਾਰੀ ਤੋਂ ਬਾਅਦ ਕੌਂਡਲ ਦੇ ਚਾਚਾ ਜੀ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੇ ਆਖਰੀ ਸਾਹ ਕੈਪੀਟੋਲ ਹਸਪਤਾਲ ਜਲੰਧਰ 'ਚ ਲਏ ਚਾਚਾ ਜੀ ਆਪਣੇ ਪਿੱਛੇ ਧਰਮ ਪਤਨੀ ਦੋ ਬੇਟੇ ਅਤੇ ਇਕ ਬੇਟੀ ਛੱਡ ਗਏ ਕੌਂਡਲ ਨੇ ਦੱਸਿਆ ਕਿ ਚਾਚਾ ਜੀ ਦਾ ਅੰਤਿਮ ਸੰਸਕਾਰ ਪਿੰਡ ਚੋਹਾਲ ਜਿਲ੍ਹਾ ਹੁਸ਼ਿਆਰਪੁਰ ਵਿੱਚ ਕਰ ਦਿੱਤਾ ਗਿਆ ਹੈ ਅਤੇ ਅੰਤਿਮ ਅਰਦਾਸ 24 ਦਸੰਬਰ ਦਿਨ ਐਤਵਾਰ ਪਿੰਡ ਚੋਹਾਲ ਜਿਲ੍ਹਾ ਹੁਸ਼ਿਆਰਪੁਰ ਵਿੱਚ ਕੀਤੀ ਜਾਵੇਗੀ। ਇਸ ਦੁੱਖ ਦੀ ਘੜੀ ਵਿੱਚ ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਲਲਿਤ ਸਕਲਾਨੀ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਪਾਲ ਇੰਡੀਅਨ, ਬਲਾਕ ਪ੍ਰਧਾਨ ਸਤਨਾਮ ਸਿੰਘ ਸੰਘਾ, ਦਲਵੀਰ ਰਾਣਾ, ਵਿਜੇ ਅਰੋੜਾ, ਵਪਾਰ ਮੰਡਲ ਦੇ ਪ੍ਰਧਾਨ ਕੰਵਰ ਇਕਵਾਲ, ਸੇਖਰ ਕੁਮਾਰ, ਗੁਰਭੇਜ ਸਿੰਘ ਔਲਖ, ਜਲ ਸਪਲਾਈ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਨੰਦਨ ਸਿੰਘ ਮਹੈਣੀਆਂ, ਜਿਲ੍ਹਾ ਕਪੂਰਥਲਾ ਪ੍ਰਧਾਨ ਅਨਿਲ ਨਾਹਰ, ਲੁਧਿਆਣਾ ਦੇ ਪ੍ਰਧਾਨ ਬਲਵੀਰ ਸਿਘ ਸਿੱਧਵਾਂ, ਫਰੀਦਕੋਟ ਦੇ ਪ੍ਰਧਾਨ ਤੇਜਵੰਤ ਢਿੱਲਵਾਂ, ਪਟਿਆਲਾ ਦੇ ਪ੍ਰਧਾਨ ਰਾਜਪਾਲ ਲਸੋਈ, ਨਰਿੰਦਰ ਸਿੰਘ ਜਲੰਧਰ, ਰਜਿੰਦਰ ਕੁਮਾਰ, ਰਾਮ ਲਾਲ, ਜਸਵੰਤ ਸਿੰਘ, ਰਾਜਨ ਕੁਮਾਰ ਆਦਿ ਨੇ ਦੁੱਖ ਸਾਂਝਾ ਕੀਤਾ।

# ਮੋਦੀ ਸਰਕਾਰ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਤ 'ਵੀਰ ਬਾਲ ਦਿਵਸ' ਨੂੰ ਪੂਰੇ ਦੇਸ਼ 'ਚ ਮਨਾਏਗੀ : ਤਰੁਣ ਚੁੱਘ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਭਾਰਤੀ ਜਨਤਾ ਪਾਰਟੀ ਦੇ ਰਾਸਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਵੀਰਵਾਰ ਨੂੰ ਜਾਰੀ ਕੀਤੇ ਇੱਕ ਪ੍ਰੈੱਸ ਨੋਟ ਵਿੱਚ ਕਿਹਾ ਕਿ 'ਵੀਰ ਬਾਲ ਦਿਵਸ' ਛੋਟੇ ਸਾਹਿਬਜ਼ਾਦਿਆਂ ਦੀ ਸਹਾਦਤ ਨੂੰ ਯਾਦ ਕਰਨ ਦਾ ਦਿਨ ਹੈ ਭਾਜਪਾ ਦੇ ਰਾਸਟਰੀ ਜਨਰਲ ਸਕੱਤਰ ਨੇ ਕਿਹਾ ਕਿ 2022 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਹਰ ਸਾਲ 26 ਦਸੰਬਰ ਨੂੰ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦਾ ਸ਼ਹੀਦੀ ਪੁਰਬ ਮੋਦੀ ਸਰਕਾਰ ਅਤੇ ਭਾਜਪਾ ਵੱਲੋਂ ਪੂਰੇ ਦੇਸ਼ ਵਿੱਚ ਵੀਰ ਬਾਲ ਦਿਵਸ ਵਜੋਂ ਮਨਾਇਆ ਜਾਵੇਗਾ ਜਿਸ ਦੀ ਸ਼ੁਰੂਆਤ ਪਿਛਲੇ ਸਾਲ 3000 ਬੱਚਿਆਂ ਨੇ ਇਕੱਠੇ ਦਿੱਲੀ ਵਿਖੇ ਪਰੇਡ ਕਰਕੇ ਕੀਤੀ ਸੀ। ਚੁੱਘ ਨੇ ਕਿਹਾ ਕਿ ਇਸ ਵਾਰ ਇਸ ਦਿਹਾੜੇ ਨੂੰ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ । ਇਸ ਵਾਰ ਕੇਂਦਰ ਸਰਕਾਰ ਅਤੇ ਭਾਜਪਾ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਪੂਰੇ ਦੇਸ਼ ਵਿੱਚ ਹੋਰ ਵੀ ਵੱਡੇ ਪੱਧਰ 'ਤੇ ਮਨਾਉਣ ਜਾ ਰਹੀ ਹੈ। ਚੁੱਘ ਨੇ ਦੱਸਿਆ ਕਿ ਭਾਜਪਾ ਵੱਲੋ ਹਰ ਮੰਡਲ ਵਿੱਚ ਸਹਿਜ ਪਾਠ, ਸੁਖਮਨੀ ਸਾਹਿਬ, ਸ਼ਬਦ ਕੀਰਤਨ, ਕਥਾ ਦੇ ਰੂਪ ਪ੍ਰੋਗਰਾਮ ਹੋਣਗੇ, ਸਾਰੇ ਜ਼ਿਲ੍ਹਾ ਕੇਂਦਰਾਂ 'ਤੇ ਡਿਜੀਟਲ ਪ੍ਰਦਰਸ਼ਨੀਆਂ ਤੇ ਸਮੂਹਿਕ ਤੌਰ 'ਤੇ ਲੰਗਰ ਲਗਾਏ ਜਾਣਗੇ । ਹਰ ਇੱਕ ਵਿਧਾਨ ਸਭਾ ਹਲਕੇ ਵਿੱਚ ਇੱਕ ਵੱਡਾ ਪ੍ਰੋਗਰਾਮ ਕੀਤਾ ਜਾਵੇਗਾ। ਚੁੱਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਭ ਤੋਂ ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸੰਗਤ ਲਈ ਪਾਕਿਸਤਾਨ ਜਾਣ ਦਾ ਰਸਤਾ ਖੋਲ੍ਹਿਆ, 1984 ਦੇ ਸਿੱਖ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਕੋਸ਼ਿਸ਼ ਕੀਤੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਵੀ ਸਿਜਦਾ ਕੀਤਾ। ਮੋਦੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਰਾਸ਼ਟਰੀ ਪੱਧਰ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਐਲਾਨ ਕੀਤਾ ਗਿਆ ਸੀ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਨ ਲਈ ਹਰ ਸਾਲ ਇਸ ਦਿਨ ਨੂੰ ਵੀ ਬਾਲ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ ਤਾਂ ਜੋ ਹਰ ਦੇਸ਼ ਵਾਸੀ ਗੁਰੂ ਜੀ ਦੁਆਰਾ ਮਨੁੱਖਤਾ ਅਤੇ ਸਨਾਤਨ ਸੰਸਕ੍ਰਿਤੀ ਨੂੰ ਬਚਾਉਣ ਦੇ ਪਾਏ ਗਏ ਯੋਗਦਾਨ ਨੂੰ ਯਾਦ ਕਰ ਸਕੇ। ਚੁੱਘ ਨੇ ਕਿਹਾ ਕਿ 26 ਦਸੰਬਰ ਨੂੰ ਹਰ ਦੇਸ਼ ਵਾਸੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਨੀ ਚਾਹੀਦੀ ਹੈ ਅਤੇ ਆਸ ਪਾਸ ਸਥਿਤ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਉਨ੍ਹਾਂ ਨੂੰ ਨਮਸਤਕ ਹੋਣਾ ਚਾਹੀਦਾ ਹੈ।

# ਜਲੰਧਰ ਕੇਂਦਰੀ ਹਲਕੇ ਦੇ ਕੋਆਰਡੀਨੇਟਰ ਬਣੇ ਗੁਰਜੀਤ ਪਾਲ ਵਾਲੀਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਲੋਕਸਭਾ ਚੋਣਾਂ ਦੀ ਆਮਦ ਨੂੰ ਦੇਖਦੇ ਹੋਏ ਜਲੰਧਰ ਲੋਕਸਭਾ ਸੀਟ ਤੋਂ ਪਾਰਟੀ ਦੇ ਸੰਭਾਵਿਤ ਉਮੀਦਵਾਰ ਦੀ ਜਿੱਤ ਨੂੰ ਯਕੀਨੀ ਬਣਾਉਣ ਦੇ ਮਕਸਦ ਨਾਲ ਕਾਂਗਰਸ ਹਾਈਕਮਾਂਡ ਨੇ ਡੈਲੀਗੇਟ ਮੈਂਬਰ ਗੁਰਜੀਤ ਪਾਲ ਵਾਲੀਆ ਨੂੰ ਜਲੰਧਰ ਕੇਂਦਰੀ ਵਿਧਾਨ ਸਭਾ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਗੁਰਜੀਤ ਪਾਲ ਵਾਲੀਆ ਨੇ ਪਿਛਲੇ ਦਿਨੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਚੰਡੀਗੜ੍ਹ 'ਚ ਡੈਲੀਗੇਟ ਮੀਟਿੰਗ ਕੀਤੀ ਸੀ। ਉਦੋਂ ਉਨ੍ਹਾਂ ਭਰੋਸਾ ਦਿੱਤਾ ਸੀ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੀ ਜਾਵੇਗੀ, ਉਹ ਪਾਰਟੀ ਦੇ ਸਮਰਪਿਤ ਸਿਪਾਹੀ ਬਣ ਕੇ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਗੁਰਜੀਤ ਪਾਲ ਵਾਲੀਆ ਨੇ ਆਪਣੀ ਨਿਯੁਕਤੀ ਲਈ ਸ੍ਰੀਮਤੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਤੋਂ ਇਲਾਵਾ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ, ਪੰਜਾਬ ਪ੍ਰਧਾਨ ਰਾਜਾ ਵੜਿੰਗ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਕਪੂਰਥਲਾ ਕਾਂਗਰਸ ਦੇ ਪ੍ਰਧਾਨ ਤੇ ਫਗਵਾੜਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਆਸ਼ੀਰਵਾਦ ਨਾਲ ਉਹ ਜਲਦੀ ਹੀ ਜ਼ਿਲ੍ਹਾ ਜਲੰਧਰ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਜਲੰਧਰ ਸੈਂਟਰਲ ਸੀਟ ਦੇ ਵਿਧਾਨਸਭਾ ਹਲਕਾ ਇੰਚਾਰਜ ਰਜਿੰਦਰ ਬੇਰੀ ਨੂੰ ਮਿਲਣਗੇ। ਜਿਹਨਾਂ ਦੇ ਨਾਲ ਵਿਚਾਰ ਵਟਾਂਦਰਾ ਕਰਕੇ ਲੋਕਸਭਾ ਚੋਣਾਂ ਲਈ ਬੂਥ ਪੱਧਰ 'ਤੇ ਵਰਕਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਪੂਰੇ ਵਿਸ਼ਵਾਸ਼ ਨਾਲ ਕਿਹਾ ਕਿ ਜਲੰਧਰ ਕੇਂਦਰੀ ਵਿਧਾਨਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਨੂੰ ਵੱਡੀ ਲੀਡ ਦਿਵਾਉਣ ਦੇ ਨਾਲ-ਨਾਲ ਜਲੰਧਰ ਲੋਕਸਭਾ ਸੀਟ ਤੋਂ ਪਾਰਟੀ ਉਮੀਦਵਾਰ ਦੀ ਜਿੱਤ ਯਕੀਨੀ ਬਣਾਈ ਜਾਵੇਗੀ। ਜ਼ਿਕਰਯੋਗ ਹੈ ਕਿ ਗੁਰਜੀਤ ਪਾਲ ਵਾਲੀਆ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਉਨ੍ਹਾਂ ਨੂੰ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੇ ਸਵਾਗਤ ਲਈ ਫਿਲੌਰ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਪਿਛਲੇ ਸਾਲ ਜਲੰਧਰ ਲੋਕਸਭਾ ਸੀਟ 'ਤੇ ਹੋਈ ਜ਼ਿਮਨੀ ਚੋਣ ਦੌਰਾਨ ਪਾਰਟੀ ਹਾਈਕਮਾਂਡ ਨੇ ਉਨ੍ਹਾਂ ਨੂੰ ਆਦਮਪੁਰ ਹਲਕੇ ਦਾ ਅਬਜ਼ਰਵਰ ਬਣਾਇਆ ਸੀ। ਉਹ ਕਰਤਾਰਪੁਰ ਵਿੱਚ ਕੋਆਰਡੀਨੇਟਰ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ।

# ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੀਤਾ ਯਾਦ

**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰਾਰਥਨਾ ਸਭਾ 'ਚ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ




ਸਾਹਿਬਜ਼ਾਦਿਆਂ ਨੂੰ ਯਾਦ ਕੀਤਾ ਗਿਆ, ਜਿਸ 'ਚ ਬੱਚਿਆਂ ਵੱਲੋਂ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਯਾਦ ਕਰਦੇ ਹੋਏ ਵੱਖ-ਵੱਖ ਗਤੀਵਿਧੀਆਂ ਦੌਰਾਨ ਲੈਕਚਰ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇੱਕ ਵਿਦਿਆਰਥੀ ਵੱਲੋਂ ਪੋਹ ਮਹੀਨੇ ਦੇ ਇਤਿਹਾਸ ਨਾਲ ਰੂਬਰੂ ਕਰਵਾਇਆ ਗਿਆ। ਕੁਝ ਵਿਦਿਆਰਥੀਆਂ ਨੇ ਸਾਹਿਬਜ਼ਾਦਿਆਂ ਦੇ ਬੁਲੰਦ ਹੌਂਸਲੇ ਅਤੇ ਬਹਾਦਰੀ ਨੂੰ ਬਿਆਨ ਕਰਦੇ ਹੋਏ ਬੀਰ ਰਸ ਭਰਪੂਰ ਜੋਸ਼ੀਲੀਆਂ ਕਵਿਤਾਵਾਂ ਗਾ ਕੇ ਉਹਨਾਂ ਨੂੰ ਯਾਦ ਕੀਤਾ। ਇਹਨਾਂ ਗਤੀਵਿਧੀਆਂ ਦੌਰਾਨ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਸ ਤਰ੍ਹਾਂ ਦਸਮ ਗੁਰੂ ਦੇ ਚਾਰੋਂ ਸਾਹਿਬਜ਼ਾਦਿਆਂ ਨੇ ਧਰਮ ਦੀ ਖਾਤਰ ਛੋਟੀਆਂ ਉਮਰਾਂ 'ਚ ਹੀ ਆਪਣੀਆਂ ਨਿੱਕੀਆਂ ਜਿੰਦੜੀਆਂ ਕੁਰਬਾਨ ਕਰ ਦਿੱਤੀਆਂ। ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਤਰ੍ਹਾਂ ਆਪਣਾ ਸਾਰਾ ਸਰਬੰਸ (ਪਰਿਵਾਰ) ਹੀ ਧਰਮ ਦੀ ਖਾਤਰ ਕੁਰਬਾਨ ਕਰ ਦਿੱਤਾ ਜਿਸ ਕਰਕੇ ਸਿੱਖ ਇਤਿਹਾਸ ਵਿੱਚ ਗੁਰੂ ਜੀ ਨੂੰ ਸਰਬੰਸਦਾਨੀ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਵਿਦਿਆਰਥੀਆਂ ਵੱਲੋਂ ਦਸਮ ਗੁਰੂ ਜੀ ਦੇ ਪੂਰੇ ਪਰਵਾਰ ਦੀ ਸ਼ਹਾਦਤ ਨੂੰ ਕੋਟਿ-ਕੋਟਿ ਨਮਨ ਕੀਤਾ ਗਿਆ।

# ਪੰਜਾਬ ਦੇ 10 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਜਾਪਾਨ ਦਾ ਕੀਤਾ ਦੌਰਾ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਸਕੂਰਾ ਸਾਇੰਸ ਅਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਪੰਜਾਬ ਦੇ 10 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਸਾਇੰਸ ਤਕਨਾਲੋਜੀ ਅਤੇ ਵੱਖ-ਵੱਖ ਦੇਸਾਂ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਜਾਣਕਾਰੀ ਹਾਸਲ ਕਰਨ ਲਈ ਜਾਪਾਨ ਦਾ ਦੌਰਾ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਹਰਮਨਦੀਪ ਕੌਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਨਸਾ, ਜਸਮੀਤ ਕੌਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਭਵਾਨੀਗੜ੍ਹ ਸੰਗਰੂਰ, ਸੰਜਨਾ ਕੁਮਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ, ਸਪਨਾ ਮੈਰੀਟੋਰੀਅਸ ਸਕੂਲ ਬਠਿੰਡਾ, ਨਿਸਾ ਰਾਣੀ ਸਕੂਲ ਆਫ਼ ਐਮੀਨੈਂਸ ਕਪੂਰਥਲਾ, ਗੁਰਵਿੰਦਰ ਕੌਰ ਮੈਰੀਟੋਰੀਅਸ ਸਕੂਲ ਫ਼ਿਰੋਜ਼ਪੁਰ, ਦੀਪਿਕਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮੌੜ ਮੰਡੀ ਬਠਿੰਡਾ, ਖੁਵਾਇਸ਼ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਧਾਵਾ ਮਸੰਦਾ ਜਲੰਧਰ, ਉਦੈਨੂਰ ਸਿੰਘ ਸਰਕਾਰੀ ਹਾਈ ਸਕੂਲ ਗੁਰੂਵਾਲੀ ਅੰਮ੍ਰਿਤਸਰ ਅਤੇ ਤਾਨੀਆਂ ਸਰਕਾਰੀ ਹਾਈ ਸਕੂਲ ਖਾਈ ਫੇਮੇ ਕੇ ਫ਼ਿਰੋਜ਼ਪੁਰ ਆਦਿ ਵਿਦਿਆਰਥੀ ਇਨ੍ਹਾਂ ਵਿੱਚ ਸ਼ਾਮਲ ਹਨ। ਸ੍ਰੀ ਸੰਧਵਾਂ ਨੇ ਕਿਹਾ ਕਿ ਜਪਾਨ ਗਏ ਵਿਦਿਆਰਥੀਆਂ ਦਾ ਹੌਸਲਾ ਵਧਾਉਣ ਲਈ ਆਉਣ ਵਾਲੇ ਦਿਨਾਂ ਦੌਰਾਨ ਪੰਜਾਬ ਵਿਧਾਨ ਸਭਾ ਵਿਖੇ ਬੁਲਾਕੇ ਵਿਸੇਸ ਸਨਮਾਨ ਕੀਤਾ ਜਾਵੇਗਾ ਅਤੇ ਪ੍ਰਤੀ ਵਿਦਿਆਰਥੀ 11-11 ਹਜ਼ਾਰ ਰੁਪਏ ਦੇ ਕੇ ਹੌਸਲਾ ਅਫਜਾਈ ਕੀਤੀ ਜਾਵੇਗੀ।

# ਮਜ਼ਦੂਰ ਮੁਕਤੀ ਮੋਰਚੇ ਵੱਲੋਂ ਕਰਜ਼ਾ ਮੁਕਤੀ ਤੇ ਨਸ਼ਾ ਮੁਕਤੀ ਔਰਤ ਰੈਲੀ 7 ਨੂੰ



**ਮਾਨਸਾ (ਪਮਾਰ)**-ਮਜ਼ਦੂਰ ਮੁਕਤੀ ਮੋਰਚੇ ਪੰਜਾਬ ਵੱਲੋਂ ਦੇਸ਼ ਦੀ ਪਹਿਲੀ ਅਧਿਆਪਕਾ ਸਵਿਤਰੀ ਬਾਈ ਫੂਲੇ ਦੇ ਜਾਨਮ ਦਿਹਾੜੇ ਨੂੰ ਸਮਰਪਤ ਨਸ਼ਾ ਮੁਕਤੀ ਤੇ ਕਰਜ਼ਾ ਮੁਕਤੀ ਔਰਤ ਰੈਲੀ 7 ਜਨਵਰੀ ਨੂੰ ਕਰਨ ਦਾ ਐਲਾਨ ਕੀਤਾ ਗਿਆ। ਇਥੇ ਜਰਨੈਲ ਸਿੰਘ ਰੱਲਾ ਦੀ ਪ੍ਰਧਾਨਗੀ ਹੇਠ ਹੋਈ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਦੇਸ਼ ਦੀ ਪਾਰਲੀਮੈਂਟ ਵਿੱਚੋਂ ਵਿਰੋਧੀ ਧਿਰ ਦੇ ਸਾਂਸਦਾਂ ਨੂੰ ਮੁਅੱਤਲ ਕਰਕੇ ਮੋਦੀ ਸਰਕਾਰ ਤਾਨਾਸ਼ਾਹੀ ਵੱਲ ਵਧ ਰਹੀ ਹੈ। ਉਨ੍ਹਾ ਕਿਹਾ ਕਿ ਪਾਰਲੀਮੈਂਟ 'ਚ ਦਾਖਲ ਹੋਏ ਨੌਜਵਾਨਾਂ ਨੂੰ ਲੈ ਕੇ ਸੁਰੱਖਿਆ ਦੇ ਸਵਾਲਾਂ 'ਤੇ ਬਹਿਸ ਕਰਨ ਵਾਲੇ ਵਿਰੋਧੀ ਧਿਰ ਦੇ ਆਗੂਆਂ ਖਲਾਫ ਤਾਂ ਕੇਸ ਦਰਜ ਹੋ ਰਹੇ ਹਨ, ਪਰ ਪਾਸ ਜਾਰੀ ਕਰਨ ਵਾਲੇ ਭਾਜਪਾ ਐਮ ਪੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਭਾਜਪਾ ਨੇ ਆਪਣੀ ਮਰਜ਼ੀ ਦੇ ਕਾਨੂੰਨਾਂ ਨੂੰ ਪਾਸ ਕਰਨ ਲਈ ਇਹ ਰਾਜਨੀਤਕ ਖੇਡ ਖੇਡੀ ਹੈ। ਉਨ੍ਹਾਂ ਕਿਹਾ ਮੋਦੀ ਸਰਕਾਰ ਨੇ ਪਾਰਲੀਮੈਂਟ ਵਿੱਚ ਫੌਜਦਾਰੀ ਕਾਨੂੰਨਾਂ ਨੂੰ ਹੀ ਨਹੀਂ ਬਦਲਿਆ, ਸਗੋਂ ਸੰਵਿਧਾਨ ਨੂੰ ਖਤਮ ਕਰਨ ਦਾ ਰਾਹ ਪੱਧਰਾ ਕਰ ਲਿਆ ਹੈ। ਇਸ ਲਈ ਅੱਜ ਸਦੀਆਂ ਤੋਂ ਘੋਰ ਜਾਤੀ ਨਫਰਤ ਸਮੇਤ ਹਰ ਤਰ੍ਹਾਂ ਦੇ ਵਿਤਕਰੇ ਦਾ ਸ਼ਿਕਾਰ ਦਲਿਤਾਂ ਦੀ ਮੁਕਤੀ ਦੇ ਸੰਘਰਸ਼ ਵਿੱਚ ਕੁਰਬਾਨੀਆਂ ਦੇਣ ਵਾਲੇ ਰਹਿਬਰਾਂ ਦੇ ਇਤਿਹਾਸ ਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਨਾਲ ਜੁੜਨਾ ਸਮੇਂ ਦੀ ਅਣਸਰਦੀ ਲੋੜ ਹੈ। ਉਨ੍ਹਾ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਗਰੀਬ ਵਿਰੋਧੀ ਸਾਬਿਤ ਹੋਈ ਹੈ। ਇਸ ਲਈ ਪੰਜਾਬ ਦੇ ਬੇਜ਼ਮੀਨੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਤੇ ਸੰਵਿਧਾਨ ਦੀ ਰਾਖੀ ਲਈ ਜਥੇਬੰਦ ਹੋਣ ਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਹੀਂ ਹੈ। ਉਨ੍ਹਾ ਕਿਹਾ ਕਿ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਰਾਜ ਅੰਦਰ ਕਰਜ਼ਾ ਮੁਕਤੀ ਤੇ ਨਸ਼ਾ ਮੁਕਤੀ ਅੰਦੋਲਨ ਤੇਜ਼ ਕੀਤਾ ਜਾਵੇਗਾ, ਜਿਸ ਦੀ ਸ਼ੁਰੂਆਤ 7 ਜਨਵਰੀ ਨੂੰ ਮਾਨਸਾ ਦੀ ਔਰਤ ਰੈਲੀ ਤੋਂ ਕੀਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਜ਼ਿਲ੍ਹਾ ਸਕੱਤਰ ਮਨਜੀਤ ਕੌਰ ਜੋਗਾ, ਸੁਖਵਿੰਦਰ ਸਿੰਘ ਬੋਹਾ, ਜਰਨੈਲ ਸਿੰਘ ਮਾਨਸਾ, ਕੁਲਵਿੰਦਰ ਕੌਰ ਗੁਰਨੇ, ਬੱਬੀ ਕੌਰ ਬੀਰੇਵਾਲਾ, ਭੋਲਾ ਸਿੰਘ ਝੱਬਰ, ਮੇਲਾ ਸਿੰਘ ਮੋਹਰ ਸਿੰਘ ਵਾਲਾ ਨੇ ਵੀ ਸੰਬੋਧਨ ਕੀਤਾ।

# ਸਿਵਲ ਹਸਪਤਾਲ 'ਚ ਖੱਜਲ-ਖੁਆਰ ਹੋ ਰਹੇ ਹਨ ਦਿਵਿਆਂਗ

**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਸੂਬੇ ਅੰਦਰ ਸਿਹਤ ਤੇ ਸਿੱਖਿਆ ਦੇ ਮਿਆਰ ਨੂੰ ਦਿੱਲੀ ਦੀ ਤਰਜ਼ 'ਤੇ ਉੱਚਾ ਚੁੱਕਣ ਲਈ ਪੱਬਾਂ ਭਾਰ ਹੋ ਰਹੀ ਹੈ, ਉਥੇ ਸਿਵਲ ਹਸਪਤਾਲ ਲੁਧਿਆਣਾ ਅੰਦਰ ਇਸ ਦੇ ਬਿਲਕੁਲ ਉਲਟ ਹੀ ਦਿਖਾਈ ਦੇ ਰਿਹਾ ਹੈ। ਸਿਵਲ ਹਸਪਤਾਲ ਅੰਦਰ ਦਿਵਿਆਂਗ ਵਿਅਕਤੀਆਂ ਦੇ ਪ੍ਰਮਾਣ ਪੱਤਰ ਲੈਣ ਲਈ ਹਸਪਤਾਲ ਅੰਦਰ ਦਿਵਿਆਂਗ ਵਿਅਕਤੀ ਖੱਜਲ ਖੁਆਰ ਹੋ ਰਹੇ ਹਨ। ਦਿਵਿਆਂਗ ਪੱਤਰ ਪ੍ਰਾਪਤ ਕਰਨ ਲਈ ਸੀਨੀਅਰ ਸਿਹਤ ਅਧਿਕਾਰੀ ਵੱਲੋਂ ਤਿੰਨ ਡਾਕਟਰਾਂ ਦਾ ਇੱਕ ਵੋਟ ਗਠਿਤ ਕੀਤਾ ਜਾਂਦਾ ਹੈ, ਜੋ ਇੱਕ ਥਾਂ 'ਤੇ ਬੈਠ ਕੇ ਦਿਵਿਆਂਗ ਵਿਅਕਤੀ ਨੂੰ ਯੋਗਤਾ ਅਨੁਸਾਰ ਪੱਤਰ ਜਾਰੀ ਕਰ ਦਿੰਦੇ ਹਨ, ਪਰ ਸਿਵਲ ਹਸਪਤਾਲ ਲੁਧਿਆਣਾ ਵਿੱਚ ਸੀਨੀਅਰ ਸਿਹਤ ਅਧਿਕਾਰੀ ਦਫਤਰ ਵੱਲੋਂ ਵੱਖ ਵੱਖ ਦਫਤਰਾਂ ਵਿੱਚ ਚੱਕਰ ਲਵਾਉਣ ਦਾ ਹਵਾਲਾ ਦਿੱਤਾ ਜਾਂਦਾ ਹੈ। ਸੁਭਾਸ਼ ਚੰਦਰ ਨਾਮ ਦੇ ਵਿਅਕਤੀ ਨੇ ਦੱਸਿਆ ਕਿ ਉਸ ਨੂੰ ਸੀਨੀਅਰ ਸਿਹਤ ਅਧਿਕਾਰੀ ਨੇ ਜਿਹੜੇ ਡਾਕਟਰ ਦੀ ਰਿਪੋਰਟ ਕਰਾਉਣ ਲਈ ਭੇਜਿਆ, ਉਹ ਡਾਕਟਰ ਸਾਹਿਬ ਹਸਪਤਾਲ ਵਿੱਚ ਹਾਜ਼ਰ ਹੀ ਨਹੀਂ ਸਨ, ਜਿਸ ਕਾਰਨ ਵਿਅਕਤੀਆਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ। ਦੱਸਿਆ ਜਾਂਦਾ ਹੈ ਕਿ ਮਸਕਲ ਡਿਸਟੋਫੀ ਦੇ ਦਵਿਆਂਗ ਵਿਅਕਤੀ ਨੂੰ ਪ੍ਰਾਈਵੇਟ ਹਸਪਤਾਲ ਅੰਦਰ ਭੇਜਿਆ ਜਾਂਦਾ ਹੈ, ਜਿੱਥੇ ਮਹਿੰਗੇ ਮਹਿੰਗੇ ਟੈਸਟ ਕੀਤੇ ਜਾਂਦੇ ਹਨ। ਉਨ੍ਹਾਂ ਸਿਹਤ ਮੰਤਰੀ, ਸਿਹਤ ਸੈਕਟਰੀ ਤੇ ਹੋਰ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਜਾਣਕਾਰੀ ਵੀ ਦਿੱਤੀ ਹੈ। ਮਸਕਲ ਡਿਸਟੋਫੀ ਦੀ ਬਿਮਾਰੀ ਸੰਬੰਧੀ ਜਦੋਂ ਸਾਡੇ ਪੱਤਰਕਾਰ ਨੇ ਸੀਨੀਅਰ ਸਿਹਤ ਅਧਿਕਾਰੀ ਲੁਧਿਆਣਾ ਦੇ ਦਫਤਰ ਵਿੱਚ ਜਾ ਕੇ ਉਨ੍ਹਾਂ ਦਾ ਪੱਖ ਜਾਨਣਾ ਚਾਹਿਆ ਤਾਂ ਉਹ ਦਫਤਰ ਵਿੱਚ ਹਾਜ਼ਰ ਨਹੀਂ ਸਨ। ਮੋਬਾਇਲ ਫੋਨ ਕੀਤਾ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।

# ਕਮਿਊਨਿਟੀ ਹੈੱਲਥ ਅਫ਼ਸਰਾਂ ਨੇ ਸਿਵਲ ਸਰਜਨ ਨੂੰ ਦਿੱਤਾ ਮੰਗ ਪੱਤਰ



ਹੈੱਲਥ ਐਂਡ ਵੈੱਲਨੈੱਸ ਸੈਂਟਰਾਂ 'ਤੇ ਕੰਮ ਕਰਦੇ ਕਮਿਊਨਿਟੀ ਹੈੱਲਥ ਕਰਮਚਾਰੀ ਜਾਣਕਾਰੀ ਦਿੰਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸੋਨੂੰ)**
ਹੈੱਲਥ ਐਂਡ ਵੈੱਲਨੈੱਸ ਸੈਂਟਰਾਂ 'ਤੇ ਕੰਮ ਕਰਦੇ ਕਮਿਊਨਿਟੀ ਹੈੱਲਥ ਅਫ਼ਸਰਾਂ ਦਾ ਵਫ਼ਦ ਸਿਵਲ ਸਰਜਨ ਦਫ਼ਤਰ ਫਿਰੋਜ਼ਪੁਰ ਵਿਖੇ ਮੰਗ ਪੱਤਰ ਦੇਣ ਪਹੁੰਚਿਆ।ਇਸ ਮੌਕੇ ਸੀਐੱਚਓ ਜੁਆਇੰਟ ਕਮੇਟੀ ਦੇ ਆਗੂਆਂ ਪ੍ਰੀਤ ਮਖੀਜਾ ਤੇ ਨਰਿੰਦਰ ਸਿੰਘ ਨੇ ਕਿਹਾ ਕਿ ਅੱਜ ਉਹ ਸਿਵਲ ਸਰਜਨ ਨੂੰ ਮਿਸ਼ਨ ਡਾਇਰੈਕਟਰ ਨੈਸ਼ਨਲ ਹੈੱਲਥ ਮਿਸ਼ਨ ਤੇ ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਦੇ ਨਾਮ ਮੰਗ ਪੱਤਰ ਦੇਣ ਪਹੁੰਚੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਲੰਮੇਂ ਸਮੇਂ ਤੋਂ ਕਮਿਊਨਿਟੀ ਹੈੱਲਥ ਅਫ਼ਸਰਾਂ ਵੱਲੋਂ ਹੈੱਲਥ ਐਂਡ ਵੈੱਲਨੈੱਸ ਸੈਂਟਰਾਂ ਉੱਪਰ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਸੀ ਐੱਚ ਓ ਵੱਲੋਂ ਕੋਰੋਨਾ ਕਾਲ ਤੇ ਹੜ੍ਹਾਂ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਗਈ, ਪਰ ਵਿਭਾਗ ਵੱਲੋਂ ਪਿਛਲੇ ਲੰਮੇਂ ਸਮੇਂ ਤੋਂ ਉਨ੍ਹਾਂ ਨਾਲ ਵਧੀਕੀ ਕੀਤੀ ਜਾ ਰਹੀ ਹੈ।ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਉਨ੍ਹਾਂ ਨੂੰ 5000 ਰੁਪਏ ਘੱਟ ਤਨਖਾਹ ਦਿੱਤੀ ਜਾ ਰਹੀ ਹੈ, ਜਿਸ ਦੇ ਸਬੰਧ ਵਿੱਚ ਯੂਨੀਅਨ ਵੱਲੋਂ ਮਾਣਯੋਗ ਸਿਹਤ ਮੰਤਰੀ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਬਹੁਤ ਵਾਰ ਮੀਟਿੰਗ ਕਰਕੇ ਜਾਣੂ ਕਰਵਾਇਆ ਗਿਆ, ਪਰ ਇਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ।ਇਸ ਤੋਂ ਉਲਟ ਸਾਡੇ ਟਾਰਗੇਟ ਵਿੱਚ ਬਦਲਾਅ ਕਰਕੇ, 2-2 ਟਾਰਗੇਟ ਜੋੜ ਕੇ ਇਕ ਬਣਾ ਦਿੱਤਾ ਗਿਆ ਤੇ ਸਾਡੇ ਕੰਮਾਂ ਨੂੰ ਹੋਰ ਔਖਾ ਕੀਤਾ ਜਾ ਰਿਹਾ ਹੈ ਅਤੇ ਸਾਰੇ ਕੰਮ ਆਨਲਾਈਨ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਦਕਿ ਆਨਲਾਈਨ ਕੰਮ ਕਰਨ ਲਈ ਨਾ ਤੇ ਹੈੱਲਥ ਐਂਡ ਵੈੱਲਨੈੱਸ ਸੈਂਟਰਾਂ 'ਤੇ ਕੋਈ ਇੰਟਰਨੈੱਟ ਦੀ ਫੈਸਿਲਟੀ ਹੈ ਅਤੇ ਨਾ ਹੀ ਕੋਈ ਕੰਪਿਊਟਰ ਆਪ੍ਰੇਟਰ ਦੀ ਭਰਤੀ ਕੀਤੀ ਗਈ ਹੈ।ਜੇਕਰ ਸੀਐੱਚਓ ਵੱਲੋਂ ਇਹ ਸਾਰੇ ਕੰਮ ਆਪਣੇ ਆਪ ਆਨਲਾਈਨ ਕੀਤੇ ਜਾਣਗੇ ਤਾਂ ਲੋਕਾਂ ਨੂੰ ਮਿਲ ਰਹੀਆਂ ਜ਼ਰੂਰੀ ਸਿਹਤ ਸਹੂਲਤਾਂ ਜਿਵੇਂ ਓਪੀਡੀ, ਗੈਰ-ਸੰਚਾਰੀ ਬਿਮਾਰੀਆਂ ਦੀ ਸਕਰੀਨਿੰਗ, ਗਰਭਵਤੀ ਔਰਤਾਂ ਤੇ ਬੱਚਿਆਂ ਦੀ ਜਾਂਚ, ਵੱਖ ਵੱਖ ਪਿੰਡਾਂ ਵਿੱਚ ਲਗਾਏ ਜਾਂਦੇ ਮੈਡੀਕਲ ਜਾਂਚ ਕੈਂਪ ਆਦਿ ਪ੍ਰਭਾਵਿਤ ਹੋਣਗੇ।ਉਨ੍ਹਾਂ ਕਿਹਾ ਕਿ ਸਟੇਟ ਯੂਨੀਅਨ ਵੱਲੋਂ ਉੱਚ ਅਧਿਕਾਰੀਆਂ ਨੂੰ ਇਨ੍ਹਾਂ ਮਸਲਿਆਂ ਦੇ ਹੱਲ ਲਈ ਮੀਟਿੰਗ ਦੇਣ ਲਈ ਪੱਤਰ ਵੀ ਭੇਜਿਆ ਗਿਆ ਹੈ, ਪਰ ਵਿਭਾਗ ਵੱਲੋਂ ਉਸ ਦਾ ਵੀ ਹਾਲੇ ਤੱਕ ਕੋਈ ਜਵਾਬ ਨਹੀਂ ਦਿੱਤਾ ਗਿਆ। ਆਗੂਆਂ ਨੇ ਦੱਸਿਆ ਕਿ ਜੇਕਰ 25 ਦਸੰਬਰ ਤੱਕ ਵਿਭਾਗ ਵੱਲੋਂ ਕੋਈ ਜਵਾਬ ਨਹੀਂ ਆਉਂਦਾ ਤਾਂ ਯੂਨੀਅਨ ਦੀ ਕਾਲ 'ਤੇ ਸਾਰੇ ਪੰਜਾਬ ਦੇ ਸੀ ਐੱਚ ਓ ਵੱਲੋਂ 26 ਦਸੰਬਰ ਤੋਂ ਸਾਰੇ ਆਨਲਾਈਨ ਕੰਮ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਤੋਂ ਬਾਅਦ ਵੀ ਜੇਕਰ ਕੋਈ ਸੁਣਵਾਈ ਨਹੀਂ ਹੁੰਦੀ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਤੇ ਲੋੜ ਪੈਣ 'ਤੇ ਚੰਡੀਗੜ੍ਹ ਸਿਹਤ ਵਿਭਾਗ ਦੇ ਦਫ਼ਤਰ ਅੱਗੇ ਧਰਨਾ ਲਗਾਇਆ ਜਾਵੇਗਾ। ਉਨ੍ਹਾਂ ਨਾਲ਼ ਬਲਾਕ ਮਮਦੋਟ, ਗੁਰੂ ਹਰਸਹਾਏ, ਫਿਰੋਜ਼ਸ਼ਾਹ ਤੇ ਕੱਸੋਆਣਾ ਤੋਂ ਨਰੇਸ਼, ਬਲਦੇਵ, ਹਰਮਨਦੀਪ, ਮੋਨਿਕਾ, ਕਿਰਨਦੀਪ ਕੌਰ, ਨੇਹਾ, ਸ਼ਿੰਦਾ ਸਿੰਘ, ਗਗਨਦੀਪ ਕੌਰ, ਆਂਚਲ ਆਦਿ ਹਾਜ਼ਰ ਸਨ।

## ਕਾਤਰਾਂ

### ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਦੀ ਮੀਟਿੰਗ

**ਜਲਾਲਾਬਾਦ (ਜੀਤ ਕੁਮਾਰ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ (ਰਜਿ.) ਜਲਾਲਾਬਾਦ ਵੱਲੋਂ ਡਾ. ਤਿਲਕ ਰਾਜ ਕੁਮਾਰ ਦੇ ਕਲੀਨਿਕ ਵਿੱਚ ਪ੍ਰਧਾਨ ਕਵਿੰਦਰ ਭਠੇਜਾ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਠੰਡ ਤੋਂ ਬਚਾਓ ਲਈ 40 ਕੰਬਲ ਲੋੜਵੰਦਾਂ ਨੂੰ ਮੁਫਤ ਵੰਡਣ ਦਾ ਉਪਰਾਲਾ ਕੀਤਾ ਜਾਵੇਗਾ ਤੇ ਕੰਬਲਾਂ ਦਾ ਪ੍ਰਬੰਧ ਵੀ ਕੀਤਾ ਗਿਆ। ਮੀਟਿੰਗ ਵਿੱਚ ਪ੍ਰਧਾਨ ਕਵਿੰਦਰ ਭਠੇਜਾ, ਰਮੇਸ਼ ਕੁਮਾਰ ਵਧਵਾ, ਦੇਵ ਰਾਜ ਸ਼ਰਮਾ (ਚੇਅਰਮੈਨ ਮਾਰਕਿਟ ਕਮੇਟੀ), ਡਾ. ਤਿਲਕ ਰਾਜ ਕੁਮਾਰ, ਜਸਰਾਜ ਭਠੇਜਾ, ਕੇਂਦਾਰ ਨਾਥ ਨਾਗਪਾਲ, ਰਤਨ ਲਾਲ ਸ਼ਰਮਾ, ਸੁਭਾਸ਼ ਚੰਦਰ, ਅਵਿਨਾਸ਼ ਚੰਦਰ ਡੋਡਾ ਆਦਿ ਮੌਜੂਦ ਸਨ।

### ਉਦਯੋਗਪਤੀਆਂ ਨੇ ਉਦਯੋਗਾਂ ਨੂੰ ਰਾਹਤ ਦੇਣ ਦੀ ਕੀਤੀ ਮੰਗ

**ਧੂਰੀ (ਬਿੰਨੀ ਗਰਗ)**-ਸੰਗਰੂਰ ਡਿਸਟ੍ਰਿਕਟ ਇੰਡਸਟਰੀ ਚੈਂਬਰ ਬਲਾਕ ਧੂਰੀ ਦੀ ਬਲਾਕ ਪ੍ਰਧਾਨ ਮੁਕੇਸ਼ ਬੰਟੀ ਸਿੰਗਲਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਉਦਯੋਗਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਚੇਅਰਮੈਨ ਡਾ. ਏ ਆਰ ਸ਼ਰਮਾ, ਪ੍ਰਸ਼ੋਤਮ ਦਾਸ ਗਰਗ ਤੇ ਗੁਰਬਖਸ਼ ਸਿੰਘ ਗੁੱਡੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਬਲਾਕ ਪ੍ਰਧਾਨ ਮੁਕੇਸ਼ ਬੰਟੀ ਸਿੰਗਲਾ ਨੇ ਦੱਸਿਆ ਕਿ ਮੀਟਿੰਗ ਵਿੱਚ ਉਦਯੋਗਪਤੀਆਂ ਨੇ ਸਰਕਾਰ ਤੋਂ ਨਵੇਂ ਉਦਯੋਗ ਲਗਾਉਣ ਸਬੰਧੀ ਭੌਂ ਵਰਤੋਂ ਤਬਦੀਲੀ ਪ੍ਰਕਿਰਿਆ ਸੁਖਾਲਾ ਕਰਨ, ਉਦਯੋਗਾਂ ਨੂੰ ਬੇਲੋੜੇ ਐੱਨ.ਓ.ਸੀਜ਼ ਤੋਂ ਰਾਹਤ ਦੇਣ ਤੇ ਬਿਜਲੀ ਯੂਨਿਟ ਸਸਤੀ ਦੇਣ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਬੇਲੋੜੇ ਟੈਕਸਾਂ ਨੇ ਪਹਿਲਾਂ ਹੀ ਉਦਯੋਗਾਂ ਨੂੰ ਝੰਬਿਆ ਹੋਇਆ ਹੈ ਤੇ ਉਦਯੋਗ ਪਹਿਲਾਂ ਹੀ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾ ਕਿਹਾ ਕਿ ਸਰਕਾਰਾਂ ਲਈ ਟੈਕਸ ਇਕੱਠਾ ਕਰਨ ਦਾ ਕੰਮ ਕਰਨ ਵਾਲੇ ਉਦਯੋਗ ਖੁਦ ਕੇਂਦਰ ਤੇ ਪੰਜਾਬ ਸਰਕਾਰ ਦੀ ਸੁਵੱਲੀ ਨਿਗ੍ਹਾ ਦੀ ਉਡੀਕ ਕਰ ਰਹੇ ਹਨ। ਮੀਟਿੰਗ ਵਿੱਚ ਆਗੂਆਂ ਨੇ ਉਦਯੋਗਪਤੀਆਂ ਦੀਆਂ ਮੰਗਾਂ ਨੂੰ ਲੈ ਕੇ ਜਲਦੀ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਦਾ ਫ਼ੈਸਲਾ ਵੀ ਕੀਤਾ। ਇਸ ਮੌਕੇ ਅਮਿਤ ਗੋਇਲ, ਰਾਜੇਸ਼ ਸਿੰਗਲਾ ਸ਼ੈਟੀ, ਸੰਜੀਵ ਗੋਇਲ, ਸੰਜੇ ਗੋਇਲ, ਸ਼ਸ਼ੀ ਜਿੰਦਲ, ਮਨੂ ਕਾਂਸਲ, ਸ਼ਸ਼ੀ ਭੂਸ਼ਨ, ਦਰਸ਼ਨ ਸਿੰਘ ਜੇ ਡੀ, ਤੇਜਿੰਦਰ ਸਿੰਘ ਨੰਨੜੇ, ਕੈਫੀ ਮਿੱਤਲ ਤੇ ਵਿਨੋਦ ਗਰਗ ਆਦਿ ਹਾਜ਼ਰ ਸਨ।

### ਦੇਸ਼ ਭਗਤ ਗਲੋਬਲ ਸਕੂਲ 'ਚ ਅਟਲ ਕਮਿਊਨਿਟੀ ਦਿਵਸ ਮਨਾਇਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਗਲੋਬਲ ਸਕੂਲ ਵਿੱਚ ਅਟਲ ਕਮਿਊਨਿਟੀ ਦਿਵਸ ਮਨਾਇਆ ਗਿਆ। ਇਸ ਵਿਚ ਇੰਜੀਨੀਅਰ ਉਸਮ ਸਿਦੀਕੀ ਤੇ ਸਕੂਲ ਦੇ ਭੌਤਿਕ ਵਿਗਿਆਨ ਦੇ ਅਧਿਆਪਕ ਅਮਨਦੀਪ ਸਿੰਘ ਤੇ ਮਿਸ ਨਵਨੀਤ ਕੌਰ ਰਸਾਇਣਕ ਵਿਗਿਆਨ ਨੇ ਵਿਦਿਆਰਥੀਆਂ ਨੂੰ ਅਟਲ ਲੈਬ ਬਾਰੇ ਜਾਗਰੂਕ ਕੀਤਾ।ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਲਗਪਗ 100 ਵਿਦਿਆਰਥੀਆਂ ਨੇ ਭਾਗ ਲਿਆ।ਇਸ ਦਿਨ ਨੂੰ ਮਨਾਉਣ ਦਾ ਮਨੋਰਥ ਵਿਦਿਆਰਥੀਆਂ ਨੂੰ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਤੇ ਅਟਲ ਲੈਬ ਦੀ ਮਹੱਤਤਾ ਬਾਰੇ ਜਾਣਕਾਰੀ ਦੇਣਾ ਸੀ।ਟ੍ਰੇਨਿੰਗ ਵਿੱਚ ਦੇਸ਼ ਭਗਤ ਸਕੂਲ ਦੇ ਵਿਦਿਆਰਥੀਆਂ ਨੇ ਰੋਬੋਟਿਕਸ, ਸਕਿਉਰਿਟੀ ਸਿਸਟਮ, ਆਟੋਮੇਟਿਡ ਵਹੀਕਲ, ਡ੍ਰੋਨ ਆਦਿ ਪ੍ਰੋਜੈਕਟ ਬਣਾਏ।ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਜਨੀਸ਼ ਮਦਾਨ ਨੇ ਬਾਹਰੋਂ ਆਏ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ।ਦੇਸ਼ ਭਗਤ ਗਲੋਬਲ ਸਕੂਲ ਦੇ ਚੇਅਰਮੈਨ ਡਾਕਟਰ ਜ਼ੋਰਾ ਸਿੰਘ ਤੇ ਜਨਰਲ ਸਕੱਤਰ ਮੈਡਮ ਡਾਕਟਰ ਤਜਿੰਦਰ ਕੌਰ ਨੇ ਦੇਸ਼ ਭਗਤ ਗਲੋਬਲ ਸਕੂਲ ਤੇ ਬਾਹਰੋਂ ਆਏ ਵਿਦਿਆਰਥੀਆਂ ਨੂੰ ਇਹੋ ਜਿਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਵਧਾਈ ਦਿੰਦਿਆਂ ਉਨ੍ਹਾਂ ਨੂੰ ਹੋਰ ਉਤਸ਼ਾਹਤ ਹੋਣ ਦਾ ਸੱਦਾ ਦਿੱਤਾ।

# ਵਿਦਿਆਰਥੀ ਮੋਬਾਇਲ 'ਤੇ ਗੇਮਾਂ ਖੇਡਣ ਦੀ ਬਜਾਏ ਗਰਾਊਂਡ ਦਾ ਸ਼ਿੰਗਾਰ ਬਣਨ : ਬਾਵਾ



**ਜਗਰਾਉਂ (ਅਮਿਤ ਖੰਨਾ)**-ਐੱਮ. ਐੱਲ. ਡੀ. ਸੀਨੀ: ਸੈਕੰ: ਸਕੂਲ ਤਲਵੰਡੀ ਕਲਾਂ ਦੇ ਐਲੀਮੈਂਟਰੀ ਵਿੰਗ ਦੀ ਸਪੋਰਟਸ ਮੀਟ ਕਰਵਾਈ ਗਈ। ਸਪੋਰਟਸ ਮੀਟ ਵਿੱਚ ਖਿਡਾਰੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸਕੂਲ ਦੀ ਬੈਂਡ ਟੀਮ ਨੇ ਬਹੁਤ ਸ਼ਾਨਦਾਰ ਪੇਸ਼ਕਾਰੀ ਕੀਤੀ। ਇਸ ਮੌਕੇ ਅੱਠਵੀਂ ਕਲਾਸ ਦੇ ਵਿਆਰਥੀਆਂ ਨੇ 100 ਮੀਟਰ ਰੇਸ ਵਿੱਚ ਹਿੱਸਾ ਲਿਆ ਤੇ ਹਰਕਮਲ ਸਿੰਘ ਨੇ ਪਹਿਲਾ, ਤਨਵੀਰ ਸਿੰਘ ਨੇ ਦੂਸਰਾ ਤੇ ਕੁਲਜੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸੱਤਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ 100 ਮੀਟਰ ਸਪੂਨ ਤੇ ਪੋਟੈਟੋ ਰੇਸ ਵਿੱਚ ਭਾਗ ਲਿਆ, ਜਿਸ 'ਚ ਅਵਨੀਤ ਕੌਰ ਨੇ ਪਹਿਲਾ, ਹਰਨੂਰ ਕੌਰ ਨੇ ਦੂਸਰਾ ਤੇ ਦਲਜੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਛੇਵੀਂ ਕਲਾਸ ਦੇ ਵਿਦਿਆਰਥੀਆਂ ਨੇ 100 ਮੀਟਰ ਸ਼ੂਅ ਤੇ ਸੌਕਸ ਰੇਸ ਵਿੱਚ ਭਾਗ ਲਿਆ, ਜਿਸ 'ਚ ਅਮਨਜੋਤ ਸਿੰਘ ਨੇ ਪਹਿਲਾ, ਇੰਦਰਜੀਤ ਸਿੰਘ ਨੇ ਦੂਸਰਾ ਤੇ ਗੁਰਸਿਮਰਨ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਪੰਜਵੀਂ ਕਲਾਸ ਦੀਆਂ ਵਿਦਿਆਰਥਣਾਂ ਦੀ 100 ਮੀਟਰ ਸਕਿੱਪਿੰਗ ਰੇਸ 'ਚ ਪਰੀਨੂਰ ਕੌਰ ਨੇ ਪਹਿਲਾ, ਅਵੀਜੋਤ ਕੌਰ ਨੇ ਦੂਸਰਾ ਤੇ ਗੁਰਲੀਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਚੌਥੀ ਕਲਾਸ ਦੇ ਵਿਦਿਆਰਥੀਆਂ ਦੀ 100 ਮੀਟਰ ਬੈਗ ਰੇਸ 'ਚ ਮਨਤਾਜ ਸਿੰਘ ਨੇ ਪਹਿਲਾ, ਜੋਬਨਪ੍ਰੀਤ ਸਿੰਘ ਨੇ ਦੂਸਰਾ ਤੇ ਮਨਰਾਜ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਤੀਸਰੀ ਕਲਾਸ ਦੀਆਂ ਵਿਦਿਆਰਥਣਾਂ ਦੀ 100 ਮੀਟਰ ਕੁਲੈਕਸ਼ਨ ਰੇਸ 'ਚ ਪਵਨਦੀਪ ਕੌਰ ਨੇ ਪਹਿਲਾ, ਰਾਜਪ੍ਰੀਤ ਕੌਰ ਨੇ ਦੂਸਰਾ ਤੇ ਹਰਵੀਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਦੂਸਰੀ ਕਲਾਸ ਦੇ ਵਿਦਿਆਰਥੀਆਂ ਦੀ 100 ਮੀਟਰ ਰੇਸ 'ਚ ਭਾਗ ਅਕਾਸ਼ਦੀਪ ਸਿੰਘ ਨੇ ਪਹਿਲਾ, ਖ਼ੁਸ਼ਨੂਰ ਸਿੰਘ ਨੇ ਦੂਸਰਾ ਤੇ ਪ੍ਰਭਨੂਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪਹਿਲੀ ਕਲਾਸ ਦੀਆਂ ਵਿਦਿਆਰਥਣਾਂ ਦੀ 70 ਮੀਟਰ ਬੈਲੂਨ ਰੇਸ ਵਿੱਚ ਗੁਰਲੀਨ ਕੌਰ ਨੇ ਪਹਿਲਾ, ਇਸਮੀਤ ਕੌਰ ਨੇ ਦੂਸਰਾ ਤੇ ਜੈਸਮੀਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਯੂ. ਕੇ. ਜੀ. ਕਲਾਸ ਦੇ ਵਿਦਿਆਰਥੀਆਂ ਦੀ 70 ਮੀਟਰ ਰੇਸ 'ਚ ਹਰਗੁਣ ਸਿੰਘ ਮਾਨ ਨੇ ਪਹਿਲਾ, ਪ੍ਰਭਜੀਤ ਸਿੰਘ ਨੇ ਦੂਸਰਾ ਤੇ ਸਿਮਰਜੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਐੱਲ. ਕੇ. ਜੀ. ਕਲਾਸ ਦੀਆਂ ਵਿਦਿਅਰਥਣਾਂ ਦੀ 50 ਮੀਟਰ ਰੇਸ 'ਚ ਮਨਰੀਤ ਕੌਰ ਨੇ ਪਹਿਲਾ, ਸੀਰਤ ਕੌਰ ਨੇ ਦੂਸਰਾ ਤੇ ਹਿੰਮਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਬਲਦੇਵ ਬਾਵਾ ਨੇ ਕਿਹਾ ਕਿ ਖੇਡਾਂ ਖਿਡਾਰੀਆਂ ਨੂੰ ਸਹਿਣਸ਼ੀਲਤਾ ਪ੍ਰਦਾਨ ਕਰਦੀਆਂ ਹਨ, ਜੋ ਅੱਗੇ ਜਾ ਕੇ ਜੀਵਨ ਜਾਂਚ ਬਣਦੀ ਹੈ। ਉਨ੍ਹਾਂ ਖਿਡਾਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਦਿਆਰਥੀ ਮੋਬਾਇਲ 'ਤੇ ਗੇਮਾਂ ਖੇਡ ਕੇ ਸਰੀਰਕ ਤੌਰ 'ਤੇ ਕਮਜ਼ੋਰ ਹੋ ਰਹੇ ਹਨ, ਵਿਦਿਆਰਥੀ ਗਰਾਊਂਡਾਂ ਦਾ ਸ਼ਿੰਗਾਰ ਬਣਨ, ਜਿੱਥੇ ਉਨ੍ਹਾਂ ਨੂੰ ਤੰਦਰੁਸਤੀ ਮਿਲੇਗੀ। ਉਨ੍ਹਾ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਵਿਦਿਆਰਥੀ ਖੇਡਾਂ ਤੇ ਖੁਰਾਕ ਨੂੰ ਅਣਗੌਲਿਆ ਕਰ ਰਹੇ ਹਨ, ਜਿਸ ਨਾਲ ਸ਼ਕਤੀ ਘਟ ਰਹੀ ਹੈ। ਇਸ ਮੌਕੇ ਸਕੂਲ ਦੇ ਸਾਰੇ ਸਟਾਫ ਨੇ ਬਹੁਤ ਹੀ ਅਨੁਸ਼ਾਸਤ ਢੰਗ ਨਾਲ ਸਾਰਾ ਸਮਾਰੋਹ ਨੇਪਰੇ ਚਾੜ੍ਹਿਆ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਦਾ ਰਾਜ ਪੱਧਰੀ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਡੀ.ਏ.ਵੀ. ਸਕੂਲ ਦੇ ਵਿਦਿਆਰਥੀ ਸਕੂਲ ਸਟਾਫ਼ ਨਾਲ।

**ਮਲੋਟ (ਗੁਰਮੀਤ ਸਿੰਘ ਮੱਕੜ)**
ਸਥਾਨਕ ਡੀ.ਏ.ਵੀ. ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਡੀ.ਏ.ਵੀ. ਕਾਲਜ ਪ੍ਰਬੰਧਕ ਕਮੇਟੀ ਨਵੀਂ ਦਿੱਲੀ ਵੱਲੋਂ ਕਰਵਾਏ ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਤੇ ਆਪਣੇ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਨੇ ਦੱਸਿਆ ਕਿ ਅੰਡਰ-17 ਲੜਕਿਆਂ ਨੇ ਹੈਂਡਬਾਲ 'ਚ ਸੋਨ ਤਮਗਾ, ਅੰਡਰ-19 ਸਕੇਟਿੰਗ 'ਚ ਕੁਨਾਲ ਨੇ ਸੋਨ ਤਮਗਾ, ਏਅਰ ਪਿਸਟਲ ਅੰਡਰ-17 'ਚ ਗੁਰਸਿਮਰਨ ਨੇ ਚਾਂਦੀ ਦਾ ਤਮਗਾ ਤੇ ਕਵੀ ਗੋਦਾਰਾ ਨੇ 800 ਮੀਟਰ 'ਚ ਸੋਨ ਤਮਗਾ ਜਿੱਤਿਆ। ਅੰਡਰ-19 ਏਅਰ ਰਾਈਫਲ ਸ਼ੂਟਿੰਗ 'ਚ ਹਰਪ੍ਰੀਤ ਨੇ ਕਾਂਸੀ ਦਾ ਤਮਗਾ, 14 ਲੜਕਿਆਂ ਨੇ ਹੈਂਡਬਾਲ 'ਚ ਕਾਂਸੀ ਦਾ ਤਮਗਾ ਤੇ ਬੈਡਮਿੰਟਨ ਅੰਡਰ-17 'ਚ ਆਮਨਾ, ਕਨਿਕਾ ਤੇ ਨੂਰ ਨੇ ਕਾਂਸੀ ਦਾ ਤਮਗਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਨੇ ਖੇਡ ਵਿਭਾਗ ਦੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਤੇ ਖੁਸ਼ੀ ਦੀ ਗੱਲ ਹੈ ਕਿ ਸਕੂਲ ਦੇ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਹੀ ਨਹੀਂ, ਸਗੋਂ ਖੇਡਾਂ ਦੇ ਖੇਤਰ 'ਚ ਵੀ ਨਵੇਂ ਰਿਕਾਰਡ ਕਾਇਮ ਕੀਤੇ ਗਏ ਹਨ। ਇਹ ਗੱਲ ਸਥਾਪਤ ਹੈ ਕਿ ਖੇਡਾਂ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਦੇ ਨਾਲ-ਨਾਲ ਸਰੀਰਕ ਤੇ ਅਧਿਆਤਮਕ ਵਿਕਾਸ ਵਿੱਚ ਵੀ ਸਹਾਈ ਹੁੰਦੀਆਂ ਹਨ। ਸਕੂਲ ਖੇਡਾਂ ਤੇ ਖੇਡਾਂ ਦੇ ਖੇਤਰ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਉੱਚ ਪੱਧਰੀ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰਦਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਸ਼੍ਰੀ ਰਵੀ ਛਾਬੜਾ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਤੇ ਅਸ਼ੀਰਵਾਦ ਦਿੱਤਾ।

# ਕੈਬਨਿਟ ਮੰਤਰੀ ਮੀਤ ਹੇਅਰ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖੇਡ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਮਗਰੋਂ ਮੀਤ ਹੇਅਰ ਨੇ ਕਿਹਾ ਕਿ ਅਜਿਹੀ ਅਦੁੱਤੀ ਸ਼ਹਾਦਤ ਦੀ ਮਿਸਾਲ ਦੁਨੀਆ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਕੈਬਨਿਟ ਮੰਤਰੀ ਨੇ ਕਿਹਾ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਡੇ ਲਈ ਆਪਣਾ ਸਰਬੰਸ ਵਾਰ ਦਿੱਤਾ। ਸਾਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਵੱਧ ਤੋਂ ਵੱਧ ਸੇਧ ਲੈ ਕੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਉਹ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਨ ਕਿ ਗੁਰੂ ਸਾਹਿਬ ਉਨ੍ਹਾਂ ਨੂੰ ਵੱਧ ਤੋਂ ਵੱਧ ਸੇਵਾ ਕਰਨ ਦਾ ਬਲ ਬਖ਼ਸ਼ਣ ਤਾਂ ਕਿ ਉਹ ਲੋਕਾਂ ਲਈ ਵੱਧ ਤੋਂ ਵੱਧ ਚੰਗਾ ਕੰਮ ਕਰ ਸਕਣ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਸੰਗਤ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਹੋਰ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਕਿਸੇ ਵੀ ਸ਼ਰਧਾਲੂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਐੱਮ ਪੀ ਮਾਨ 24 ਨੂੰ ਸੰਗਰੂਰ ਤੇ 25 ਨੂੰ ਮਾਲੇਰਕੋਟਲਾ 'ਚ ਅੰਗਹੀਣਾਂ ਨੂੰ ਵੰਡਣਗੇ ਸਹਾਇਕ ਉਪਕਰਨ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸ੍. ਸਿਮਰਨਜੀਤ ਸਿੰਘ ਮਾਨ ਵੱਲੋਂ ਭਾਰਤ ਸਰਕਾਰ ਸਮਾਜਿਕ ਨਿਆਂ ਤੇ ਅਧਿਕਾਰਿਤਾ ਮੰਤਰਾਲਿਆਂ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੀ ਆਡਿਟ ਯੋਜਨਾ ਤਹਿਤ ਅੰਗਹੀਣਾਂ ਨੂੰ ਮੋਟਰਾਈਜ਼ਡ ਟ੍ਰਾਈਸਾਈਕਲਾਂ, ਵਹੀਲ ਚੇਅਰਾਂ, ਬਲਾਈਂਡ ਸਟਿਕਾਂ, ਕੰਨਾਂ ਵਾਲੀਆਂ ਮਸ਼ੀਨਾਂ, ਨਕਲੀ ਅੰਗ ਤੇ ਹੋਰ ਸਹਾਇਕ ਉਪਕਰਨ 24 ਤੇ 25 ਦਸੰਬਰ ਨੂੰ ਵੰਡੇ ਜਾਣਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਮ. ਪੀ. ਦਫਤਰ ਸੰਗਰੂਰ ਤੋਂ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਵਿਕਲਾਂਗ ਪੁਨਰਵਾਸ ਕੇਂਦਰ ਸੰਗਰੂਰ ਦੇ ਸਹਿਯੋਗ ਨਾਲ 24 ਦਸੰਬਰ ਨੂੰ ਸੰਗਰੂਰ ਤੇ 25 ਦਸੰਬਰ ਨੂੰ ਮਾਲੇਰਕੋਟਲਾ ਦੇ ਇਸਲਾਮੀਆ ਗਰਲਜ਼ ਕਾਲਜ ਮਾਲੇਰਕੋਟਲਾ ਵਿਖੇ ਅੰਗਹੀਣਾਂ ਨੂੰ ਬਣਾਉਟੀ ਅੰਗ ਤੇ ਸਹਾਇਕ ਉਪਕਰਨ ਵੰਡਣ ਲਈ ਸਮਾਗਮ ਕੀਤੇ ਜਾਣਗੇ। ਸਮਾਗਮਾਂ ਵਿੱਚ ਮੈਂਬਰ ਪਾਰਲੀਮੈਂਟ ਸ੍. ਸਿਮਰਨਜੀਤ ਸਿੰਘ ਮੁੱਖ ਮਹਿਮਾਨ ਹੋਣਗੇ, ਜਿਨ੍ਹਾਂ ਵੱਲੋਂ ਸੰਗਰੂਰ ਤੇ ਮਾਲੇਰਕੋਟਲਾ ਦੇ ਅੰਗਹੀਣਾਂ ਨੂੰ ਸਹਾਇਕ ਉਪਕਰਨ ਤੇ ਬਣਾਉਟੀ ਅੰਗ ਦਿੱਤੇ ਜਾਣਗੇ। ਉਨ੍ਹਾ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੇ ਕਰੀਬ 384 ਅੰਗਹੀਣ ਲਾਭਪਾਤਰਾਂ ਵਿੱਚੋਂ 200 ਤੋਂ ਵੱਧ ਮੋਟਰਾਈਜ਼ਡ ਟ੍ਰਾਈਸਾਈਕਲਾਂ ਤੋਂ ਇਲਾਵਾ ਵਹੀਲ ਚੇਅਰਾਂ, ਕੰਨਾਂ ਵਾਲੀਆਂ ਮਸ਼ੀਨਾਂ, ਬਲਾਇੰਡ ਸਟਿਕਾਂ, ਸਮਾਰਟ ਫੋਨ ਤੇ ਹੋਰ ਸਹਾਇਕ ਉਪਕਰਨ ਦਿੱਤੇ ਜਾਣੇ ਹਨ। ਇਸੇ ਤਰ੍ਹਾਂ ਮਾਲੇਰਕੋਟਲਾ ਵਿਖੇ ਲੱਗਣ ਵਾਲੇ ਕੈਂਪ ਵਿੱਚ 129 ਅੰਗਹੀਣ ਲਾਭਪਾਤਰਾਂ ਨੂੰ ਸਹਾਇਕ ਉਪਕਰਨ ਵੰਡੇ ਜਾਣਗੇ।

ਯਾਦਵਿੰਦਰ ਸਿੰਘ ਨੇ ਦੱਸਿਆ ਕਿ ਇਹ ਲਾਭ ਸਿਰਫ ਉਨ੍ਹਾਂ ਲਾਭਪਾਤਰੀਆਂ ਨੂੰ ਹੀ ਮਿਲੇਗਾ, ਜਿਨ੍ਹਾਂ ਵੱਲੋਂ ਅਸੈਸਮੈਂਟ ਕੈਂਪ ਦੌਰਾਨ ਆਪਣੀ ਰਜਿਸਟ੍ਰੇਸ਼ਨ ਕਰਵਾਈ ਗਈ ਸੀ। ਲਾਭਪਾਤਰ ਅੰਗਹੀਣ ਸਕੀਮ ਦਾ ਲਾਭ ਲੈਣ ਲਈ ਅਸੈਸਮੈਂਟ ਕੈਂਪ ਦੌਰਾਨ ਮਿਲੀਆਂ ਸਲਿੱਪਾਂ ਨਾਲ ਲੈ ਕੇ ਆਉਣ, ਤਾਂ ਜੋ ਉਨ੍ਹਾਂ ਨੂੰ ਲਾਭ ਹਾਸਲ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।

# ਬੀ ਐੱਫ ਸੀ ਈ ਟੀ ਵਿਖੇ 'ਔਰਤਾਂ ਦੀ ਸੁਰੱਖਿਆ' ਵਿਸ਼ੇ 'ਤੇ ਵੈਬੀਨਾਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਬਾਬਾ ਫ਼ਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਵੂਮੈਨ ਡਿਵੈਲਪਮੈਂਟ ਸੈੱਲ ਦੁਆਰਾ ਬੀ.ਐੱਫ.ਸੀ.ਈ.ਟੀ. ਦੇ ਕਰਮਚਾਰੀਆਂ ਤੇ ਵਿਦਿਆਰਥੀਆਂ ਲਈ 'ਔਰਤਾਂ ਦੀ ਸੁਰੱਖਿਆ' ਵਿਸ਼ੇ 'ਤੇ ਇੱਕ ਸੰਵੇਦਨਸ਼ੀਲ ਵੈਬੀਨਾਰ ਕੀਤਾ ਗਿਆ। ਵੈਬੀਨਾਰ ਦਾ ਮਨੋਰਥ ਸਭ ਤੋਂ ਪਹਿਲਾਂ ਕੰਮ ਵਾਲੀ ਥਾਂ 'ਤੇ ਔਰਤਾਂ ਦੇ ਜਿਨਸੀ ਉਤਪੀੜਨ (ਰੋਕਥਾਮ, ਮਨਾਹੀ ਤੇ ਨਿਵਾਰਣ) ਐਕਟ 2013 ਦੇ ਉਪਬੰਧਾਂ ਬਾਰੇ ਜਾਗਰੂਕ ਕਰਨਾ ਸੀ। ਦੂਜਾ, ਔਰਤਾਂ ਦੀ ਇੱਜ਼ਤ ਨੂੰ ਬਰਕਰਾਰ ਰੱਖਣ ਦੀ ਲੋੜ ਬਾਰੇ ਜਾਗਰੂਕ ਕਰਨਾ ਤੇ ਲਿੰਗਕ ਰੂੜ੍ਹੀਵਾਦ ਨੂੰ ਖਤਮ ਕਰਨਾ ਤਾਂ ਜੋ ਆਰਥਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਔਰਤਾਂ ਨੂੰ ਵੱਧ ਤੋਂ ਵੱਧ ਉਤਸ਼ਾਹਤ ਕੀਤਾ ਜਾ ਸਕੇ। ਵੈਬੀਨਾਰ ਦੇ ਮਹਿਮਾਨ ਬੁਲਾਰੇ ਸ਼੍ਰੀ ਅਰੁਣ ਕੁਮਾਰ ਸਹਾਇਕ ਪ੍ਰੋਫੈਸਰ, ਕਾਨੂੰਨ ਵਿਭਾਗ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਨੇ ਮਹਿਲਾ ਕਰਮਚਾਰੀਆਂ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਐਕਟ 2013 ਦੀਆਂ ਧਾਰਾਵਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਭਾਰਤ 'ਚ ਵਰਤੋਂ ਲਈ ਦਿਸ਼ਾ ਨਿਰਦੇਸ਼ਾਂ ਬਾਰੇ ਸੰਖੇਪ ਵਿੱਚ ਦੱਸਿਆ ਗਿਆ। ਉਨ੍ਹਾ ਇੰਡੀਅਨ ਪੀਨਲ ਕੋਡ 1860 ਤੇ ਦਹੇਜ ਰੋਕੂ ਐਕਟ 1961 ਬਾਰੇ ਚਰਚਾ ਕੀਤੀ।

ਉਨ੍ਹਾ ਜੁਵੇਨਾਈਲ ਜਸਟਿਸ ਐਕਟ 2000, ਘਰੇਲੂ ਹਿੰਸਾ ਐਕਟ 2005, ਦਿ ਇੰਡੀਸੈਂਟ ਰਿਪ੍ਰੇਜ਼ੈਂਟੇਸ਼ਨ ਆਫ ਵੂਮੈਨ ਐਕਟ 1986 ਤੇ ਨਿਰਭਯਾ ਕੇਸ 2019 ਬਾਰੇ ਵੀ ਚਰਚਾ ਕੀਤੀ। ਇਸ ਸਮਾਗਮ ਦਾ ਸੰਚਾਲਨ ਵੂਮੈਨ ਡਿਵੈਲਪਮੈਂਟ ਸੈੱਲ ਦੀ ਕੋਆਰਡੀਨੇਟਰ ਡਾ. ਸੁਮਨ ਰਾਣੀ ਤੇ ਟੀਮ ਨੇ ਸਫਲਤਾਪੂਰਵਕ ਕੀਤਾ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਡਾ. ਜਯੋਤੀ ਬਾਂਸਲ, ਵੱਖ-ਵੱਖ ਵਿਭਾਗਾਂ ਦੇ ਐੱਚ. ਓ. ਡੀਜ਼ ਤੇ ਡੀਨ ਵੀ ਹਾਜ਼ਰ ਸਨ। ਵੈਬੀਨਾਰ ਵਿੱਚ 50 ਤੋਂ ਵੱਧ ਵਿਦਿਆਰਥੀਆਂ ਤੇ ਬੀ.ਐੱਫ.ਸੀ.ਈ.ਟੀ. ਦੇ ਸਾਰੇ ਸਟਾਫ਼ ਮੈਂਬਰਾਂ ਨੇ ਭਾਗ ਲਿਆ।

# ਪ੍ਰਧਾਨ ਮੰਤਰੀ ਦਫ਼ਤਰ ਦੇ ਸੰਯੁਕਤ ਸਕੱਤਰ ਵੱਲੋਂ ਸੰਤ ਗੁਰਮੀਤ ਸਿੰਘ ਨਾਲ ਮੁਲਾਕਾਤ



**ਕੋਟ ਈਸੇ ਖਾਂ (ਅਰੋੜਾ)**-ਕੇਂਦਰੀ ਨੀਤੀ ਆਯੋਗ ਵੱਲੋਂ ਸ਼ੁਰੂ ਕੀਤੇ ਗਏ ਐਸਪੀਰੇਸ਼ਨਲ ਡਿਸਟ੍ਰਿਕਟ ਪ੍ਰੋਗਰਾਮ ਤਹਿਤ ਜ਼ਿਲ੍ਹਾ ਮੋਗਾ ਵਿੱਚ ਕੀਤੇ ਜਾ ਰਹੇ ਕੰਮਾਂ ਦਾ ਰੀਵਿਊ ਕਰਨ ਲਈ ਪ੍ਰਧਾਨ ਮੰਤਰੀ ਦਫ਼ਤਰ ਦੇ ਸੰਯੁਕਤ ਸਕੱਤਰ ਡਾਕਟਰ ਦੀਪਕ ਮਿੱਤਲ ਵੱਲੋਂ ਜ਼ਿਲ੍ਹਾ ਮੋਗਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਬੰਧਤ ਅਧਿਕਾਰੀਆਂ ਤੇ ਗੁਰੂ ਸਾਹਿਬ ਚੈਰੀਟੇਬਲ ਸੁਸਾਇਟੀ ਖੋਸਾ ਕੋਟਲਾ, ਵਾਟਰ ਹਾਰਵੈਸਟਿੰਗ ਸਿਸਟਮ ਖੋਸਾ ਜਲਾਲ, ਅਮੋਲ ਫੁੱਟਬਾਲ ਅਕੈਡਮੀ ਖੋਸਾ ਦੇ ਮੁੱਖ ਪ੍ਰਬੰਧਕ ਸੰਤ ਬਾਬਾ ਗੁਰਮੀਤ ਸਿੰਘ ਤੇ ਉਨ੍ਹਾ ਦੇ ਸਹਿਯੋਗੀਆਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ, ਜਗਵਿੰਦਰਜੀਤ ਸਿੰਘ ਗਰੇਵਾਲ ਤੇ ਸ਼੍ਰੀਮਤੀ ਅਨੀਤਾ ਦਰਸ਼ੀ ਦੋਵੇਂ ਵਧੀਕ ਡਿਪਟੀ ਕਮਿਸ਼ਨਰ, ਸ੍ਰੀਮਤੀ ਚਾਰੂਮਿਤਾ ਐੱਸ ਡੀ ਐਮ ਧਰਮਕੋਟ ਤੇ ਹੋਰ ਅਧਿਕਾਰੀ ਹਾਜ਼ਰ ਸਨ। ਪ੍ਰਧਾਨ ਮੰਤਰੀ ਦਫ਼ਤਰ ਦੇ ਸੰਯੁਕਤ ਸਕੱਤਰ ਡਾਕਟਰ ਦੀਪਕ ਮਿੱਤਲ ਨੇ ਸੰਤ ਬਾਬਾ ਗੁਰਮੀਤ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਪ੍ਰਧਾਨ ਮੰਤਰੀ ਦਫ਼ਤਰ ਦੇ ਸੰਯੁਕਤ ਸਕੱਤਰ ਡਾਕਟਰ ਦੀਪਕ ਮਿੱਤਲ ਨੇ ਗੁਰੂ ਸਾਹਿਬ ਚੈਰੀਟੇਬਲ ਸੁਸਾਇਟੀ ਖੋਸਾ ਕੋਟਲਾ, ਵਾਟਰ ਹਾਰਵੈਸਟਿੰਗ ਸਿਸਟਮ ਖੋਸਾ ਜਲਾਲ, ਅਮੋਲ ਫੁੱਟਬਾਲ ਅਕੈਡਮੀ ਖੋਸਾ ਦੁਆਰਾ ਕੀਤੇ ਜਾ ਰਹੇ ਕਾਰਜਾਂ ਦੀ ਵੀ ਪ੍ਰਸ਼ੰਸਾ ਕੀਤੀ। ਹਾਜ਼ਰ ਮਹਿਮਾਨਾਂ ਦਾ ਸੰਤ ਬਾਬਾ ਗੁਰਮੀਤ ਸਿੰਘ ਜੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਸਰਕਾਰੀ ਸਕੂਲ ਫੂਲ ਟਾਊਨ ਲੜਕੇ ਵਿਖੇ ਸਾਲਾਨਾ ਸਮਾਗਮ ਤੇ ਇਨਾਮ ਵੰਡ ਸਮਾਰੋਹ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**
ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੰਚਾਰਜ ਪ੍ਰਿੰਸੀਪਲ ਰਵਿੰਦਰ ਕੌਰ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੂਲ ਟਾਊਨ ਲੜਕੇ ਵਿਖੇ ਸਾਲਾਨਾ ਸਮਾਗਮ ਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਬਾਰੇ ਜਾਣਕਾਰੀ ਦਿੰਦਿਆਂ ਗੁਰਮੇਲ ਸਿੰਘ ਲੈਕਚਰਾਰ ਇਕਨਾਮਿਕਸ ਨੇ ਦੱਸਿਆ ਕਿ ਪ੍ਰਿੰਸੀਪਲ ਹਰਨੇਕ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਪ੍ਰਿੰਸੀਪਲ ਚਮਕੌਰ ਸਿੰਘ ਬਲਾਕ ਨੋਡਲ ਅਫਸਰ ਰਾਮਪੁਰਾ ਫੂਲ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਮੁੱਖ ਮਹਿਮਾਨ ਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਨੂੰ ਮੀਨਾ ਗਰਗ ਲੈਕਚਰਾਰ ਅੰਗਰੇਜ਼ੀ ਵੱਲੋਂ ਕਿਹਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਮੈਡਮ ਨੀਤੀ ਤੇ ਧਰਮਪਾਲ ਕੌਰ ਵੱਲੋਂ ਬਾਖ਼ੂਬੀ ਨਿਭਾਉਂਦੇ ਹੋਏ ਸਮਾਗਮ ਦੀ ਸ਼ੁਰੂਆਤ ਇੱਕ ਧਾਰਮਿਕ ਸ਼ਬਦ ਰਾਹੀਂ ਕੀਤੀ ਗਈ ਤੇ ਅਧਿਆਪਕਾਂ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਵੱਲੋਂ ਤਿਆਰ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਦਰਸ਼ਕਾਂ ਨੂੰ ਕੀਲ ਕੇ ਬੈਠਣ ਲਈ ਮਜਬੂਰ ਕਰੀ ਰੱਖਿਆ। ਇਸ ਵਿੱਚੋਂ ਭੰਡ, ਸਕਿੱਟ ਬਾਬਾ ਬੋਲਦਾ, ਰਾਜਸਥਾਨੀ ਡਾਂਸ, ਭੰਗੜਾ ਤੇ ਗਿੱਧਾ ਪੇਸ਼ਕਾਰੀਆਂ ਦੀ ਸਰੋਤਿਆਂ ਵੱਲੋਂ ਰੱਜ ਕੇ ਤਾਰੀਫ ਕੀਤੀ ਗਈ। ਇਸ ਸਮੇਂ ਵਿੱਦਿਅਕ ਖੇਤਰ 'ਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਮੁੱਖ ਮਹਿਮਾਨ ਪ੍ਰਿੰਸੀਪਲ ਚਮਕੌਰ ਸਿੰਘ, ਪ੍ਰਿੰਸੀਪਲ ਹਰਨੇਕ ਸਿੰਘ ਤੇ ਚੇਅਰਮੈਨ ਮੋਹਨ ਸਿੰਘ ਵੱਲੋਂ ਸਕੂਲ ਦਾ ਸਾਲਾਨਾ ਮੈਗਜ਼ੀਨ 'ਨਵੀਆਂ ਕਲਮਾਂ' ਵੀ ਰਿਲੀਜ਼ ਕੀਤਾ ਗਿਆ ਤੇ ਸਕੂਲ ਦੀ ਭਲਾਈ ਲਈ ਦਾਨ ਕਰਨ ਵਾਲੇ ਦਾਨੀ ਸੱਜਣਾਂ ਬਲਪਿਆਰ ਸਿੰਘ ਡੈੱਨਮਾਰਕ, ਸੁਖਪਿਆਰ ਸਿੰਘ ਡੈੱਨਮਾਰਕ, ਰੁਪਿੰਦਰ ਸਿੰਘ ਕੈਨੇਡਾ, ਸਾਹਿਤਕਾਰ ਬੰਤ ਸਿੰਘ ਫੂਲਪੁਰੀ, ਰਿਟਾ: ਮਾ. ਜਗਰੂਪ ਸਿੰਘ, ਰਿਟਾ: ਮਾ. ਝੰਡਾ ਸਿੰਘ, ਰਿਟਾ: ਮਾ. ਰੂਪ ਸਿੰਘ, ਰਿਟਾ: ਅਧਿਆਪਕਾ ਰਾਜਵਿੰਦਰ ਕੌਰ ਮੱਲ੍ਹੀ, ਇੰਚਾਰਜ ਪ੍ਰਿੰਸੀਪਲ ਸੇਲਬਰ੍ਹਾ ਕਮਲਜੀਤ ਕੌਰ, ਅਮਨਦੀਪ ਕੌਰ ਸਾਇੰਸ ਮਿਸਟ੍ਰੈੱਸ, ਜਗਸੀਰ ਸਿੰਘ ਸਪੈਸ਼ਲ ਗੈਸਟ, ਪੱਤਰਕਾਰ ਮੱਖਣ ਸਿੰਘ, ਪੱਤਰਕਾਰ ਦਿਲਜੀਤ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਤੇ ਮਾਨਵ ਸਹਾਰਾ ਕਲੱਬ ਫੂਲ ਟਾਊਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇੰਚਾਰਜ ਪ੍ਰਿੰਸੀਪਲ ਰਵਿੰਦਰ ਕੌਰ ਵੱਲੋਂ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਮੁੱਖ ਮਹਿਮਾਨ ਪ੍ਰਿੰਸੀਪਲ ਚਮਕੌਰ ਸਿੰਘ ਨੇ ਸਨਮਾਨਤ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਖ਼ਤ ਮਿਹਨਤ ਨਾਲ ਹਰ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਸਮੂਹ ਵਿਦਿਆਰਥੀ ਹੁਣ ਤੋਂ ਹੀ ਆਪਣਾ ਟੀਚਾ ਨਿਰਧਾਰਤ ਕਰਨ ਤੇ ਉਸ ਦੀ ਪ੍ਰਾਪਤੀ ਲਈ ਦਿਨ-ਰਾਤ ਇੱਕ ਕਰ ਦੇਣ। ਅੰਤ ਵਿੱਚ ਗੁਰਮੇਲ ਸਿੰਘ ਲੈਕਚਰਾਰ ਇਕਨਾਮਿਕਸ ਵੱਲੋਂ ਪਿੰਡ ਦੇ ਪਤਵੰਤੇ ਸੱਜਣਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਰੇਖਾ ਰਾਣੀ ਮੁੱਖ ਅਧਿਆਪਕਾ ਸਹਸ ਲੜਕੀਆਂ, ਅੰਜੂ ਬਾਲਾ ਮੁੱਖ ਅਧਿਆਪਕਾ ਸਪਸ ਲੜਕੇ, ਪੱਤਰਕਾਰ ਮੱਖਣ ਸਿੰਘ, ਪੱਤਰਕਾਰ ਦਿਲਜੀਤ ਸਿੰਘ, ਪੱਤਰਕਾਰ ਗਗਨ ਫੂਲ, ਪਲਵਿੰਦਰ ਸਿੰਘ, ਸਮੂਹ ਸਕੂਲ ਮੈਨੇਜਮੈਂਟ ਕਮੇਟੀ ਮੈਂਬਰ, ਤਰਸੇਮ ਸਿੰਘ ਸਾਬਕਾ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਅਮਰਜੀਤ ਸਿੰਘ ਰਿਟਾਇਰਡ ਸਾਇੰਸ ਮਾਸਟਰ, ਰਾਜਪਾਲ ਕੌਰ ਅਧਿਆਪਕਾ ਸੇਲਬਰਾਹ, ਮਹਿੰਦਰ ਸਿੰਘ, ਬਲਦੇਵ ਸਿੰਘ, ਜਗਸੀਰ ਸਿੰਘ, ਗੁਰਾਂਤਾਰ ਸਿੰਘ ਤੇ ਸਮੂਹ ਸਕੂਲ ਸਟਾਫ ਮੈਂਬਰ ਹਾਜ਼ਰ ਸਨ।

# ਬੀ ਕੇ ਯੂ ਕ੍ਰਾਂਤੀਕਾਰੀ ਇਕਾਈ ਜੈਮਲਵਾਲਾ ਦੀ ਚੋਣ



**ਮੋਗਾ (ਅਮਰਜੀਤ ਬੱਬਰੀ)**-ਬੀਕੇਯੂ ਕਰਾਂਤੀਕਾਰੀ ਇਕਾਈ ਜੈਮਲਵਾਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਾਭ ਸਿੰਘ ਰੋਡੇ ਦੀ ਪ੍ਰਧਾਨਗੀ ਵਿੱਚ ਹੋਈ।ਫਿਰੋਜ਼ਪੁਰ ਜ਼ਿਲ੍ਹੇ ਦੇ ਪ੍ਰਚਾਰ ਸਕੱਤਰ ਗੁਰਭਾਗ ਸਿੰਘ ਮਰੂੜ, ਪਰਮਜੀਤ ਕੌਰ ਮੁਦਕੀ, ਮੋਗਾ-2 ਬਲਾਕ ਦੇ ਪ੍ਰਧਾਨ ਜਗਮੋਹਨ ਸਿੰਘ ਕੰਗ ਤੇ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੀਰ ਸਿੰਘ ਲੱਖਾ ਵਿਸ਼ੇਸ਼ ਤੌਰ 'ਤੇ ਪੁੱਜੇ।ਜਗਮੋਹਨ ਸਿੰਘ ਕੰਗ ਨੇ ਦੱਸਿਆ ਕਿ ਜਥੇਬੰਦੀ ਕਿਸਾਨੀ ਮੁੱਦਿਆਂ 'ਤੇ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ।ਜੈਮਲਵਾਲਾ ਪਿੰਡ ਦੇ ਲੋਕਾਂ ਨੇ ਵੀ ਜਥੇਬੰਦੀ ਨੂੰ ਬਹੁਤ ਸਹਿਯੋਗ ਦਿੱਤਾ ਹੈ।ਹੁਣ ਫਿਰ ਪੰਜਾਬ ਤੇ ਕੇਂਦਰ ਸਰਕਾਰ ਵਿਰੁੱਧ ਕਰਜ਼ਾ ਮਾਫੀ, ਹੜ੍ਹਾਂ ਵਿੱਚ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ, ਫਸਲੀ ਬੀਮਾ ਸਰਕਾਰ ਕਰਾਵੇ, ਚਿੱਪ ਵਾਲੇ ਬਿਜਲੀ ਮੀਟਰ ਰੋਕਣ, ਪਰਾਲੀ ਸਾੜਨ ਦੇ ਕੇਸ ਖਾਰਜ ਕਰਾਉਣ ਤੇ ਦਿੱਲੀ ਅੰਦੋਲਨ ਦੀਆਂ ਰਹਿੰਦੀਆਂ ਮੰਗਾਂ ਲਾਗੂ ਕਰਵਾਉਣ ਲਈ ਸੰਘਰਸ਼ ਚੱਲ ਰਿਹਾ ਹੈ।ਪਰਮਜੀਤ ਕੌਰ ਮੁਦਕੀ ਨੇ ਕਿਹਾ ਕਿ 18 ਕਿਸਾਨ ਜਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਸਾਂਝੇ ਫਰੰਟ ਵੱਲੋਂ 2 ਜਨਵਰੀ ਜੰਡਿਆਲਾ ਗੁਰੂ ਤੇ 6 ਜਨਵਰੀ ਨੂੰ ਬਰਨਾਲਾ ਵਿਖੇ ਵੱਡੇ ਇਕੱਠ ਕੀਤੇ ਜਾ ਰਹੇ ਹਨ, ਜਿਸ ਵਿੱਚ ਭਾਰੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇਗੀ। ਅਖੀਰ ਵਿੱਚ ਪਿੰਡ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਕਿਸ਼ਨ ਸਿੰਘ ਨੂੰ ਪ੍ਰਧਾਨ, ਹਰਵਿੰਦਰ ਸਿੰਘ ਨੂੰ ਸਕੱਤਰ, ਕਿਸ਼ਨ ਸਿੰਘ ਨੂੰ ਖਜ਼ਾਨਚੀ ਤੇ ਮਾਸਟਰ ਦਰਸ਼ਨ ਸਿੰਘ ਨੂੰ ਸਲਾਹਕਾਰ ਚੁਣਿਆ ਗਿਆ। ਇਸ ਤੋਂ ਇਲਾਵਾ 15 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।ਪਿੰਡ ਕਮੇਟੀ ਨੇ ਭਰੋਸਾ ਦਵਾਇਆ ਕਿ ਉਹ ਜਥੇਬੰਦੀ ਵੱਲੋਂ ਵਿੱਢੇ ਹਰ ਸੰਘਰਸ਼ ਵਿੱਚ ਪੂਰਾ ਹਿੱਸਾ ਲੈਣਗੇ।ਲਖਵੀਰ ਸਿੰਘ ਲੱਖਾ ਨੇ ਨਰੇਗਾ ਮਜ਼ਦੂਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਮਸਲੇ ਹੱਲ ਕਰਾਏ ਜਾਣਗੇ।ਜਲਦੀ ਹੀ ਵੱਡੀ ਮੀਟਿੰਗ ਕਰਕੇ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦਾ ਗਠਨ ਕੀਤਾ ਜਾਵੇਗਾ।

# ਮਾਨ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ 'ਚ ਅਸਫਲ : ਹਰੀਸ਼ ਸਿੰਗਲਾ

**■ ਪਹਿਲੀ ਨੂੰ ਸ਼ਿਵ ਸੈਨਿਕ ਮੁੱਖ ਮੰਤਰੀ ਦੀ ਕੋਠੀ ਦਾ ਕਰਨਗੇ ਘਿਰਾਓ**



**ਸਮਰਾਲਾ (ਸੁਰਜੀਤ ਸਿੰਘ)**
ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਨਾਲ ਕੀਤੇ ਵਾਅਦਿਆਂ ਮੁਤਾਬਿਕ ਇੱਕ ਵੱਡਾ ਜਨਮਤ ਦਿੱਤਾ ਜੋ ਅੱਜ ਤੱਕ ਪੰਜਾਬ ਵਿੱਚ ਪਹਿਲਾਂ ਕਿਸੇ ਪਾਰਟੀ ਨੂੰ ਨਹੀਂ ਮਿਲਿਆ, ਪਰ ਸਰਕਾਰ ਬਣਨ ਤੋਂ ਬਾਅਦ ਪਾਰਟੀ ਲੋਕਾਂ ਨਾਲ ਕੀਤੇ ਵਾਅਦੇ ਪੂਰੀ ਤਰ੍ਹਾਂ ਭੁੱਲ ਗਈ। ਇਹ ਗੱਲ ਇੱਥੇ ਸ਼ਿਵ ਸੈਨਾ ਯੂਥ ਦੇ ਪੰਜਾਬ ਪ੍ਰਧਾਨ ਰਮਨ ਵਡੇਰਾ ਦੀ ਅਗਵਾਈ ਵਿੱਚ ਸ਼ਿਵ ਸੈਨਿਕਾਂ ਦੇ ਕੀਤੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼ਿਵ ਸੈਨਾ ਬਾਲ ਠਾਕਰੇ (ਸ਼ਿੰਦੇ) ਦੇ ਪੰਜਾਬ ਪ੍ਰਧਾਨ ਹਰੀਸ਼ ਸਿੰਗਲਾ ਨੇ ਕਹੀ। ਉਨ੍ਹਾ ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਢੰਗ ਨਾਲ ਆਮ ਆਦਮੀ ਪਾਰਟੀ ਲੋਕਾਂ ਨੂੰ ਗੁੰਮਰਾਹ ਕਰਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ, ਉਸ ਢੰਗ ਨਾਲ ਉਹ ਲੋਕਾਂ ਦੀਆਂ ਆਸਾਂ 'ਤੇ ਪੂਰੀ ਨਹੀਂ ਉੱਤਰੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੂੰ ਉਸ ਵੱਲੋਂ ਕੀਤੇ ਵਾਅਦੇ ਚੇਤੇ ਕਰਾਉਣ ਲਈ ਸ਼ਿਵ ਸੈਨਾ ਬਾਲ ਠਾਕਰੇ (ਸ਼ਿੰਦੇ) ਇੱਕ ਜਨਵਰੀ ਨੂੰ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘੇਰਾਓ ਕਰਕੇ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਮੰਗ ਪੱਤਰ ਦੇਵੇਗੀ। ਮਾਨ ਸਰਕਾਰ ਨੂੰ ਸਦ ਬੁੱਧੀ ਪ੍ਰਾਪਤ ਹੋਵੇ, ਇਸ ਮੰਤਵ ਲਈ ਸ਼ਿਵ ਸੈਨਿਕ ਹਨੂਮਾਨ ਚਾਲੀਸਾ ਦਾ ਪਾਠ ਕਰਨਗੇ।

ਉਨ੍ਹਾ ਅਕਾਲੀ-ਭਾਜਪਾ ਗੱਠਜੋੜ ਬਾਰੇ ਗੱਲ ਕਰਦਿਆਂ ਕਿਹਾ ਕਿ ਸੂਬੇ ਦੇ ਰਾਜਨੀਤਕ ਮਾਹੌਲ ਅਨੁਸਾਰ ਕੋਈ ਵੀ ਸਿਆਸੀ ਗੱਠਜੋੜ ਸੰਭਵ ਹੈ। ਉਨ੍ਹਾ ਕਿਹਾ ਕਿ ਜੇਕਰ ਭਾਜਪਾ ਸ਼ਿਵ ਸੈਨਾ ਬਾਲ ਠਾਕਰੇ (ਸ਼ਿੰਦੇ) ਨਾਲ ਚੋਣ ਸਮਝੌਤਾ ਕਰੇਗੀ ਤਾਂ ਉਹ ਭਾਜਪਾ ਨਾਲ ਮਿਲ ਕੇ ਚੱਲਣਗੇ, ਨਹੀਂ ਤਾਂ ਲੋਕ ਸਭਾ ਚੋਣਾਂ ਵਿੱਚ ਆਪਣੇ ਉਮੀਦਵਾਰ ਸਾਰੀਆਂ 13 ਸੀਟਾਂ 'ਤੇ ਖੜ੍ਹਾ ਕਰਨਗੇ।

ਵਡੇਰਾ ਨੇ ਕਿਹਾ ਕਿ 1 ਜਨਵਰੀ ਨੂੰ ਸ਼ਿਵ ਸੈਨਿਕਾਂ ਦਾ ਕਰੀਬ 20 ਬੱਸਾਂ ਦਾ ਕਾਫਲਾ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘੇਰਾਓ ਵਿੱਚ ਸ਼ਾਮਲ ਹੋਵੇਗਾ। ਉਸ ਤੋਂ ਬਾਅਦ ਔਰਤਾਂ ਲਈ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਮੰਗ ਨੂੰ ਲੈ ਕੇ ਸਥਾਨਕ ਵਿਧਾਇਕ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

# ਡਾ. ਇਕਬਾਲ ਸਿੰਘ ਸਕਰੌਦੀ ਵਿਦਿਆਰਥੀਆਂ ਦੇ ਹੋਏ ਰੂਬਰੂ



**ਸੰਗਰੂਰ (ਪ੍ਰਵੀਨ ਸਿੰਘ)**-ਸੰਗਰੂਰ ਪਬਲਿਕ ਸਕੂਲ ਦੇ ਪ੍ਰਿੰਸੀਪਲ ਲਾਭ ਸਿੰਘ ਦੇ ਵਿਸ਼ੇਸ਼ ਸੱਦੇ 'ਤੇ ਡਾ. ਇਕਬਾਲ ਸਿੰਘ ਸਕਰੌਦੀ ਰਿਟਾਇਰਡ ਪ੍ਰਿੰਸੀਪਲ ਵਿਦਿਆਰਥੀਆਂ ਦੇ ਰੂਬਰੂ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਇਸ ਸੰਸਾਰ ਦੇ ਸਭ ਤੋਂ ਪਹਿਲੇ ਅਧਿਆਪਕ ਦਾ ਨਾਂ ਮਹਾਂਰਿਸ਼ੀ ਵੇਦ ਵਿਆਸ ਸੀ, ਜਿਨ੍ਹਾਂ ਰਿਗਵੇਦ ਦੀ ਸਿਰਜਣਾ ਕੀਤੀ। ਉਨ੍ਹਾਂ ਦੇ ਸ਼ਾਗਿਰਦਾਂ ਨੂੰ ਰਿਸ਼ੀ ਆਖਿਆ ਗਿਆ ਤੇ ਰਿਸ਼ੀਆਂ ਦੇ ਚੇਲਿਆਂ ਨੂੰ ਗੁਰੂ ਆਖਿਆ ਗਿਆ। ਗੁਰੂਆਂ ਦੇ ਚੇਲੇ ਅੱਗੋਂ ਅਧਿਆਪਕ ਸਦਵਾਏ। ਅਧਿਆਪਕ ਦੀ ਪੂੰਜੀ ਗਿਆਨ ਹੈ। ਇਸ ਮੌਕੇ ਉਨ੍ਹਾਂ ਆਪਣੇ ਨਿੱਜੀ ਜੀਵਨ ਵਿੱਚੋਂ ਉਦਾਹਰਣਾਂ ਦੇ ਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿਦਿਆਰਥੀਆਂ ਨੂੰ ਜਿੰਨੀਆਂ ਵੱਧ ਸਹੂਲਤਾਂ ਮਾਪਿਆਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ, ਉਹ ਆਪਣੀ ਪੜ੍ਹਾਈ, ਅਧਿਆਪਕਾਂ, ਆਪਣੇ ਮਾਪਿਆਂ, ਸਮਾਜ ਤੇ ਆਪਣੇ ਫਰਜ਼ਾਂ ਪ੍ਰਤੀ ਉੱਨੇ ਹੀ ਅਵੇਸਲੇ ਹੋ ਰਹੇ ਹਨ। ਵਿਦਿਆਰਥੀਆਂ ਕੋਲ ਸਾਧਨ ਤਾਂ ਬਹੁਤ ਹਨ, ਪ੍ਰੰਤੂ ਸਾਧਨਾ ਨਹੀਂ ਹੈ। ਉਨ੍ਹਾ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਤੇ ਸੰਸਾਰ ਪ੍ਰਸਿੱਧ ਲੇਖਕ ਰਸੂਲ ਹਮਜ਼ਾਤੋਵ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈਂਦੇ ਹੋਏ ਹਮੇਸ਼ਾ ਦ੍ਰਿੜ੍ਹਤਾ, ਹੌਸਲੇ, ਲਗਨ, ਸਿਰੜ ਨਾਲ ਮਿਹਨਤ ਕਰਦੇ ਹੋਏ ਆਪਣਾ, ਆਪਣੇ ਅਧਿਆਪਕਾਂ, ਮਾਪਿਆਂ, ਪਿੰਡ/ਸ਼ਹਿਰ ਤੇ ਆਪਣੇ ਦੇਸ਼ ਦਾ ਨਾਂ ਉੱਚਾ ਕਰਨ ਦਾ ਸੁਨੇਹਾ ਦਿੱਤਾ। ਅੰਤ ਵਿੱਚ ਸਕੂਲ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜੇਕਰ ਤੁਸੀਂ ਡਾਕਟਰ ਸਿੰਘ ਦੀਆਂ ਗੱਲਾਂ 'ਤੇ ਅਮਲ ਕਰਕੇ ਆਪਣੇ ਜੀਵਨ ਵਿੱਚ ਸਮੇਂ ਦੇ ਪਾਬੰਦ ਹੋ ਕੇ ਚੱਲੋਗੇ ਤਾਂ ਨਿਸ਼ਚੇ ਹੀ ਤੁਹਾਡਾ ਭਵਿੱਖ ਉੱਜਵਲ ਹੋਵੇਗਾ। ਉਨ੍ਹਾ ਡਾ. ਇਕਬਾਲ ਸਿੰਘ ਦਾ ਵਿਦਿਆਰਥੀਆਂ ਨਾਲ ਚੰਗੀ ਜੀਵਨ ਜਾਚ ਵਾਲੀਆਂ ਗੱਲਾਂ ਸਾਂਝੀਆਂ ਕਰਨ ਲਈ ਧੰਨਵਾਦ ਕੀਤਾ।

23-Dec-PAGE-11-Majha-23.qxd 12/22/2023 10:54 PM Page 1



# ਫਲਿਸਤੀਨੀ ਲੋਕਾਂ 'ਤੇ ਠੋਸੀ ਜੰਗ ਖਿਲਾਫ ਸੂਬੇ ਭਰ 'ਚ ਵਿਰੋਧ ਪ੍ਰਦਰਸ਼ਨ ਪਹਿਲੀ ਜਨਵਰੀ ਨੂੰ

ਤਰਨਤਾਰਨ (ਨਜ਼ਸ)-ਪੰਜਾਬ ਦੀਆਂ ਸੱਤ ਖੱਬੀਆਂ/ਇਨਕਲਾਬੀ ਪਾਰਟੀਆਂ/ਜਥੇਬੰਦੀਆਂ ਵੱਲੋਂ ਨਵੇਂ ਸਾਲ 2024 ਦੇ ਪਹਿਲੇ ਦਿਨ ਸੂਬੇ ਭਰ 'ਚ ਫਲਿਸਤੀਨੀ ਲੋਕਾਂ ਦੀ ਕੀਤੀ ਜਾ ਰਹੀ ਵਹਿਸ਼ੀ ਕਤਲੋਗਾਰਤ ਖਿਲਾਫ ਲੋਕਾਂ ਨੂੰ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ। ਪਿਛਲੇ ਢਾਈ ਮਹੀਨਿਆਂ ਤੋਂ ਫਲਿਸਤੀਨ ਨੂੰ ਕਬਰਿਸਤਾਨ 'ਚ ਬਦਲਨ ਲਈ ਵੱਡੇ ਸਾਮਰਾਜੀ ਧੜਵੈਲ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੇ ਸੰਗੀਆਂ ਦੀ ਸ਼ਹਿ 'ਤੇ ਇਜ਼ਰਾਈਲ ਵੱਲੋਂ ਫਲਿਸਤੀਨੀ ਲੋਕਾਂ ਨੂੰ ਦੇਸ਼ ਬਦਰ ਕਰਨ ਲਈ ਠੋਸੀ ਇਸ ਨਿਹੱਕੀ ਜੰਗ ਖਿਲਾਫ ਸੰਸਾਰ ਭਰ 'ਚ ਆਵਾਜ਼ ਉਠਾਈ ਜਾ ਰਹੀ ਹੈ। 1948 ਤੋਂ ਇੰਗਲੈਂਡ ਤੇ ਅਮਰੀਕਾ ਦੀ ਸ਼ਹਿ 'ਤੇ ਫਲਿਸਤੀਨੀ ਲੋਕਾਂ ਦੀਆਂ ਜ਼ਮੀਨਾਂ, ਕਾਰੋਬਾਰਾਂ 'ਤੇ ਕਬਜ਼ਾ ਕਰਕੇ ਜਿਉਨਵਾਦੀਆਂ ਨੇ ਮੱਧਪੂਰਬ ਦੇ ਇਸ ਛੋਟੇ ਜਿਹੇ ਦੇਸ਼ ਨੂੰ ਖੁੱਲ੍ਹੀ ਜੇਲ 'ਚ ਬਦਲ ਕੇ ਫਲਿਸਤੀਨੀਆਂ ਨੂੰ ਪਲ-ਪਲ ਮਰਨ ਲਈ ਮਜਬੂਰ ਕੀਤਾ ਹੋਇਆ ਹੈ। ਇਸ ਸਬੰਧੀ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਸੀਪੀਆਈ ਦੇ ਜਨਰਲ ਸਕੱਤਰ ਬੰਤ ਬਰਾੜ, ਭਾਰਤ ਦੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਪ੍ਰਗਟ ਸਿੰਘ ਜਾਮਾਰਾਏ, ਸੀਪੀਆਈ ਐੱਮਐੱਲ ਨਿਊ ਡੈਮੋਕ੍ਰੇਸੀ ਦੇ ਆਗੂ ਕਾਮਰੇਡ ਅਜਮੇਰ ਸਿੰਘ, ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਸਕੱਤਰ ਗੁਰਮੀਤ ਸਿੰਘ ਬਖਤਪੁਰ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਮੁਕਤੀ ਸੰਗਰਾਮ ਮਜ਼ਦੂਰ ਮੰਚ ਦੇ ਆਗੂ ਲਖਵਿੰਦਰ, ਐੱਮਸੀਪੀਆਈਯੂ ਦੇ ਸਕੱਤਰ ਕਿਰਨਜੀਤ ਸਿੰਘ ਸੇਖੋਂ ਨੇ ਕਿਹਾ ਕਿ ਫਲਿਸਤੀਨ ਦੇ ਗਾਜ਼ਾ 'ਚ ਪਝੰਤਰ ਪ੍ਰਤੀਸ਼ਤ ਲੋਕਾਂ ਦੀ ਤਬਾਹੀ, ਘਰਾਂ ਦੀ ਬਰਬਾਦੀ, ਰਾਸ਼ਨ ਦੀ ਭਾਰੀ ਕਿੱਲਤ, ਇਲਾਜ ਪਖੋਂ ਮਰ ਤੇ ਸਹਿਕ ਰਹੇ ਲੋਕ, ਵੀਹ ਹਜ਼ਾਰ ਤੋਂ ਉਪਰ ਲੋਕਾਂ ਸਮੇਤ ਅੱਠ ਹਜ਼ਾਰਾਂ ਮਾਸੂਮਾਂ ਦਾ ਕਤਲ ਸੰਸਾਰ ਦਾ ਅੱਜ ਦੇ ਸਮੇਂ ਦਾ ਸਭ ਤੋਂ ਵੱਡਾ ਦਿਲਕੰਬਾਊ ਦੁਖਾਂਤ ਹੈ। ਸੋਸ਼ਲ ਮੀਡੀਆ 'ਤੇ ਮਲਬੇ ਦੇ ਢੇਰਾਂ 'ਚੋਂ ਕੱਢੇ ਜਾ ਰਹੇ ਰੋਂਦੇ ਵਿਲਕਦੇ ਬੱਚਿਆਂ ਦੀਆਂ ਲਾਸ਼ਾਂ ਤੇ ਚੀਕਾਂ, ਵਗਦੇ ਲਹੂ ਦੀਆਂ ਧਰਾਲਾਂ ਦੀਆਂ ਤਸਵੀਰਾਂ ਹਰ ਜ਼ਮੀਰ ਪਸੰਦ ਦਾ ਦਿਲ ਵਲੂੰਧਰਨ ਲਈ ਕਾਫੀ ਹਨ। ਉਨ੍ਹਾਂ ਕਿਹਾ ਕਿ ਖੁਲੀ ਜੇਲ 'ਚ ਪਲ-ਪਲ ਸਹਿਕ ਰਹੇ ਫਲਿਸਤੀਨੀ ਲੋਕਾਂ 'ਤੇ ਠੋਸੀ ਨਿਹੱਕੀ ਜੰਗ ਤੁਰੰਤ ਬੰਦ ਕੀਤੀ ਜਾਵੇ। ਯੂਐੱਨਓ ਅਤੇ ਸੰਸਾਰ ਭਰ ਦੇ ਜ਼ਬਰਦਸਤ ਵਿਰੋਧ ਨੂੰ ਪੈਰਾਂ ਹੇਠ ਰੋਲ ਰਹੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਜਾਵੇ। ਉਨ੍ਹਾਂ ਸਮੂਹ ਲੋਕਾਂ ਨੂੰ ਇਜ਼ਰਾਈਲੀ ਵਸਤਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਸਮੂਹ ਆਗੂਆਂ ਨੇ ਮੋਦੀ ਦੀ ਫਾਸ਼ੀ ਹਕੂਮਤ ਵੱਲੋਂ ਅਮਰੀਕਾ ਨਾਲ ਇਲਹਾਕ ਦੇ ਚਲਦਿਆਂ ਇਜ਼ਰਾਈਲ ਦੇ ਹੱਕ 'ਚ ਖੜ੍ਹਨ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਉਨ੍ਹਾਂ ਸੰਸਾਰ ਭਰ ਦੇ ਇਨਸਾਫਪਸੰਦ ਲੋਕਾਂ ਨੂੰ ਜੰਗਬੰਦੀ ਦੀ ਮੰਗ ਅਤੇ ਫਲਿਸਤੀਨ ਲੋਕਾਂ ਦੇ ਹੱਕ 'ਚ ਆਵਾਜ਼ ਹੋਰ ਤੇਜ਼ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ। ਇਜ਼ਰਾਈਲ ਦੇ ਵਿਰੋਧ ਦੀ ਹਰ ਆਵਾਜ਼ ਨੂੰ ਕੁਚਲਣ ਲਈ ਪਰਚੇ ਦਰਜ ਕਰਨ, ਸੋਸ਼ਲ ਮੀਡੀਆ ਤੋਂ ਹਟਾਉਣ ਦੀ ਵੀ ਇਨ੍ਹਾਂ ਆਗੂਆਂ ਨੇ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਬੰਧਤ ਧਿਰਾਂ 25 ਦਸੰਬਰ ਨੂੰ ਸਾਰੇ ਜ਼ਿਲਿਆਂ 'ਚ ਮੀਟਿੰਗਾਂ ਕਰਕੇ ਜ਼ਿਲਾ ਅਤੇ ਤਹਿਸੀਲ ਪੱਧਰਾਂ ਤੇ ਇਹ ਰੋਸ ਮਾਰਚ ਵਿਉਂਤ ਕੇ ਤਿਆਰੀ ਕਰਨਗੀਆਂ। ਉਨ੍ਹਾਂ ਸਭਨਾਂ ਜਮਹੂਰੀ ਸ਼ਕਤੀਆਂ/ਜਥੇਬੰਦੀਆਂ ਨੂੰ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ। ਪ੍ਰਦਰਸ਼ਨਾਂ ਦੀ ਤਿਆਰੀ ਲਈ ਜ਼ਿਲਾ ਅਤੇ ਤਹਿਸੀਲ ਪੱਧਰ 'ਤੇ 25 ਦਸੰਬਰ ਨੂੰ ਸਾਂਝੀਆਂ ਮੀਟਿੰਗਾਂ ਸੱਦਣ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ। ਅੰਮ੍ਰਿਤਸਰ, ਪਟਿਆਲਾ, ਫਰੀਦਕੋਟ, ਫਿਰੋਜ਼ਪੁਰ ਦੀ ਮੀਟਿੰਗ ਸੀਪੀਆਈ ਗੁਰਦਾਸਪੁਰ, ਮਾਨਸਾ ਦੀ ਸੀਪੀਆਈ ਐੱਮਐੱਲ ਲਿਬਰੇਸ਼ਨ

ਤਰਨਤਾਰਨ, ਜਲੰਧਰ, ਮੁਹਾਲੀ, ਹੁਸ਼ਿਆਰਪੁਰ, ਰੋਪੜ, ਫਤਿਹਗੜ੍ਹ ਸਾਹਿਬ ਦੀ ਆਰਐੱਮਪੀਆਈ ਮੋਗਾ, ਮੁਕਤਸਰ, ਫਰੀਦਕੋਟ, ਨਵਾਂਸ਼ਹਿਰ, ਕਪੂਰਥਲਾ, ਫਾਜ਼ਿਲਕਾ ਦੀ ਸੀਪੀਆਈ ਐੱਮਐੱਲ ਐਨ ਡੀ ਸੰਗਰੂਰ, ਮਲੇਰਕੋਟਲਾ ਦੀ ਐੱਮਸੀਪੀਆਈਯੂ ਬਰਨਾਲਾ, ਲੁਧਿਆਣਾ ਦੀ ਇਨਕਲਾਬੀ ਕੇਂਦਰ ਪੰਜਾਬ ਕਰਵਾਏਗੀ।

# ਗਰੀਬਾਂ ਨੂੰ ਕਰਜ਼ੇ ਦੇ ਜਾਲ 'ਚ ਫਸਾਉਣ ਵਾਲੀਆਂ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਵਿਰੋਧ 'ਚ ਵਿਸ਼ਾਲ ਰੈਲੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ ਵਿਖੇ ਮਾਈਕਰੋ ਫਾਈਨਾਂਸ ਕੰਪਨੀਆਂ ਵੱਲੋਂ ਗਰੀਬ/ਦਲਿਤ ਪਰਿਵਾਰਾਂ ਨੂੰ ਮਾਰੂ ਕਰਜ਼ਿਆਂ ਦੇ ਜਾਲ ਵਿੱਚ ਫਸਾਉਣ ਦੇ ਵਿਰੋਧ ਵਿੱਚ ਬਹੁਤ ਵਿਸ਼ਾਲ ਰੈਲੀ ਕੀਤੀ ਗਈ। ਰੈਲੀ ਨੂੰ ਮਜ਼ਦੂਰਾਂ ਦੀ ਕੁੱਲ-ਹਿੰਦ ਜਥੇਬੰਦੀ ਏਟਕ ਦੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ, ਸੀਪੀਆਈ ਦੇ ਪੰਜਾਬ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ, ਕਾਮਰੇਡ, ਅਮਰਜੀਤ ਸਿੰਘ ਆਸਲ, ਲਖਬੀਰ ਸਿੰਘ ਨਿਜ਼ਾਮਪੁਰਾ, ਵਿਜੇ ਕਪੂਰ, ਦਸਵਿੰਦਰ ਕੌਰ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਦੱਸਿਆ ਕਿ ਕਿਵੇਂ ਮਾਈਕਰੋ ਫਾਇਨਾਂਸ ਕੰਪਨੀਆਂ ਗਰੀਬਾਂ ਅਤੇ ਦਲਿਤ ਪਰਿਵਾਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੀਆਂ ਹਨ। ਇਨ੍ਹਾਂ ਕੰਪਨੀਆਂ ਵੱਲੋਂ ਗਰੀਬ ਅਤੇ ਦਲਿਤ ਪਰਿਵਾਰਾਂ ਨੂੰ ਆਪਣੇ ਕਰਜ਼ੇ ਦੇ ਜਾਲ ਵਿੱਚ ਫਸਾ ਕੇ ਉਨ੍ਹਾਂ ਕੋਲੋਂ ਅਣਅਧਿਕਾਰਤ/ਗੈਰ-ਕਾਨੂੰਨੀ ਭਾਰੀ ਵਸੂਲੀਆਂ ਕੀਤੀਆਂ ਜਾ ਰਹੀਆਂ ਹਨ। ਕਰਜ਼ਾ ਦੇਣ ਸਮੇਂ ਹੀ ਕਰਜ਼ੇ ਦੀ ਰਕਮ ਦਾ ਕਾਫੀ ਹਿੱਸਾ ਵਿਚੋਲਿਆਂ ਨੂੰ ਦਿੱਤਾ ਜਾਂਦਾ ਹੈ। ਲੇਕਿਨ ਕਰਜ਼ੇ ਦਾ ਸਾਰਾ ਬੋਝ ਕਰਜ਼ਧਾਰੀ ਉਪਰ ਹੀ ਪਾਇਆ ਜਾਂਦਾ ਹੈ। ਹਫਤਾਵਾਰੀ ਕਿਸ਼ਤਾਂ ਰਾਹੀਂ ਵਿਆਜ ਦੀ ਰਕਮ ਅਤੇ



ਮੂਲ ਦਾ ਕੁੱਝ ਹਿੱਸਾ ਵਸੂਲਿਆ ਜਾਂਦਾ ਹੈ। ਸਾਰਾ ਹੀ ਕਾਰੋਬਾਰ/ਵਸੂਲੀ ਨਗਦੀ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਕਿਤੇ ਵੀ ਉਸਦਾ ਰਿਕਾਰਡ ਨਹੀਂ ਰਹਿਣ ਦਿੱਤਾ ਜਾਂਦਾ। ਕਰਜ਼ਦਾਰ ਨੂੰ ਇਹ ਦੱਸਿਆ ਹੀ ਨਹੀਂ ਜਾਂਦਾ ਕਿ ਵਿਆਜ ਦੀ ਦਰ ਕਿੰਨੇ ਪ੍ਰਤੀਸ਼ਤ ਹੈ। ਵਸੂਲ ਕੀਤੀ ਰਕਮ ਦਾ ਕੋਈ ਵੀ ਹਿਸਾਬ ਨਹੀਂ ਦਿੱਤਾ ਜਾਂਦਾ। ਇੱਕ ਇੱਕ ਵਿਅਕਤੀ ਨੂੰ 20,000 ਰੁਪਏ ਤੋਂ ਲੈ ਕੇ ਇੱਕ ਲੱਖ ਰੁਪਏ ਤੱਕ ਦੇ 4-4, 5-5 ਅਤੇ 6-6 ਕਰਜ਼ੇ ਦਿੱਤੇ ਜਾਂਦੇ ਹਨ। ਗਰੀਬ ਲੋਕ ਵਿਆਜ ਦੇ ਪੈਸੇ ਦੇਣ ਲਈ ਵੀ ਮੁੜ ਕਰਜ਼ੇ ਲੈ ਰਹੇ ਹਨ। ਕਰਜ਼ਾਧਾਰੀਆਂ ਨੂੰ ਘਰਾਂ ਦੇ ਖਰਚੇ ਚਲਾਉਣੇ ਮੁਸ਼ਕਲ ਹੋ ਰਹੇ ਹਨ। ਇਹ ਕਾਰੋਬਾਰ ਮੁੱਖ ਤੌਰ ਤੇ ਗਰੀਬ/ਦਲਿਤ ਆਬਾਦੀਆਂ ਵਿੱਚ ਹੀ ਚੱਲ ਰਿਹਾ ਹੈ। ਰੈਲੀ ਤੋਂ ਬਾਅਦ 9500 ਤੋਂ ਵਧੇਰੇ ਕਰਜ਼ਾਧਾਰੀਆਂ ਦੇ ਦਸਤਖਤਾਂ ਵਾਲੀਆਂ ਦਰਖਾਸਤਾਂ ਦਾ ਵੱਡਾ ਬੰਡਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਦਿੱਤਾ ਗਿਆ, ਜੋ ਮੁੱਖ ਮੰਤਰੀ ਪੰਜਾਬ ਦੇ ਨਾਮ ਦਰਖਾਸਤਨਾਮਾ ਹੈ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਗਰੀਬ ਤੇ ਦਲਿਤ ਕਰਜ਼ਾਧਾਰੀਆਂ ਦਾ ਇਹ ਸਾਰਾ ਕਰਜ਼ਾ ਮਾਫ ਕੀਤਾ ਜਾਵੇ। ਇੱਕ ਵੱਖਰਾ ਮੰਗ ਪੱਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਦਿੱਤਾ ਗਿਆ, ਜਿਸ ਵਿੱਚ ਮੰਗ ਕੀਤੀ ਕਿ ਕੀ ਉਕਤ ਕੰਪਨੀਆਂ ਆਰਬੀਆਈ. ਵੱਲੋਂ ਮਾਨਤਾ ਪ੍ਰਾਪਤ ਹਨ? ਉਕਤ ਕੰਪਨੀਆਂ ਦੇ ਵਿਆਜ ਦੀ ਦਰ ਚੈੱਕ ਕੀਤੀ ਜਾਵੇ। ਕਰਜ਼ੇ ਦੀਆਂ ਕਿਸ਼ਤਾਂ ਦੀ ਉਗਰਾਹੀ ਲਈ ਕੰਪਨੀਆਂ ਦੇ ਕਰਿੰਦਿਆਂ ਦੇ ਰੂਪ ਵਿੱਚ ਗੁੰਡਿਆਂ ਨੂੰ ਕਰਜ਼ਧਾਰੀਆਂ ਦੇ ਘਰਾਂ ਵਿੱਚ ਜਾਣ ਦੀ ਪੂਰਨ ਮਨਾਹੀ ਕੀਤੀ ਜਾਵੇ। ਉਕਤ ਕੰਪਨੀਆਂ ਦੇ ਕੋਲ ਫੰਡਾਂ ਦਾ ਕੀ ਸਰੋਤ ਹੈ? ਇਸ ਦੀ ਵੀ ਪੜਤਾਲ ਕਰਵਾਈ ਜਾਵੇ। ਰੈਲੀ ਸਮੇਂ ਹੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਮੰਗ ਪੱਤਰ ਦਿੱਤਾ ਗਿਆ। ਉਨ੍ਹਾਂ ਨੇ ਮੰਗ ਪੱਤਰ 'ਤੇ ਗੌਰ ਕਰਨ ਦਾ ਯਕੀਨ ਦਿਵਾਇਆ ਅਤੇ ਕਿਹਾ ਕਿ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਨਾਵਾਂ ਦੀ ਲਿਸਟ ਦਿੱਤੀ ਜਾਵੇ। ਰੈਲੀ ਵਿੱਚ ਐਲਾਨ ਕੀਤਾ ਗਿਆ ਕਿ ਅਗਲੀ ਰੈਲੀ 31 ਜਨਵਰੀ 2024 ਨੂੰ ਇਸੇ ਹੀ ਥਾਂ ਉਪਰ ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ ਵਿਖੇ ਕੀਤੀ ਜਾਵੇਗੀ ਅਤੇ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਉਪਰ ਸਤਦੇਵ ਸੈਣੀ ਸਕੱਤਰ ਪਠਾਨਕੋਟ ਸੀਪੀਆਈ., ਗੁਰਦੀਪ ਸਿੰਘ ਗਿੱਲਵਾਲੀ, ਕੁਲਵੰਤ ਰਾਏ ਬਾਵਾ, ਬਲਦੇਵ ਸਿੰਘ ਵੇਰਕਾ, ਹਰੀਸ਼ ਕੈਲੇ, ਪ੍ਰੇਮ ਸਿੰਘ, ਮਨੋਹਰ ਲਾਲ, ਸ਼ਮਸ਼ੇਰ ਨਾਥ, ਰਾਕੇਸ਼ ਹਾਂਡਾ, ਜਸਬੀਰ ਸਿੰਘ, ਜੈਮਲ ਸਿੰਘ ਆਦਿ ਹਾਜ਼ਰ ਸਨ।

# ਬਲੈਰੋ ਕੈਂਪਰ ਗੱਡੀ ਸਕੂਲ ਵੈਨ ਨਾਲ ਟਕਰਾਈ, 17 ਦੇ ਕਰੀਬ ਮਜ਼ਦੂਰ ਜ਼ਖ਼ਮੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸ਼ੁੱਕਰਵਾਰ ਸਵੇਰੇ ਸਮਾਂ ਕਰੀਬ 8:30 ਵਜੇ ਸੰਘਣੀ ਧੁੰਦ ਕਾਰਨ ਬਲੈਰੋ ਕੈਂਪਰ ਗੱਡੀ ਇੱਕ ਨਿੱਜੀ ਸਕੂਲ ਦੀ ਵੈਨ ਜੋ ਸੜਕ ਕਿਨਾਰੇ ਖੜ੍ਹੀ ਸੀ, ਵਿੱਚ ਜਾ ਵੱਜੀ ।ਪ੍ਰਾਪਤ ਜਾਣਕਾਰੀ ਅਨੁਸਾਰ ਐਕਸੀਡੈਂਟ ਦੌਰਾਨ ਬਲੈਰੋ ਕੈਂਪਰ ਗੱਡੀ ਵਿੱਚ ਸਵਾਰ 25 ਤੋਂ 30 ਮਜ਼ਦੂਰ ਸ਼ਾਮਲ ਸਨ ਅਤੇ 15 ਤੋਂ 17 ਦੇ ਕਰੀਬ (ਮਰਦ/ਔਰਤਾਂ) ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਰਾਹਗੀਰਾਂ ਵੱਲੋਂ ਖਾਲੜਾ ਪੁਲਸ ਦੀ ਮਦਦ ਨਾਲ ਸਿਵਲ ਹਸਪਤਾਲ ਸੁਰਸਿੰਘ ਵਿਖੇ ਦਾਖ਼ਲ ਕਰਵਾਇਆ ਗਿਆ ਹੈ ।ਕਥਿਤ ਤੌਰ ਤੇ ਬਲੈਰੋ ਕੈਂਪਰ ਗੱਡੀ ਦਾ ਡਰਾਈਵਰ ਬਿਨਾਂ ਡਰਾਈਵਿੰਗ ਲਾਇਸੈਂਸ ਤੋਂ ਗੱਡੀ ਚਲਾ ਰਿਹਾ ਸੀ। ਇਸ ਮੌਕੇ ਘਟਨਾ ਤੇ ਮੌਜੂਦ ਅਮਨਦੀਪ ਕੌਰ ਨਾਮਕ ਔਰਤ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਉਹ ਸਵੇਰੇ ਆਪਣੇ ਬੱਚੇ ਨੂੰ ਸਕੂਲ ਵੈਨ 'ਤੇ ਚੜ੍ਹਾਉਣ ਲਈ ਆਈ ਤਾਂ ਉਸ ਨੇ ਦੇਖਿਆ ਕਿ ਉਕਤ ਸਕੂਲ ਵੈਨ ਜਿਸ ਦਾ ਨੰਬਰ ਪੀਬੀ11ਬੀਜ਼ 8804 ਹੈ, ਸੜਕ ਕਿਨਾਰੇ ਖੜੀ ਸੀ ।ਅਮਨਦੀਪ ਕੌਰ ਨੇ ਦੱਸਿਆ ਕਿ ਅਚਾਨਕ ਬਲੈਰੋ ਕੈਂਪਰ ਗੱਡੀ ਨੰਬਰ ਪੀਬੀ09ਐੱਸ 9580 ਜਿਸ ਵਿੱਚ ਮਜ਼ਦੂਰ ਔਰਤਾਂ ਅਤੇ ਮਰਦ ਮੌਜੂਦ ਸਨ, ਸਕੂਲ ਵੈਨ ਦੇ ਪਿਛਲੇ ਪਾਸੇ ਆ ਵੱਜੀ,



ਜਿਸ ਦੌਰਾਨ ਬਲੈਰੋ ਕੈਂਪਰ ਗੱਡੀ ਵਿੱਚ ਸਵਾਰ ਵਿਅਕਤੀ ਅਤੇ ਔਰਤਾਂ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਰਾਹਗੀਰਾਂ ਦੀ ਮਦਦ ਨਾਲ ਸੁਰਸਿੰਘ ਦੇ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਉਧਰ ਐਕਸੀਡੈਂਟ ਵਿੱਚ ਜ਼ਖ਼ਮੀ ਹੋਏ ਸੁਰਜੀਤ ਕੌਰ, ਬਲਜਿੰਦਰ ਸਿੰਘ, ਸਰਦੂਲ ਸਿੰਘ, ਮਲਕੀਤ ਸਿੰਘ, ਮਨਜਿੰਦਰ ਕੌਰ, ਮਨਜੀਤ ਕੌਰ, ਗੁਰਬਾਜ਼ ਸਿੰਘ, ਗੁਰਮੀਤ ਕੌਰ, ਸਹਿਬ ਸਿੰਘ, ਮਨਪ੍ਰੀਤ ਕੌਰ, ਕਾਰਜ ਸਿੰਘ, ਜਸਵੰਤ ਕੌਰ, ਸੰਤੋਖ ਸਿੰਘ, ਸ਼ਰਨਜੀਤ ਕੌਰ ਅਤੇ ਕੁਲਵੰਤ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੇ ਪਿੰਡ ਦੋਦੇ ਸੋਢੀਆਂ ਤੋਂ ਮਟਰ ਤੋੜਨ ਲਈ ਪਿੰਡ ਪੱਖੋਕੇ ਵਿਖੇ ਜਾ ਰਹੇ ਸਨ ।ਉਨ੍ਹਾਂ ਦੱਸਿਆ ਕਿ ਜਦੋਂ ਉਹ ਵਕਤ ਕਰੀਬ 8:30 ਵਜੇ ਸਿੱਧਵਾਂ ਤੇ ਨਾਰਲੇ ਵਿਚਕਾਰ ਪੁੱਜੇ ਤਾਂ ਉਨ੍ਹਾਂ ਦੀ ਗੱਡੀ ਸੜਕ ਕਿਨਾਰੇ ਖੜ੍ਹੀ ਇੱਕ ਨਿੱਜੀ ਸਕੂਲ ਦੀ ਵੈਨ ਵਿੱਚ ਜਾ ਵੱਜੀ ।

ਇਸ ਮਾਮਲੇ ਸੰਬੰਧੀ ਜਦੋਂ ਥਾਣਾ ਖਾਲੜਾ ਦੇ ਐੱਸਐੱਚਓ ਬਲਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸਵੇਰੇ ਸਮਾਂ ਕਰੀਬ 8:30 ਵਜੇ ਬੱਚਿਆਂ ਨੂੰ ਚੜ੍ਹਾਉਣ ਲਈ ਸੜ੍ਹਕ ਕਿਨਾਰੇ ਖੜ੍ਹੀ ਸਕੂਲ ਵੈਨ ਦੇ ਪਿੱਛੇ ਬਲੈਰੋ ਕੈਂਪਰ ਗੱਡੀ ਵੱਜ ਗਈ, ਜਿਸ ਦੌਰਾਨ ਮਜ਼ਦੂਰ ਔਰਤਾਂ ਅਤੇ ਵਿਅਕਤੀ ਜ਼ਖ਼ਮੀ ਹੋ ਗਏ ।ਥਾਣਾ ਮੁਖੀ ਨੇ ਦੱਸਿਆ ਕਿ ਹਾਦਸੇ ਵਿੱਚ ਜ਼ਖ਼ਮੀ ਹੋਏ ਮਜ਼ਦੂਰ ਔਰਤਾਂ ਅਤੇ ਮਰਦਾਂ ਦੇ ਬਿਆਨ ਕਲਮਬੰਦ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਖਮੀ ਮਜ਼ਦੂਰ ਔਰਤਾਂ ਅਤੇ ਮਰਦਾਂ ਵੱਲੋਂ ਦਰਜ ਕਰਵਾਏ ਗਏ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਰਣਜੀਤ ਸਿੰਘ ਰਾਣਾ ਹਲਕਾ ਜੰਡਿਆਲਾ ਤੋਂ ਕੋਆਰਡੀਨੇਟਰ ਨਿਯੁਕਤ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਾਂਗਰਸ ਹਾਈਕਮਾਂਡ ਨੇ ਬੀਤੇ ਦਿਨ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦੇ ਕੋਆਰਡੀਨੇਟਰ ਨਿਯੁਕਤ ਕੀਤੇ ਹਨ



ਤਰਨਤਾਰਨ ਜ਼ਿਲੇ ਦੇ ਬਲਾਕ ਗੰਡੀਵਿੰਡ ਤੋਂ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੂੰ ਕਾਂਗਰਸ ਹਾਈਕਮਾਂਡ ਨੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਨਵ-ਨਿਯੁਕਤ ਕੋਆਰਡੀਨੇਟਰ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਆਖਿਆ ਕਿ ਕਾਂਗਰਸ ਹਾਈਕਮਾਂਡ ਨੇ ਜੋ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਸੌਂਪੀ ਹੈ ਉਹ ਉਸ ਨੂੰ ਇਮਾਨਦਾਰੀ ਨਾਲ ਨਿਭਾਉਣਗੇ ਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ।

# ਸੰਯੁਕਤ ਕਿਸਾਨ ਮੋਰਚੇ ਨੇ ਐੱਸ ਡੀ ਐੱਮ ਦਫ਼ਤਰ ਅੱਗੇ ਲਾਇਆ ਧਰਨਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਅੱਜ ਇੱਥੇ ਸੰਯੁਕਤ ਕਿਸਾਨ ਮੋਰਚੇ ਵਲੋਂ ਐੱਸਡੀਐੱਮ ਡੇਰਾ ਬਾਬਾ ਨਾਨਕ ਦੇ ਦਫ਼ਤਰ ਮੂਹਰੇ ਧਰਨਾ ਦਿੱਤਾ ।ਧਰਨੇ ਵਿੱਚ ਬੋਲਦਿਆਂ ਕਿਸਾਨ ਆਗੂ ਅਸ਼ਵਨੀ ਕੁਮਾਰ ਲੱਖਣ ਕਲਾਂ, ਰਾਜ ਗੁਰਵਿੰਦਰ ਸਿੰਘ ਲਾਡੀ ਘੁਮਾਣ, ਦਲਜੀਤ ਸਿੰਘ ਤਲਵੰਡੀ, ਦਿਲਬਾਗ ਸਿੰਘ ਡੋਗਰ, ਗੁਰਮੁਖ ਸਿੰਘ ਖਹਿਰਾ, ਹਰਪਾਲ ਸਿੰਘ ਰਾਮਦੀਵਾਲੀ ਅਤੇ ਮਜ਼ਦੂਰ ਆਗੂ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਐੱਸਡੀਐੱਮ ਡੇਰਾ ਬਾਬਾ ਨਾਨਕ ਦਾ ਜਨਤਕ ਵਿਵਹਾਰ ਇਕ ਪਬਲਿਕ ਸਰਵੈਂਟ ਦਾ ਰੋਲ ਨਿਭਾਉਣ ਦੀ ਬਜਾਏ ਜਨਤਾ ਨਾਲ ਘਟੀਆ ਵਿਵਹਾਰ ਕਰਨਾ ਬਹੁਤ ਹੀ ਨਿੰਦਣਯੋਗ ਹੈ ।ਆਗੂਆਂ ਕਿਹਾ ਕਿ ਖੰਨਾ ਚਮਾਰਾਂ ਅਤੇ ਰਾਮਦੀਵਾਲੀ ਦੇ



ਕਰੀਬ ਛੇ ਦਰਜਨ ਮੁਜ਼ਾਹਰੇ ਕਿਸਾਨ ਪਰਿਵਾਰ ਐੱਸਜੀਪੀਸੀ ਦੀ ਜ਼ਮੀਨ ਦੇ ਲੱਗਭਗ 7 ਦਹਾਕਿਆਂ ਤੋਂ ਬਤੌਰ ਮੁਜ਼ਾਹਰੇ ਖੇਤੀ ਕਰਦੇ ਆ ਰਹੇ ਹਨ । ਇਨ੍ਹਾਂ ਮੁਜਾਰੇ ਕਿਸਾਨਾਂ ਨੂੰ ਉਜਾੜਨ ਲਈ 2009 ਵਿੱਚ ਐੱਸਜੀਪੀਸੀ ਦੀ ਟਾਸਕ ਫੋਰਸ ਨੇ ਗੋਲੀ ਚਲਾ ਕੇ ਦੋ ਮੁਜਾਰੇ ਕਿਸਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ ਪਰ ਆਖਰ ਕਤਲਾਂ ਦੇ ਕੇਸ ਦੇ ਨਿਪਟਾਰੇ ਸਮੇਂ ਐੱਸਜੀਪੀਸੀ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਅਦਾਲਤੀ ਫੈਸਲਾ ਹੋਇਆ ਸੀ ਕਿ ਕਰੀਬ 56 ਮੁਜਾਰੇ ਕਿਸਾਨਾਂ ਤੋਂ ਐੱਸਜੀਪੀਸੀ 2500 ਰੁਪਏ ਪ੍ਰਤੀ ਏਕੜ ਸਾਲਾਨਾ ਠੇਕਾ ਲਿਆ ਕਰੇਗੀ।ਪਰ ਐੱਸਜੀਪੀਸੀ ਦੇ ਅਧਿਕਾਰੀਆਂ ਨੇ ਇਕ ਦੋ ਸਾਲ ਠੇਕੇ ਲੈਣ ਤੋਂ ਬਾਅਦ ਠੇਕੇ ਲੈਣ ਤੋਂ ਇਨਕਾਰ ਕਰ ਦਿੱਤਾ ਜਿਸ ਹਾਲਤ ਵਿੱਚ ਮੁਜਾਰੇ ਕਿਸਾਨਾਂ ਨੇ ਬੀਤੇ ਚਾਰ ਸਾਲਾਂ ਤੋਂ ਠੇਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਣ ਲਈ ਅਰਜ਼ੀਆਂ ਦੇ ਰੱਖੀਆਂ ਹਨ ਪਰ ਅਰਜ਼ੀਆਂ ਨੂੰ ਅਜੇ ਤੱਕ ਪਾਸ ਨਹੀਂ ਕੀਤਾ ਜਾ ਰਿਹਾ ।ਬੁਲਾਰਿਆਂ ਕਿਹਾ ਕਿ ਮੁਜਾਰਿਆਂ ਨੂੰ ਕਿਸੇ ਵੀ ਹਾਲਤ ਵਿੱਚ ਉਜੜਨ ਨਹੀਂ ਦਿੱਤਾ ਜਾਵੇਗਾ ।ਉਨ੍ਹਾਂ ਦੋਸ਼ ਲਾਇਆ ਕਿ ਤਹਿਸੀਲ ਪ੍ਰਸ਼ਾਸਨ ਐੱਸਜੀਪੀਸੀ ਅਤੇ ਸਿਆਸੀ ਦਬਾਅ ਹੇਠ ਕੇਸਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ ।ਆਗੂਆਂ ਕਿਹਾ ਕਿ ਜੇਕਰ ਫੌਰੀ ਠੇਕੇ ਦੀਆਂ ਅਰਜ਼ੀਆਂ ਦਾ ਨਿਪਟਾਰਾ ਨਾਂ ਕੀਤਾ ਗਿਆ ਅਤੇ ਐੱਸਡੀਐੱਮ ਦਾ ਮੁਜਾਰਿਆਂ ਪ੍ਰਤੀ ਸਲੂਕ ਨਾ ਬਦਲਿਆ ਤਾਂ ਸੰਯੁਕਤ ਕਿਸਾਨ ਮੋਰਚੇ ਵਲੋਂ ਰਾਤ ਦਿਨ ਦਾ ਮੋਰਚਾ ਸ਼ੁਰੂ ਕਰ ਦਿੱਤਾ ਜਾਵੇਗਾ ।ਧਰਨੇ ਵਿੱਚ 10 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਵਲੋਂ ਖੰਨਾ ਚਮਾਰਾਂ ਵਿਖੇ ਸ਼ਹੀਦਾਂ ਦਾ ਸ਼ਹੀਦੀ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ ਗਿਆ।ਇਸ ਸਮੇਂ ਸੁਖਦੇਵ ਸਿੰਘ ਭਾਗੋਕਾਵਾਂ, ਗੁਰਦੀਪ ਸਿੰਘ ਕਾਮਲਪੁਰਾ, ਬਚਨ ਸਿੰਘ ਭੋਬੋਈ, ਨਾਜ਼ਰ ਸਿੰਘ ਖਹਿਰਾ, ਲਖਵਿੰਦਰ ਸਿੰਘ ਬਿਸ਼ਨਕੋਟ, ਅਜੀਤ ਸਿੰਘ ਖਹਿਰਾ, ਸੁਚਾ ਸਿੰਘ ਡੇਰੀਵਾਲ ਕਿਰਨ ਅਤੇ ਸੁੱਚਾ ਸਿੰਘ ਸੇਕਬੀਰ ਹਾਜ਼ਰ ਸਨ ।

# ਵਿਦਿਆਰਥੀਆਂ ਨੂੰ ਸ਼ਹੀਦੀ ਹਫਤੇ ਦੇ ਪਵਿੱਤਰ ਇਤਿਹਾਸ ਤੋਂ ਜਾਣੂ ਕਰਵਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ



ਵਿਦਿਆਰਥੀਆਂ ਨੂੰ ਸਿੱਖਾਂ ਦੇ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ (ਸ਼ਹੀਦੀ ਹਫਤੇ) ਦੇ ਇਤਿਹਾਸ ਬਾਰੇ ਜਾਣੂ ਕਰਵਾਉਣ ਸੰਬੰਧੀ ਪ੍ਰੋਗਰਾਮ ਦਾ ਅਯੋਜਨ ਕੀਤਾ ਗਿਆ। ਇਸ ਦੌਰਾਨ ਸੱਤਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਆਪਣੇ ਭਾਸਣ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਦੀ ਦਰਦਨਾਕ ਗਾਥਾ ਨੂੰ ਬਿਆਨ ਕੀਤਾ। ਦੂਸਰੀ ਜਮਾਤ ਦੀ ਵਿਦਿਆਰਥਣ ਜੰਨਤ ਨੇ ਸਾਹਿਬਜ਼ਾਦਿਆਂ ਦੇ ਜੀਵਨ ਨੂੰ ਬਿਆਨ ਕਰਦੀ ਬਹੁਤ ਹੀ ਸੁੰਦਰ ਕਵਿਤਾ ਗਾ ਕੇ ਸਭ ਦਾ ਮਨ ਟੁੰਬਿਆ। ਸੱਤਵੀਂ ਜਮਾਤ ਦੀ ਵਿਦਿਆਰਥਣ ਜਸਨਦੀਪ ਕੌਰ ਦੁਆਰਾ 'ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ' ਸ਼ਬਦ ਗਾਇਨ ਕਰਕੇ ਪਰਿਵਾਰ ਵਿਛੋੜੇ ਦੇ ਦਰਦ ਨੂੰ ਬਿਆਨ ਕੀਤਾ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਵਿਦਿਆਰਥੀਆਂ ਨੂੰ ਪਰਿਵਾਰ ਵਿਛੋੜੇ ਦੇ ਇਤਿਹਾਸ ਤੋਂ ਜਾਣੂ ਕਰਾਇਆ ਗਿਆ। ਉਨ੍ਹਾਂ ਨੇ ਕਿਹਾ ਕਿ ਛੇ ਪੋਹ ਦੀ ਰਾਤ ਨੂੰ ਧਰਮ ਦੀ ਰੱਖਿਆ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਰਿਵਾਰ ਨੂੰ ਤਿਆਗ ਕੇ ਜੋ ਕੁਰਬਾਨੀ ਦਿੱਤੀ ਹੈ ਉਸ ਲਾਸਾਨੀ ਸ਼ਹਾਦਤ ਤੋਂ ਪ੍ਰੇਰਨਾ ਲੈਂਦੇ ਹੋਏ ਸਾਨੂੰ ਆਪਣੇ ਜੀਵਨ ਨੂੰ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੱਕ ਅਤੇ ਸੱਚ ਦੇ ਰਾਹ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਨਵੇਂ ਖੋਲ੍ਹੇ ਆਮ ਆਦਮੀ ਕਲੀਨਿਕਾਂ ਲਈ ਜਲਦ ਕੀਤੀ ਜਾਵੇਗੀ ਭਰਤੀ: ਡਾ. ਰੋਮੀ ਰਾਜਾ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਨੈਸ਼ਨਲ ਪ੍ਰੋਗਰਾਮ ਰੀਵਿਊ ਕਰਨ ਲਈ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ



ਤਹਿਤ ਬਲਾਕ ਐਕਸਟੇਂਸ਼ਨ ਐਜੂਕੇਟਰਾਂ ਦੀ ਮੀਟਿੰਗ ਹੋਈ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ ਮਹਾਜਨ ਨੇ ਕਿਹਾ ਕਿ ਸਮੂਹ ਨੈਸ਼ਨਲ ਪੋਗਰਾਮਾਂ ਵਿਚ ਵਧੀਆ ਕਾਰਗੁਜ਼ਾਰੀ ਕੀਤੀ ਜਾਵੇ। ਇਸ ਸਮੇਂ ਵਿਕਸਿਤ ਭਾਰਤ ਸੰਕਲਪ ਯਾਤਰਾ ਅਤੇ ਆਯੁਸ਼ਮਾਨ ਭਾਰਤ ਮੁਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕੀਤਾ ਜਾਵੇ। ਇਸ ਯਾਤਰਾ ਦੇ ਪੜਾਅ ਦਾ ਯੋਗ ਪ੍ਰਬੰਧ ਕੀਤਾ ਜਾਵੇ। ਯੋਗ ਵਿਅਕਤੀਆਂ ਦੇ ਸਿਹਤ ਬੀਮਾ ਕਾਰਡ ਬਣਾਏ ਜਾਣ ਤਾਂ ਜੋ ਉਹ ਬਿਹਤਰ ਇਲਾਜ ਹਾਸਲ ਕਰ ਸਕਨ। ਉਨ੍ਹਾਂ ਕਿਹਾ ਕਿ ਆਭਾ ਆਈਡੀ ਹਰੇਕ ਵਿਅਕਤੀ ਦੀ ਬਣਾਈ ਜਾਵੇ, ਕਿਉਂਕਿ ਆਭਾ ਆਈਡੀ ਦੇ ਜ਼ਰੀਏ ਵਿਅਕਤੀ ਦਾ ਬੀਤੇ ਸਮੇਂ ਦਾ ਪੂਰਾ ਸਿਹਤ ਖਾਕਾ ਮਿੰਟਾਂ ਵਿਚ ਮਿਲ ਜਾਂਦਾ ਹੈ। ਸਮੂਹ ਮੁਲਾਜ਼ਮ ਦਿੱਤੇ ਟੀਚਿਆਂ ਨੂੰ ਸਮੇਂ ਸਿਰ ਪੂਰਾ ਕਰਨ। ਫੀਲਡ ਵਿਜ਼ਟ ਦੌਰਾਨ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ ਯੋਜਨਾਵਾਂ ਦਾ ਵਧ ਤੋ ਵਧ ਪ੍ਰਚਾਰ ਕੀਤਾ ਜਾਵੇ। ਵਿਭਾਗੀ ਜਾਣਕਾਰੀ ਲੋਕਾਂ ਤਕ ਪਹੁੰਚਣ ਨਾਲ ਉਹ ਵੱਧ ਲਾਭ ਲੈ ਸਕਨਗੇ। ਉਨ੍ਹਾਂ ਕਿਹਾ ਕਿ ਜਲਦ ਹੀ ਹੋਰ ਆਮ ਆਦਮੀ ਕਲੀਨਿਕ ਖੋਲੇ ਜਾ ਰਿਹੇ ਹਨ ਜਿਨ੍ਹਾਂ ਲਈ ਭਰਤੀ ਜਲਦ ਮੁਕੰਮਲ ਕਰ ਲਈ ਜਾਵੇਗੀ।

# ਸਿੰਥੈਟਿਕ/ਪਲਾਸਟਿਕ ਦੀ ਡੋਰ ਨੂੰ ਵੇਚਣ, ਸਟੋਰ ਕਰਨ ਤੇ ਇਸਦੀ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੁਭਾਸ਼ ਚੰਦਰ ਪੀਸੀਐੱਸ., ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਫ਼ੌਜਦਾਰੀ ਜ਼ਾਬਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ



ਜ਼ਿਲ੍ਹਾ ਗੁਰਦਾਸਪੁਰ ਵਿੱਚ ਪਤੰਗ/ਗੁੱਡੀਆਂ ਉਡਾਉਣ ਲਈ ਸਿੰਥੈਟਿਕ/ਪਲਾਸਟਿਕ ਦੀ ਡੋਰ ਨੂੰ ਵੇਚਣ, ਸਟੋਰ ਕਰਨ ਅਤੇ ਇਸਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੋਈ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਸੁਭਾਸ਼ ਚੰਦਰ ਨੇ ਕਿਹਾ ਕਿ ਸੰਥੈਟਿਕ/ਪਲਾਸਟਕ ਦੀ ਡੋਰ ਬਹੁਤ ਮਜ਼ਬੂਤ, ਨਾ ਗਲਣਯੋਗ ਅਤੇ ਨਾ ਹੀ ਟੁੱਟਣਯੋਗ ਹੈ। ਇਸ ਡੋਰ ਨਾਲ ਸਾਈਕਲ, ਸਕੂਟਰ ਅਤੇ ਮੋਟਰ ਸਾਈਕਲ, ਸਕੂਟਰ ਅਤੇ ਮੋਟਰਸਾਈਕਲ ਚਾਲਕਾਂ ਦੇ ਗਲੇ ਅਤੇ ਕੰਨ ਕੱਟੇ ਜਾਂਦੇ ਹਨ, ਉੱਡਦੇ ਪੰਛੀ ਫਸ ਜਾਣ 'ਤੇ ਉਨ੍ਹਾਂ ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਸ ਤਰ੍ਹਾਂ ਇਹ ਸੰਥੈਟਿਕ/ਪਲਾਸਟਿਕ ਡੋਰ ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਮਨੁੱਖੀ ਜਾਨਾਂ, ਰਾਹਗੀਰਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ, ਇਸ ਲਈ ਇਸ ਡੋਰ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਫ਼ੌਜਦਾਰੀ ਜ਼ਾਬਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਤੰਗ/ਗੁੱਡੀਆਂ ਉਡਾਉਣ ਲਈ ਸਿੰਥੈਟਿਕ/ਪਲਾਸਟਿਕ ਦੀ ਡੋਰ ਨੂੰ ਵੇਚਣ, ਸਟੋਰ ਕਰਨ ਅਤੇ ਇਸਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਉਨਾਂ ਕਿਹਾ ਕਿ ਪਾਬੰਦੀ ਦਾ ਇਹ ਹੁਕਮ ਜ਼ਿਲਾ ਗੁਰਦਾਸਪੁਰ ਵਿੱਚ ਮਿਤੀ 15 ਜਨਵਰੀ 2024 ਤੱਕ ਲਾਗੂ ਰਹੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੇ ਇਨ੍ਹਾਂ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕੀਤੀ ਤਾਂ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਆਈ ਟੀ ਸੀਨੀਅਰ ਸੈਕੰਡਰੀ ਸਕੂਲ ਭਗਵਾਨਪੁਰਾ ਵਿਖੇ ਸਹਿਜ ਪਾਠ ਕਰਵਾਇਆ

ਵਲਟੋਹਾ (ਰਣਜੀਤ ਸਿੰਘ)-ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀ (ਸਹਿਜ ਪਾਠ) ਦੇ ਭੋਗ ਉਪਰੰਤ ਗੁਰੂ ਚਰਨਾਂ ਵਿੱਚ ਸਰੱਬਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਕਵੀਸ਼ਰ ਗੁਰਿੰਦਰਪਾਲ ਸਿੰਘ ਬੈਂਕਾ, ਸ਼੍ਰਿਰੋਮਣੀ ਕਵੀਸ਼ਰ ਸਰਦਾਰ ਅਮਰਜੀਤ ਸਿੰਘ ਸਭਰਾ, ਡਾ: ਰਾਜਪਾਲ ਸਿੰਘ, ਬਾਬਾ ਗੁਰਬਚਨ ਸਿੰਘ ਕਲਸੀਆਂ ਕਲਾਂ ਅਤੇ ਸਰਦਾਰ ਦਿਲਬਾਗ ਸਿੰਘ ਬਲੇਹਰ ਨੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਅਤੇ ਮਾਣਮੱਤੇ ਇਤਿਹਾਸ ਬਾਬਤ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਇਸ ਮੌਕੇ ਬਾਬਾ ਮੌਜੀ ਦਾਸ, ਸਹਿਜ ਪਾਠ ਸੇਵਾ ਸੋਸਾਇਟੀ ਦੀ ਸਮੁੱਚੀ ਟੀਮ, ਡਾ: ਦਲਜੀਤ ਸਿੰਘ ਅਮਰਕੋਟ, ਗੁਰਦੇਵ ਸਿੰਘ ਅਮਰਕੋਟ, ਪਰਮਜੀਤ ਕੁਮਾਰ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਡੀਏਵੀ ਪਬਲਿਕ ਸਕੂਲ, ਭਿੱਖੀਵਿੰਡ (ਤਰਨ ਤਾਰਨ), ਪ੍ਰਧਾਨ ਬਿੱਲਾ ਚੋਪੜਾ, ਮੇਜਰ ਸਿੰਘ ਮਸਤਗੜ੍ਹ, ਪ੍ਰਿੰਸੀਪਲ ਮਹਿੰਦਰ ਸਿੰਘ ਭੁੱਸੇ, ਜਗਜੀਤ ਸਿੰਘ ਅਤੇ ਸਮੁੱਚਾ ਬਾਗਵਾਲੇ ਪਰਿਵਾਰ ਨੇ ਗੁਰੂ ਚਰਨਾਂ 'ਚ ਹਾਜ਼ਰੀ ਭਰੀ।



ਸੰਸਥਾ ਦੇ ਚੇਅਰਮੈਨ ਇੰਦਰਜੀਤ ਸਿੰਘ ਨੇ ਗੁਰੂ ਸਾਹਿਬ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਪ੍ਰਿੰਸੀਪਲ ਰਣਜੀਤ ਕੌਰ ਸੰਧੂ ਦੀ ਦੇਖ-ਰੇਖ ਹੇਠ ਸਮੂਹ ਸਕੂਲ/ਕਾਲਜ ਦੇ ਸਟਾਫ, ਵਿਦਿਆਰਥੀਆਂ ਅਤੇ ਡਰਾਈਵਰ ਵੀਰਾਂ ਨੇ ਤਨੋਂ ਮਨੋਂ ਹੋ ਕੇ ਗੁਰੂ ਦੇ ਲੰਗਰ ਦੀ ਸੇਵਾ ਨਿਭਾਈ।

# ਸੁਰ ਸਾਗਰ ਸੰਗੀਤ ਸਦਨ ਦੇ ਸੰਚਾਲਕ ਰਾਮ ਸਿੰਘ ਜਵਾਲੀ ਦਾ ਵਿਸ਼ੇਸ਼ ਸਨਮਾਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਆਪਣੇ ਹੁਨਰ ਨੂੰ ਲੋਕਾਂ ਸਾਹਮਣੇ ਪੇਸ਼ ਕਰਕੇ ਵਾਹ-ਵਾਹ ਖੱਟਣੀ ਕੁੱਝ ਕੁ ਮਿਹਨਤੀ ਪੰਜਾਬੀਆਂ ਦੇ ਹਿੱਸੇ ਆਈ ਹੈ। ਇਨ੍ਹਾਂ ਵਿੱਚੋਂ ਇੱਕ ਹੈ ਰਾਮ ਸਿੰਘ ਜਵਾਲੀ ਜੋ ਕਿ ਬਚਪਨ ਤੋਂ ਹੀ ਗੀਤ ਸੰਗੀਤ ਦਾ ਪ੍ਰੇਮੀ ਹੈ ਜੋ ਪੰਜਾਬ ਦੀ ਸ਼ਾਨ ਵਧਾਉਂਦਾ ਆ ਰਿਹਾ ਹੈ। ਰਾਮ ਸਿੰਘ ਵੈਸਟ ਯੂਥ ਐਵਾਰਡ ਅਤੇ ਨੈਸ਼ਨਲ ਵਲੰਟੀਅਰ ਯੂਥ ਐਵਾਰਡ ਨਾਲ ਭਾਰਤ ਸਰਕਾਰ ਵੱਲੋਂ ਸਨਮਾਨਿਤ ਹੋ ਚੁੱਕਾ ਹੈ ਅਤੇ ਵੱਡੀਆਂ ਸਟੇਜਾਂ ਤੇ ਆਪਣੇ ਹੁਨਰ ਦੀ ਖੁਸ਼ਬੂ ਖਿਲਾਰ ਚੁੱਕਾ ਹੈ। ਅੱਜ ਵੀ ਇਹ ਡੀ ਡੀ ਪੰਜਾਬੀ ਚੈਨਲ ਤੇ ਚੱਲ ਰਹੇ ਪ੍ਰੋਗਰਾਮ ਗੀਤ ਧਮਾਲ ਵਿੱਚ ਚੰਗੀ ਗਾਇਕੀ ਪੇਸ਼ ਕਰਨ ਕਰਕੇ ਸੁਰਖੀਆਂ ਵਿੱਚ ਚੱਲ ਰਿਹਾ ਹੈ ਅਤੇ ਸਰੋਤਿਆਂ ਤੋਂ ਵਾਹ-ਵਾਹ ਖੱਟ ਰਿਹਾ ਹੈ। ਇੱਥੇ ਹੀ ਬੱਸ ਨਹੀਂ ਬਲਕਿ ਹਿਮਾਚਲ ਪ੍ਰਦੇਸ ਦੇ ਜ਼ਿਲ੍ਹਾ ਕਾਂਗੜਾ ਦੀ ਤਹਿਸੀਲ ਜਵਾਲੀ ਵਿਖੇ ਸੁਰ ਸਾਗਰ ਸੰਗੀਤ ਸਦਨ ਰਾਹੀਂ ਪੰਜਾਬੀ ਮਾਂ ਬੋਲੀ ਦਾ ਪ੍ਰਚਾਰ ਪ੍ਰਸਾਰ ਕਰ ਰਿਹਾ ਹੈ ਅਤੇ ਆਪਣੀ ਮਿੱਠੀ ਆਵਾਜ਼ ਰਾਹੀਂ ਹਿਮਾਚਲ ਪ੍ਰਦੇਸ ਦੇ ਲੋਕਾਂ ਦਾ



ਮਨ ਮੋਹ ਰਿਹਾ ਹੈ। ਵੱਡੇ ਵੱਡੇ ਅਫਸਰ, ਲੀਡਰ ਵੀ ਰਾਮ ਸਿੰਘ ਦੀ ਸ਼ਲਾਘਾ ਕਰਦੇ ਹਨ। ਹਿਮਾਚਲ ਪ੍ਰਦੇਸ ਦੇ ਖੇਡ ਵਿਭਾਗ ਦੇ ਅਫਸਰਾਂ ਨੇ ਪਿਛਲੇ ਦਿਨੀਂ 16-17 ਦਸੰਬਰ 2023 ਨੂੰ ਸੱਭਿਆਚਾਰਕ ਪ੍ਰੋਗਰਾਮ ਧਰਮਸ਼ਾਲਾ ਵਿਖੇ ਕਰਵਾਇਆ। ਇਸ ਪ੍ਰੋਗਰਾਮ ਵਿੱਚ ਗੀਤ ਸੰਗੀਤ, ਲੋਕ ਨਾਚ ਅਤੇ ਲੋਕ ਕਲਾਵਾਂ ਅਤੇ ਹੋਰ ਮੁਕਾਬਲੇ ਕਰਵਾਏ ਗਏ। ਪੰਜਾਬੀਆਂ ਲਈ ਜ਼ਿਆਦਾ ਮਾਣ ਵਾਲੀ ਗੱਲ ਇਹ ਰਹੀ ਕਿ ਹਿਮਾਚਲ ਪ੍ਰਦੇਸ ਦੇ ਖੇਡ ਵਿਭਾਗ ਨੇ ਰਾਮ ਸਿੰਘ ਦੇ ਹੁਨਰ ਦੀ ਕਦਰ ਕਰਦਿਆਂ ਇਨ੍ਹਾਂ ਨੂੰ ਪ੍ਰੋਗਰਾਮ ਵਿੱਚ ਜੱਜਮੈਂਟ ਕਰਨ ਦੀ ਪ੍ਰਮੁੱਖ ਜ਼ਿੰਮੇਵਾਰੀ ਦਿੱਤੀ। ਪੰਜਾਬੀ ਗਾਇਕੀ ਅਤੇ ਸੰਗੀਤ ਵਿੱਚ ਚੰਗੀਆਂ ਸੇਵਾਵਾਂ ਨਿਭਾ ਰਹੇ ਰਾਮ ਸਿੰਘ ਵਲੋਂ ਉੱਕਤ ਪ੍ਰੋਗਰਾਮ ਵਿੱਚ ਜੱਜਮੈਂਟ ਦੀ ਚੰਗੀ ਸੇਵਾ ਨਿਭਾਉਣ 'ਤੇ ਉਸ ਨੂੰ ਖੇਡ ਵਿਭਾਗ ਦੇ ਅਫਸਰਾਂ ਵਲੋਂ ਇੱਕ ਲੋਈ, ਯਾਦਗਾਰੀ ਚਿੰਨ੍ਹ ਅਤੇ ਹੋਰ ਕੀਮਤੀ ਵਸਤੂਆਂ ਦੇ ਕੇ ਸਨਮਾਨਿਤ ਕੀਤਾ। ਇਸ ਪ੍ਰਿੰਸੀਪਲ ਅਮਰਜੀਤ ਸਿੰਘ ਪਿੰਕੀ ਨੇ ਹਿਮਾਚਲ ਪ੍ਰਦੇਸ਼ ਦੇ ਸਮੂਹ ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਡ ਵਿਭਾਗ ਦੇ ਅਫਸਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਾਮ ਸਿੰਘ ਸ਼ੋਸ਼ਲ ਵਰਕਰ ਆਰਗੇਨਾਈਜੇਸ਼ਨ ਰਜਿ: ਪੰਜਾਬ ਦੇ ਜਨਰਲ ਸਕੱਤਰ ਵਜੋਂ ਲਗਭਗ 25 ਸਾਲਾਂ ਤੋਂ ਸੇਵਾਵਾਂ ਨਿਭਾ ਰਹੇ ਹਨ ਅਤੇ ਮਨੁੱਖਤਾ ਦੀ ਸੇਵਾ ਕਰਨਾ ਇਨ੍ਹਾਂ ਦਾ ਮੁੱਖ ਮਨੋਰਥ ਹੈ। ਭਾਰਤ ਦੇ ਹਰੇਕ ਧਰਮ ਦੇ ਲੋੜਵੰਦ ਲੋਕਾਂ ਦੀ ਸੇਵਾ ਕਰਨੀ ਇਹਨਾਂ ਦਾ ਵਡੱਪਣ ਹੈ ਅਤੇ ਉਨ੍ਹਾਂ ਨੇ ਸ਼ੋਸ਼ਲ ਵਰਕਰ ਆਰਗੇਨਾਈਜੇਸ਼ਨ ਰਜਿ: ਪੰਜਾਬ ਦੇ ਸਮੂਹ ਅਹੁਦੇਦਾਰਾਂ ਵਲੋਂ ਗੀਤ ਸੰਗੀਤ ਦੇ ਪ੍ਰੇਮੀ, ਪੰਜਾਬੀ ਸਾਹਿਤ ਵਿਦਵਾਨ, ਗੀਤਕਾਰ ਅਤੇ ਕਲਾਕਾਰ ਰਾਮ ਸਿੰਘ ਨੂੰ ਅਤੇ ਹਿਮਾਚਲ ਪ੍ਰਦੇਸ ਦੇ ਸਮੂਹ ਆਗੂਆਂ ਨੂੰ ਵਧਾਈ ਦਿੱਤੀ।

# ਸੀ ਪੀ ਆਈ ਦੇ ਆਗੂਆਂ ਵੱਲੋਂ ਮੀਟਿੰਗ ਆਯੋਜਿਤ



ਚੋਹਲਾ ਸਾਹਿਬ (ਰਮਨ ਚੱਢਾ)-ਜਾਣਕਾਰੀ ਦਿੰਦਿਆਂ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਸਰਬ ਭਾਰਤ ਨੌਜਵਾਨ ਜਤਿੰਦਰ ਢੋਟੀਆਂ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਬੂਟੇ ਸਿੰਘ ਢੋਟੀਆ ਨੇ ਕਿਹਾ ਕਿ ਮਹਾਨ ਦੇਸ਼ ਭਗਤ ਬਾਬਾ ਭਕਨਾ ਦਾ ਜਨਮ ਦਿਨ ਉਨ੍ਹਾਂ ਦੇ ਪਿੰਡ 4 ਜਨਵਰੀ ਨੂੰ ਮਨਾਇਆ ਜਾਵੇਗ ਜਿਸ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਇਸ ਕਾਨਫਰੰਸ ਨੂੰ ਸਫਲ ਬਣਾਉਣ ਲਈ ਚੋਹਲਾ ਦੇ ਪਿੰਡਾਂ ਵਿੱਚ ਮੀਟਿੰਗਾਂ ਲਗਾਤਰ ਜਾਰੀ ਹਨ। 4 ਜਨਵਰੀ ਨੂੰ ਪਾਰਟੀ ਦੇ ਕੇਂਦਰੀ ਤੇ ਸੂਬਾਈ ਆਗੂ ਸੰਬੋਧਨ ਕਰਨਗੇ। ਕੇਂਦਰ ਅਤੇ ਪੰਜਾਬ ਸਰਕਾਰ ਦੀ ਪੋਲ ਖੋਲ੍ਹਣਗੇ। ਇਸ ਮੌਕੇ ਸਾਥੀ ਗੁਰਜੰਟ ਸਿੰਘ, ਗੁਰਬਚਨ ਸ਼ਿੰਘ, ਇੰਦਰਜੀਤ ਸ਼ਿੰਘ ਢੋਟੀਆਂ ਅਤੇ ਹੋਰ ਸਾਥੀ ਹਾਜ਼ਰ ਸਨ।

# ਢੋਟੀਆਂ ਬੈਂਕ ਡਕੈਤੀ 'ਚ ਲੋੜੀਂਦਾ ਗੈਂਗਸਟਰ ਸਾਥੀ ਸਮੇਤ ਗ੍ਰਿਫ਼ਤਾਰ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਅਸ਼ਵਨੀ ਕਪੂਰ ਆਈਪੀਐੱਸ/ਐੱਸਐੱਸਪੀ ਤਰਨ ਤਾਰਨ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਅਤੇ ਗੈਂਗਸਟਰਾਂ ਨੂੰ ਨੱਥ ਪਾਉਣ ਲਈ ਚਲਾਈ ਗਈ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋ ਮਾਨਯੋਗ ਐੱਸਐੱਸਪੀ ਦੀਆਂ ਹਦਾਇਤਾਂ ਅਨੁਸਾਰ ਮਨਿੰਦਰ ਸਿੰਘ ਆਈਪੀਐੱਸ ਐੱਸਪੀ ਹੈਡਕੁਆਰਟਰ/ਐੱਸਪੀ (ਡੀ) ਤਰਨ ਤਾਰਨ ਦੀ ਨਿਗਰਾਨੀ ਹੇਠ ਅਰੁਣ ਸ਼ਰਮਾ ਡੀਐੱਸਪੀ (ਡੀ) ਤਰਨ ਤਾਰਨ ਦੀ ਜ਼ੇਰ ਸਰਕਰਦਗੀ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀਆਈਏ ਤਰਨ ਤਾਰਨ ਸਮੇਤ ਪੁਲਸ ਪਾਰਟੀ ਪਿੰਡ ਮੰਨਣ ਤੋਂ ਢੰਡ ਰੋਡ ਪੁਲ ਸੂਆ ਬਾਹੱਦ ਰਕਬਾ ਐਮਾਂ ਕਲਾਂ 'ਤੇ ਮੌਜੂਦ ਸਨ ਜਿਸ ਦੌਰਾਨ ਹਿਊਮਨ-ਇੰਟ ਅਤੇ ਕੇਂਦਰੀ ਏਜੰਸੀਆਂ ਦੀ ਮਦਦ ਨਾਲ ਇਹ ਸੂਚਨਾ ਮਿਲੀ ਕਿ ਨਾਮੀ ਗੈਂਗਸਟਰ ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਆਪਣੇ ਸਾਥੀ ਸਮੇਤ ਝਬਾਲ ਏਰੀਏ ਵਿੱਚ ਘੁੰਮ ਰਿਹਾ ਹੈ ਜਿਸ ਦੌਰਾਨ ਪੁਲਸ ਪਾਰਟੀ ਨੂੰ ਇੱਕ ਮੋਟਰਸਾਈਕਲ ਸਪਲੈਂਡਰ ਪਰ ਸਵਾਰ ਦੋ ਮੋਨੇ ਨੌਜਵਾਨ ਪਿੰਡ ਮੰਨਣ ਤੋਂ ਆਉਂਦੇ ਦਿਖਾਈ ਦਿੱਤੇ ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਰੁਕਣ ਦਾ ਇਸ਼ਾਰਾ ਕੀਤਾ ਗਿਆ ਪਰ ਉਨ੍ਹਾਂ ਮੋਟਰਸਾਈਕਲ ਲਿੰਕ ਰੋਡ ਪੁਲ ਸੂਆ ਬਾਬਾ ਬੁੱਢਾ ਸਾਹਿਬ ਵੱਲ



ਨੂੰ ਮੋੜ ਕੇ ਭਜਾ ਲਿਆ। ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦੇ ਹੋਏ ਪਿੱਛਾ ਕੀਤਾ ਜਿਸ ਦੌਰਾਨ ਮੋਟਰਸਾਈਕਲ ਸਵਾਰਾਂ ਨੇ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਪੁਲਸ ਨੇ ਜਵਾਬੀ ਕਾਰਵਾਈ ਕਰਦੇ ਹੋਏ ਅਤੇ ਪਬਲਿਕ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਫਾਇਰਿੰਗ ਕੀਤੀ ਜਿਸ ਕਾਰਨ ਮੋਟਰਸਾਈਕਲ ਡਿੱਗ ਪਿਆ ਅਤੇ ਦੋਵਾਂ ਨੌਜਵਾਨਾਂ ਨੂੰ ਕਾਬੂ ਕਰਕੇ ਨਾਮ ਪਤਾ ਪੁਛਿਆ ਤਾਂ ਉਨ੍ਹਾਂ ਆਪਣਾ ਨਾਮ ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਪੁੱਤਰ ਹੀਰਾ ਸਿੰਘ ਵਾਸੀ ਸੰਘੇ ਦੱਸਿਆ ਅਤੇ ਮੋਟਰਸਾਈਕਲ ਚਾਲਕ ਨੇ ਆਪਣਾ ਨਾਮ ਪਰਮਿੰਦਰਦੀਪ ਸਿੰਘ ਉਰਫ ਪ੍ਰਿੰਸ ਪੁੱਤਰ ਤਰਸੇਮ ਸਿੰਘ ਵਾਸੀ ਇੱਬਣ ਕਲ੍ਹਾਂ ਦੱਸਿਆ। ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਦੇ ਹੱਥ ਵਿੱਚ ਫੜੇ ਇੱਕ ਪਿਸਟਲ 30 ਬੋਰ ਨੂੰ ਕਬਜ਼ੇ ਵਿੱਚ ਲਿਆ ਗਿਆ ਅਤੇ ਮੁੱਕਦਮਾ ਜੁਰਮ 307,186,427,34 ਆਈਪੀਸੀ 25/54/59 ਅਸਲਾ ਐਕਟ ਥਾਣਾ ਝਬਾਲ ਦਰਜ ਰਜਿਸਟਰ ਕੀਤਾ ਗਿਆ। ਇਸ ਦੌਰਾਨ ਗੈਂਗਸਟਰ ਚਰਨਜੀਤ ਸਿੰਘ ਉਰਫ ਰਾਜੂ ਸੂਟਰ ਦੀ ਲੱਤ ਵਿੱਚ ਗੋਲੀ ਲੱਗਣ ਕਾਰਨ ਉਸਨੂੰ ਇਲਾਜ ਵਾਸਤੇ ਸਿਵਲ ਹਸਤਪਾਲ ਭੇਜ ਦਿੱਤਾ ਗਿਆ।

# ਭਾਜਪਾ ਆਗੂਆਂ/ਵਰਕਰਾਂ ਨੇ ਮਜੀਠਾ ਵਿਖੇ ਫੂਕਿਆ ਰਾਹੁਲ ਗਾਂਧੀ ਦਾ ਪੁਤਲਾ

ਮਜੀਠਾ (ਸੋਇਮ ਆਨੰਦ)-ਭਾਜਪਾ ਕੋਰ ਕਮੇਟੀ ਦੀ ਲੋਕ ਸਭਾਂ ਚੋਣਾ ਨੂੰ ਲੈ ਕੇ ਇੱਕ ਬੰਦ ਕਮਰਾ ਵਿਸ਼ੇਸ਼ ਮੀਟਿੰਗ ਮਜੀਠਾ ਪੈਲੇਸ ਵਿਖੇ ਭਾਜਪਾ ਹਲਕਾ ਮਜੀਠਾ ਦੇ ਇਚਾਰਜ ਪਰਦੀਪ ਸਿੰਘ ਭੱਲਰ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਆਰਐੱਸਐੱਸ ਦੇ ਅੰਬੂਲੀ ਨਿਵਾਸਲੂ ਸੰਗਠਨ ਮੰਤਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ



ਮੌਕੇ ਲੋਕ ਸਭਾ ਅੰਮ੍ਰਿਤਸਰ ਦੇ ਨੌਂ ਹਲਕਿਆ ਦੇ ਇੰਚਾਰਜ ਸ਼ਾਮਿਲ ਹੋਏ। ਮੀਟਿੰਗ ਉਪਰੰਤ ਰਾਹੁਲ ਗਾਧੀ ਦਾ ਪੁਤਲਾ ਫੂਕਿਆ ਗਿਆ। ਪੁਤਲਾ ਫੂਕਣ ਮੌਕੇ ਇਸ ਮੌਕੇ ਸੰਗਠਲ ਮੰਤਰੀ ਅੰਬੁਲੀ ਨਿਵਾਸਲੂ ਨੇ ਕਿਹਾ ਕਿ ਸੰਸਦ ਮੈਂਬਰ ਰਾਹੁਲ ਗਾਂਧੀ ਤੇ ਉਸ ਦੇ ਕਾਂਗਰਸੀ ਮੈਂਬਰਾਂ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀ ਨਕਲ ਕਰਨ ਅਤੇ ਉਸ ਦੀ ਰਿਕਾਰਡਿੰਗ ਕਰ ਕੇ ਵਾਇਰਲ ਕੀਤੀ ਹੈ ਜਿਸ ਕਾਰਨ ਭਾਜਪਾ ਆਗੂਆਂ ਅਤੇ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਮਨਜੀਤ ਸਿੰਘ ਮੰਨਾ ਦਿਹਾਤੀ ਪ੍ਰਧਾਨ ਅੰਮ੍ਰਿਤਸਰ, ਫਤਿਹਜੰਗ ਸਿੰਘ ਬਾਜਵਾ ਇੰਚਾਰਜ ਅੰਮ੍ਰਿਤਸਰ ਦਿਹਾਤੀ, ਹਲਕਾ ਮਜੀਠਾ ਦੇ ਇੰਚਾਰਜ ਪਰਦੀਪ ਸਿੰਘ ਭੁੱਲਰ, ਹਲਕਾ ਅਜਨਾਲਾ ਦੇ ਇੰਚਾਰਜ ਅਮਰਪਾਲ ਸਿੰਘ ਬੋਨੀ, ਰਕੇਸ਼ ਰਠੌਰ ਜਨਰਲ ਸਕੱਤਰ ਪੰਜਾਬ, ਹਰਦੀਪ ਸਿੰਘ ਗਿੱਲ ਜਨਰਲ ਸਕੱਤਰ ਪੰਜਾਬ ਤੇ ਇੰਚਾਰਜ ਜੰਡਿਆਲਾ ਗੁਰੂ, ਸੁਸ਼ੀਲ ਸ਼ਰਮਾ, ਰਜਿੰਦਰ ਮੋਹਨ ਸਿੰਘ ਛੀਨਾ, ਭਾਜਪਾ ਆਗੂ ਹਰਜਿੰਦਰ ਸਿੰਘ ਠੇਕੇਦਾਰ, ਗੁਰਪ੍ਰਤਾਪ ਸਿੰਘ ਟਿੱਕਾ, ਰਕੇਸ਼ ਕੁਮਾਰ ਪੱਪਾ ਜਨਰਲ ਸਕੱਤਰ, ਬਲਾਕ ਸਿਟੀ ਪਰਧਾਨ ਬਿੱਟੂ ਨੰਦਾ, ਗੁਲਸ਼ਨ ਚੌਹਾਨ, ਦਵਿੰਦਰ ਸਿੰਘ ਮਾਹਲਾ, ਅਸ਼ਵਨੀ ਕੁਮਾਰ ਤੇ ਬਹੁਤ ਸਾਰੇ ਪਤਵੰਤੇ ਹਾਜ਼ਰ ਸਨ।

# ਮੰਡੀ ਬੋਰਡ ਦੇ ਦਫ਼ਤਰ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਇਆ

ਗੁਰਦਾਸਪੁਰ (ਜਨਕ ਮਹਾਜਨ)-ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਪੰਜਾਬ ਮੰਡੀ ਬੋਰਡ ਦੇ ਐਕਸੀਅਨ ਬਲਦੇਵ ਸਿੰਘ ਬਾਜਵਾ ਦੀ ਅਗਵਾਈ ਹੇਠ ਸਮੂਹ ਸਟਾਫ਼ ਵੱਲੋ ਗੁਰਦਾਸਪੁਰ ਸਥਿਤ ਆਪਣੇ ਦਫ਼ਤਰ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਮੰਡੀ ਬੋਰਡ ਦੇ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਗਏ ਉਪਰੰਤ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜ਼ਦਾ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਲਾਸਾਨੀ ਸੀ ਜਿਸ ਦੀ ਇਤਿਹਾਸ ਵਿੱਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਮਜ਼ਲੂਮਾਂ ਅਤੇ ਧਰਮ ਦੀ ਰੱਖਿਆ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਸੱਚ ਦੇ ਮਾਰਗ 'ਤੇ ਚੱਲਣ ਦਾ ਰਸਤਾ ਦਿਖਾਇਆ ਹੈ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਹਮੇਸ਼ਾ ਮਾਨਵਤਾ ਦੀ ਰਹਿਬਰੀ ਕਰਦੀਆਂ ਰਹਿਣਗੀਆਂ।

ਇਸ ਦੌਰਾਨ ਐਕਸੀਅਨ ਬਲਦੇਵ ਸਿੰਘ ਬਾਜਵਾ ਨੇ ਸ਼ਹੀਦੀ ਹਫ਼ਤੇ ਦੇ ਸਾਰੇ ਸ਼ਹੀਦਾਂ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਸਿੱਖ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਉਨ੍ਹਾਂ ਕਿਹਾ ਕਿ ਸਰਹੰਦ ਦੇ ਸ਼ਹੀਦੀ ਸਾਕੇ ਦੌਰਾਨ ਛੋਟੇ ਸਾਹਿਬਜ਼ਾਦਿਆਂ ਦਾ ਜ਼ਿੰਦਾ ਨੀਂਹਾਂ ਵਿੱਚ ਚਿਣੇ ਜਾਣਾ ਮੁਗ਼ਲ ਹਕੂਮਤ ਦੇ ਜ਼ੁਲਮ ਦੀ ਇੰਤਹਾ ਸੀ। ਉਨ੍ਹਾਂ ਕਿਹਾ



ਕਿ ਸਾਹਿਬਜ਼ਾਦੇ ਭਾਂਵੇਂ ਉਮਰ ਵਿੱਚ ਬਹੁਤ ਛੋਟੇ ਸਨ ਪਰ ਉਨ੍ਹਾਂ ਨੇ ਆਪਣਾ ਧਰਮ ਨਹੀਂ ਹਾਰਿਆ ਅਤੇ ਛੋਟੀ ਉਮਰੇ ਵੱਡਾ ਇਤਿਹਾਸ ਸਿਰਜ ਗਏ।

ਉਨ੍ਹਾਂ ਕਿਹਾ ਕਿ ਮੰਡੀ ਬੋਰਡ ਦੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸਿਜਦਾ ਕਰਨ ਦਾ ਇਹ ਇੱਕ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ।

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਐਸ. ਈ. ਅੰਮ੍ਰਿਤਸਰ ਰਵਿੰਦਰ ਮਹਾਜਨ, ਗੌਰਵ ਭੱਟੀ, ਸੇਵਾ ਮੁਕਤ ਐਕਸੀਅਨ ਤਰਸੇਮ ਰਾਜ, ਸੇਵਾ ਮੁਕਤ ਐਕਸੀਅਨ ਰਵਿੰਦਰ ਮਹਾਜਨ, ਐੱਸਡੀਓ ਅਸ਼ੋਕ, ਐਸਡੀਓ. ਰੋਹਿਨ, ਐਸਡੀਓ ਗੁਰਸਿਮਰਨ, ਹਰਸਿਮਰਨ ਸਿੰਘ ਰਿਆੜ, ਨਰੇਸ਼ ਤ੍ਰਿਪਾਠੀ, ਅਮਨ, ਰਾਣਾ ਬੋਪਾਰਾਏ, ਅਮਰਬੀਰ, ਬਲਵਿੰਦਰ ਸਿੰਘ, ਰਜਿੰਦਰ ਸੋਢੀ, ਹਰਜਿੰਦਰ ਸਿੰਘ, ਹਰਪ੍ਰੀਤ ਸਿੰਘ ਬਾਜਵਾ, ਸਰਬਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਦਫ਼ਤਰ ਦਾ ਸਟਾਫ ਅਤੇ ਸੰਗਤ ਹਾਜ਼ਰ ਸਨ।

# ਖੱਬੀਆਂ ਪਾਰਟੀਆਂ ਦੇ ਵਰਕਰਾਂ ਵੱਲੋਂ ਪੁਤਲਾ ਫੂਕ ਪ੍ਰਦਰਸ਼ਨ

ਤਰਨ ਤਾਰਨ (ਨਜ਼ਸ)-ਸੰਸਦ ਦੀ ਸੁਰੱਖਿਆ ਵਿੱਚ ਸੰਨ੍ਹ ਲੱਗ ਜਾਣ ਦੇ ਮੁੱਦੇ ਨੂੰ ਲੈ ਕੇ ਆਪੋਜ਼ੀਸ਼ਨ ਪਾਰਟੀਆਂ ਵੱਲੋ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਿਆਨ ਦੀ ਮੰਗ ਕਰ ਰਹੇ ਸੰਸਦ ਮੈਂਬਰਾਂ ਨੂੰ ਸਪੀਕਰ ਵੱਲੋ ਸਰਦ ਰੁੱਤ ਦੇ ਰਹਿੰਦੇ ਅਜਲਾਸ ਤੱਕ ਮੁਅੱਤਲ ਕਰਨ ਦੇ ਖਿਲਾਫ



ਅੱਜ ਖੱਬੀਆਂ ਪਾਰਟੀਆਂ ਦੇ ਵਰਕਰਾਂ ਨੇ ਸਥਾਨਿਕ ਚਾਰ ਖੰਬਾ ਚੌਕ ਵਿੱਚ ਦੇਸ਼ ਵਿਆਪੀ ਸੱਦੇ ਤੇ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਆਰਐੱਮਪੀਆਈ ਦੇ ਜ਼ਿਲਾ ਪ੍ਰਧਾਨ ਚਮਨ ਲਾਲ ਦਰਾਜਕੇ, ਸਕੱਤਰ ਮੁਖਤਾਰ ਸਿੰਘ ਮੱਲ੍ਹਾ, ਸੀਪੀਆਈ ਦੇ ਜ਼ਿਲਾ ਸਕੱਤਰ ਦਵਿੰਦਰ ਸੋਹਲ, ਤਾਰਾ ਸਿੰਘ ਖਹਿਰਾ, ਸੀਪੀਐੱਮ ਦੇ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ, ਸੁਖਦੇਵ ਸਿੰਘ ਗੋਹਲਵੜ,ਕਿਰਤੀ ਕਿਸਾਨ ਯੂਨੀਅਨ ਦੇ ਕਰਮਜੀਤ ਸਿੰਘ ਕਲੇਰ ਨੇ ਕੇਂਦਰ ਦੀ ਮੋਦੀ ਹਕੂਮਤ ਦੇ ਹਿਟਲਰਸ਼ਾਹੀ ਰਵੱਈਏ ਦੀ ਤਿੱਖੀ ਨੁਕਤਾਚੀਨੀ ਕੀਤੀ। ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਲੋਕਤੰਤਰ ਦਾ ਕਤਲ ਕਰ ਰਹੀ ਹੈ ਕਿਉਂਕਿ ਲੋਕਤੰਤਰ ਦੇ ਸਭ ਤੋਂ ਵੱਡੇ ਅਦਾਰੇ ਲੋਕ ਸਭਾ ਅਤੇ ਰਾਜ ਸਭਾ ਵਿੱਚੋ ਸਮੁੱਚੀ ਵਿਰੋਧੀ ਧਿਰ ਦੇ ਸੈਂਕੜੇ ਚੁਣੇ ਹੋਏ ਲੋਕਾਂ ਦੇ ਪ੍ਰਤੀਨਿਧ ਪਾਰਲੀਮੈਂਟ ਮੈਂਬਰਾਂ ਨੂੰ ਮੁਅੱਤਲ ਕਰਕੇ ਦੇਸ਼ ਦੇ ਕਰੋੜਾਂ ਲੋਕਾਂ ਦੀ ਆਵਾਜ਼ ਨੂੰ ਖਾਮੋਸ਼ ਕਰਕੇ ਸੰਸਦ ਨੂੰ ਆਪੋਜ਼ੀਸ਼ਨ ਮੁਕਤ ਕਰਨ ਉਪਰੰਤ ਮੋਦੀ ਹਕੂਮਤ ਵੱਲੋ ਲੋਕ ਵਿਰੋਧੀ ਬਿਲ ਧੱਕੇ ਨਾਲ ਪਾਸ ਕੀਤੇ ਜਾ ਰਹੇ ਹਨ ਜੋ ਦੇਸ਼ ਦੇ ਲੋਕਾਂ ਨਾਲ ਧੋਖਾ ਹੈ ਜਿਸ ਦੇ ਖਿਲਾਫ ਖੱਬੀਆਂ ਪਾਰਟੀਆਂ ਆਪਣੀ ਆਵਾਜ਼ ਬੁਲੰਦ ਕਰਦੀਆਂ ਰਹਿਣਗੀਆਂ। ਇਸ ਮੌਕੇ ਹਰਪ੍ਰੀਤ ਕੌਰ, ਡਾਕਟਰ ਅਜਮੇਰ ਸਿੰਘ, ਮਾਸਟਰ ਦਲਜੀਤ ਸਿੰਘ ਦਿਆਲਪੁਰਾ, ਮਨਜੀਤ ਸਿੰਘ ਬੱਗੂ, ਗੁਰਪ੍ਰੀਤ ਸਿੰਘ ਗੰਡੀਵਿੰਡ, ਮਾਸਟਰ ਕਰਮ ਸਿੰਘ ਵੀ ਹਾਜ਼ਰ ਰਹੇ।

## ਜਨਮ ਦਿਨ ਮੁਬਾਰਕ



ਕਾਵਿਆ, ਸੰਗਰੂਰ

# ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਨੇ ਸੰਘਰਸ਼ ਦਾ ਵਜਾਇਆ ਬਿਗਲ

**ਫਿਲੌਰ, (ਨਿਰਮਲ)**

ਇੱਥੇ ਆਂਗਨਵਾੜੀ ਮੁਲਾਜਮ ਯੂਨੀਅਨ ਪੰਜਾਬ ਸੀਟੂ ਵਲੋਂ ਕੀਤੀ ਗਈ ਕਨਵੈਨਸ਼ਨ ਵਿੱਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 23 ਜਨਵਰੀ ਤੋਂ 30 ਜਨਵਰੀ ਤੱਕ ਪਾਰਲੀਮੈਂਟ ਮੈਂਬਰਾਂ ਦੇ ਘਰਾਂ ਤੇ ਇੱਕ ਰੋਜਾ ਪੜਾਓ ਕੀਤਾ ਜਾਵੇਗਾ। ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਹੱਕੀ ਅਤੇ ਜਾਇਜ ਮੰਗਾਂ ਨੂੰ ਅੱਖੋਂ ਪਰੋਖੇ ਕਰਨ ਦੇ ਰੋਹ ਵਿੱਚ ਸੰਘਰਸ਼ ਦਾ ਬਿਗੁਲ ਵਜਾਂਦੇ ਹੋਏ ਜਲੰਧਰ,ਨਵਾਂਸ਼ਹਿਰ, ਕਪੂਰਥਲਾ, ਹੁਸ਼ਿਆਰਪੁਰ ਜ਼ਿਲ੍ਹਿਆਂ ਦੀ ਕਨਵੈਂਸ਼ਨ ਸੂਬਾ ਪ੍ਰਧਾਨ ਹਰਜੀਤ ਕੌਰ ਪੰਜੋਲਾ ਦੀ ਅਗਵਾਈ ਵਿੱਚ ਕੀਤੀ ਗਈ। ਸ਼ੁਰੂਆਤ 'ਚ ਸੀਟੂ ਮਹਿਬੂਬ ਨੇਤਾ ਮਰਹੂਮ ਕਾ : ਰੈਗੂਨਾਥ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਿਹੜਾ ਸਾਲ 2020 ਵਿੱਚ ਵਿਛੋੜਾ ਦੇ ਗਏ। ਜੱਥੇਬੰਦੀ ਦੇ ਸੀਟੂ ਦੇ ਸੂਬਾ ਪ੍ਰਧਾਨ ਮਹਾਂ ਸਿੰਘ ਰੋੜੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਆਈ.ਸੀ.ਡੀ.ਐੱਸ ਨੂੰ ਦਿੱਤਾ ਜਾਣ ਵਾਲਾ ਬਜਟ ਬਿਲਕੁਲ ਵੀ ਵਧਾਇਆ ਨਹੀਂ ਗਿਆ। ਇਸ ਤੋਂ ਬਿਨਾਂ ਲਗਾਤਾਰ ਨਿੱਜੀਕਰਨ ਦੇ ਹਮਲੇ ਹੋ ਰਹੇ ਹਨ। ਜਿੱਥੇ ਮਜਦੂਰਾਂ ਅਤੇ ਕਿਸਾਨਾਂ ਦੇ ਪ੍ਰਤੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਹਨ ਉੱਥੇ ਹੀ ਵਰਡ ਬੈਂਕ ਦੀਆਂ ਸਿਫਾਰਸ਼ਾਂ 'ਤੇ ਚਲਦੇ ਹੋਏ ਲੋਕ ਭਲਾਈ ਦੀਆਂ ਸਕੀਮਾਂ ਨੂੰ ਵੀ ਘਟਾਇਆ ਜਾ ਰਿਹਾ ਹੈ। ਇਹੋ ਕਾਰਨ ਹੈ ਕਿ ਲਗਾਤਾਰ ਆਈਸੀਡੀਐਸ ਵਰਗੀ ਸਕੀਮ ਨੂੰ ਅੱਖੋਂ ਪਰੋਖੇ ਕੀਤਾ ਹੋਇਆ ਹੈ। ਜਥੇਬੰਦੀ ਦੇ ਜਰਨਲ ਸਕੱਤਰ ਸੁਭਾਸ਼ ਰਾਣੀ ਨੇ ਕਿਹਾ ਕਿ 4 ਅਪ੍ਰੈਲ 2022 ਨੂੰ ਮਾਨਯੋਗ ਸੁਪਰੀਮ ਕੋਰਟ ਵੱਲੋਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੇ ਹੱਕ ਵਿੱਚ ਫੈਸਲਾ ਸੁਣਾਉਂਦੇ ਹੋਏ ਕੇਂਦਰ ਸਰਕਾਰ ਨੂੰ ਸਖਤ ਹਦਾਇਤ ਕੀਤੀ ਸੀ ਕਿ ਆਂਗਣਵਾੜੀ ਵਰਕਰਾਂ ਹੈਲਪਰਾਂ ਦੇ ਮਾਣ ਭੱਤੇ ਵਿੱਚ ਵਾਧਾ ਕੀਤਾ ਜਾਵੇ ਅਤੇ ਰਾਜ ਸਰਕਾਰਾਂ ਇਹਨਾਂ ਨੂੰ ਗਰੈਜਟੀ ਦੇ



ਲਾਭ ਵਿੱਚ ਸ਼ਾਮਿਲ ਕਰਨ । ਜਥੇਬੰਦੀ ਵੱਲੋਂ ਲਗਾਤਾਰ ਲਿਖਣ ਦੇ ਬਾਅਦ ਵੀ ਸਰਕਾਰ ਵੱਲੋਂ ਨਾ ਤਾਂ ਬਜਟ ਵਿੱਚ ਵਾਧਾ ਕੀਤਾ ਗਿਆ ਨਾ ਮਾਣਭੱਤੇ ਦੇ ਵਿੱਚ ਵਾਧਾ ਕੀਤਾ ਗਿਆ ਅਤੇ ਨਾ ਹੀ ਗਰੈਚਟੀ ਉੱਤੇ ਕੋਈ ਫਾਈਲ ਤਿਆਰ ਕੀਤੀ ਗਈ ਹੈ । ਇਸੇ ਲਈ ਆਲ ਇੰਡੀਆ ਫੈਡਰੇਸ਼ਨ ਆਫ ਆਂਗਨਵਾੜੀ ਵਰਕਰ ਹੈਲਪਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਕੇਂਦਰ ਸਰਕਾਰ ਦੇ ਕੰਨਾਂ ਤੱਕ ਆਵਾਜ ਪਹੁੰਚਾਉਣ ਲਈ ਮੈਂਬਰ ਪਾਰਲੀਮੈਂਟਾਂ ਦੇ ਘਰਾਂ ਉੱਤੇ ਇੱਕ ਰੋਜਾ ਪੜਾਓ ਲਗਾਇਆ ਜਾਵੇਗਾ ਅਤੇ ਇਸ ਪੜਾਓ ਦੌਰਾਨ ਆਪਣੀ ਹੱਕੀ ਆਵਾਜ ਕੇਂਦਰ ਦੀ ਬੋਲੀ ਸਰਕਾਰ ਦੇ ਕੰਨਾਂ ਵਿੱਚ ਪਾਉਣ ਦੀ ਕੋਸ਼ਿਸ਼ ਤਹਿਤ ਆਪਣੇ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਮੰਗ ਪੱਤਰ ਭੇਜ ਕੇ ਸਵਾਲ ਉਠਾਉਣ ਲਈ ਸ਼ੰਘਰਸ਼ ਕੀਤਾ ਜਾਵੇਗਾ । ਜਨਰਲ ਸਕੱਤਰ ਕ੍ਰਿਸਨਾ ਕੁਮਾਰੀ ਅਤੇ ਵਿਤ ਸਕੱਤਰ ਅੰਮ੍ਰਿਤ ਪਾਲ ਕੌਰ ਨੇ ਕਿਹਾ ਕਿ ਪ੍ਰੀ ਪ੍ਰਾਇਮਰੀ ਆਈ. ਸੀ. ਡੀ. ਐਸ ਦਾ ਅਨਿਖੱੜਵਾਂ ਅੰਗ ਹੈ ਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਤਿੰਨ ਤੋਂ ਛੇ ਸਾਲ ਦੇ ਬੱਚੇ ਆਂਗਣਵਾੜੀ ਕੇਂਦਰ ਵਿੱਚ ਯਕੀਨੀ ਬਣਾਏ ਜਾਣ ਅਤੇ ਆਂਗਣਵਾੜੀ ਲੀਵਿੰਗ ਸਰਟੀਫਿਕੇਟ ਜਾਰੀ ਕੀਤਾ ਜਾਵੇ। ਆਂਗਣਵਾੜੀ ਮੁਲਾਜਮ ਯੂਨੀਅਨ ਪੰਜਾਬ ਸੀਟੂ ਉੱਤਰ ਪ੍ਰਦੇਸ਼ ਦੇ ਬਾਂਦਾ ਦੀ ਇੱਕ ਸਿਵਲ ਜੱਜ ਦੇ ਜਿਨਸੀ ਸ਼ੋਸ਼ਣ ਅਤੇ ਤਸ਼ੱਦਦ ਬਾਰੇ ਹੈਰਾਨ ਕਰਨ ਵਾਲੇ ਖੁਲਾਸੇ 'ਤੇ ਆਪਣੀ ਨਾਰਾਜਗੀ ਜਾਹਰ ਕੀਤੀ ਹੈ। ਹਿੰਸਾ ਬਾਰੇ ਹੈਰਾਨ ਕਰਨ ਵਾਲੇ ਖੁਲਾਸੇ 'ਤੇ ਆਪਣਾ ਦੁੱਖ ਪ੍ਰਗਟ ਕੀਤਾ ਹੈ। ਉਸ ਨੇ ਉਸ ਹੱਦ ਤੱਕ ਤਸੀਹੇ ਝੱਲੇ ਹਨ ਜਿਸ ਨਾਲ ਉਸ ਨੇ ਆਪਣੀ ਜ਼ਿੰਦਗੀ ਨੂੰ ਖਤਮ ਕਰਨ ਦੀ ਇਜਾਜਤ ਮੰਗੀ ਹੈ। ਯੂਨੀਅਨ ਮੰਗ ਕਰਦੀ ਹੈ ਕਿ ਜੱਜ ਵੱਲੋਂ ਦਰਜ ਪ੍ਰੇਸ਼ਾਨੀ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰੋ; ਦੋਸ਼ੀਆਂ ਨੂੰ ਸਜਾ ਦਿਓ, ਨਿਆਂਇਕ ਸੰਸਥਾਵਾਂ ਸਮੇਤ ਸਾਰੀਆਂ ਸੰਸਥਾਵਾਂ ਵਿੱਚ ਪੋਸ ਐਕਟ ਨੂੰ ਸਖਤੀ ਨਾਲ ਲਾਗੂ ਕਰਨਾ ਯਕੀਨੀ ਬਣਾਓ । ਕਨਵੈਂਸਨ ਨੂੰ ਬਲਜੀਤ ਕੌਰ ,ਲਖਵਿੰਦਰ, ਸੁਖਜੀਤ ਨਵਾਂਸ਼ਹਿਰ,ਸਤਵੰਤ ਕੌਰ, ਰਜਿੰਦਰ ਕੌਰ, ਜਲੰਧਰ ਜਸਵੀਰ ਕੌਰ ਚੇਅਰਪਰਸਨ,ਜ਼ਿਲ੍ਹਾ ਪ੍ਰਧਾਨ ਨਿਰਲੇਪ ਕੌਰ, ਕੈਸ਼ੀਅਰ ਪਰਮਜੀਤ ਕੌਰ ਨੇ ਸੰਬੋਧਨ ਕੀਤਾ।

# ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ 26 ਨੂੰ ਮਨਾਇਆ ਜਾਵੇਗਾ : ਪ੍ਰੋ. ਚਰਨ ਸਿੰਘ




**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਸੁਲਤਾਨਪੁਰ ਲੋਧੀ, ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ, ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਵੱਲੋਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾਉਣ ਸੰਬੰਧੀ ਇੱਕ ਅਹਿਮ ਮੀਟਿੰਗ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਵਿਖੇ ਕਰਵਾਈ ਗਈ।ਜਿਸ ਦੀ ਪ੍ਰਧਾਨਗੀ ਟਰੱਸਟ ਦੇ ਪ੍ਰਧਾਨ ਪ੍ਰੋ ਚਰਨ ਸਿੰਘ, ਪ੍ਰੈੱਸ ਕਲੱਬ ਦੇ ਸਰਪ੍ਰਸਤ ਨਰਿੰਦਰ ਸਿੰਘ ਸੋਨੀਆ, ਰਜਿੰਦਰ ਸਿੰਘ ਰਾਣਾ ਐਡਵੋਕੇਟ ਆਦਿ ਨੇ ਸਾਂਝੇ ਤੌਰ 'ਤੇ ਕੀਤੀ।ਇਸ ਮੀਟਿੰਗ ਦੌਰਾਨ ਇੱਕ ਸਾਂਝੇ ਬਿਆਨ ਵਿੱਚ ਦੱਸਿਆ ਕਿ ਸ਼ਹੀਦ ਊਧਮ ਸਿੰਘ ਜੀ ਦਾ ਜਨਮ ਦਿਹਾੜਾ 26 ਦਸੰਬਰ ਦਿਨ ਮੰਗਲਵਾਰ ਨੂੰ ਸਵੇਰੇ ਸਾਢੇ 10 ਵਜੇ ਸ਼ਹੀਦ ਊਧਮ ਸਿੰਘ ਚੌਕ ਸੁਲਤਾਨਪੁਰ ਲੋਧੀ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਭਰਪੂਰ ਮਨਾਇਆ ਜਾ ਰਿਹਾ ਹੈ।ਇਸ ਤੋਂ ਇਲਾਵਾ ਇਸ ਦੌਰਾਨ ਵੱਖ-ਵੱਖ ਸਮਾਜ ਸੇਵੀ ਜੱਥੇਬੰਦੀਆਂ, ਰਾਜਨੀਤਕ ਪਾਰਟੀਆਂ, ਧਾਰਮਿਕ ਸਖਸ਼ੀਅਤਾਂ ਵੀ ਸ਼ਹੀਦ ਊਧਮ ਸਿੰਘ ਦੇ ਸਮਾਰਕ 'ਤੇ ਸ਼ਰਧਾ ਦੇ ਫੁੱਲ ਭੇਟ ਕਰਨਗੇ। ਉਹਨਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਸਮਾਗਮ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਵੇ ਤਾਂ ਜੋ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ।ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਰਾਣਾ, ਨਰਿੰਦਰ ਸਿੰਘ ਸੋਨੀਆ ਸਰਪ੍ਰਸਤ ਸਾਹਿਤ ਸਭਾ ਸੁਲਤਾਨਪੁਰ ਲੋਧੀ, ਐਡਵੋਕੇਟ ਗੁਰਮੀਤ ਸਿੰਘ ਢਿੱਲੋਂ, ਐਡਵੋਕੇਟ ਹਰਜਿੰਦਰ ਸਿੰਘ, ਸੁਖਦੇਵ ਸਿੰਘ, ਹਰਵਿੰਦਰ ਬੱਗਾ, ਬਲਕਾਰ ਸਿੰਘ, ਤਰਨ ਕੰਬੋਜ , ਦਲਬੀਰ ਸਿੰਘ, ਬਿਸਹਾਨ ਸਿੰਘ, ਰਾਵੀ, ਰਾਣਾ ਢਿੱਲੋਂ ਆਦਿ ਹਾਜ਼ਰ ਸਨ।

# 23 ਨਵ-ਜੰਮੀਆਂ ਬੱਚੀਆਂ ਨੂੰ ਬੇਬੀ ਕਿਟਸ ਤਕਸੀਮ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਹਲਕਾ ਵਿਧਾਇਕ ਐਸ.ਏ.ਐਸ.ਨਗਰ ਕੁਲਵੰਤ ਸਿੰਘ ਵੱਲੋਂ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ 23 ਨਵ-ਜੰਮੀਆਂ ਬੱਚੀਆਂ ਨੂੰ ਬੇਬੀ ਕਿਟਸ ਵੰਡੀਆਂ ਗਈਆਂ। ਹਲਕਾ ਵਿਧਾਇਕ ਵੱਲੋਂ ਦੱਸਿਆ ਗਿਆ ਕਿ ਇਸ ਸਕੀਮ ਦਾ ਮੁੱਖ ਮੰਤਵ ਲਿੰਗ ਭੇਦਭਾਵ ਮਿਟਾਉਣ ਅਤੇ ਮਾਪਿਆਂ ਨੂੰ ਆਪਣੀਆਂ ਬੇਟੀਆਂ ਨੂੰ ਬੇਟਿਆਂ ਦੇ ਬਰਾਬਰ ਪੜ੍ਹਾਉਣ-ਲਿਖਾਉਣ ਦੀਆਂ ਸਹੂਲਤਾਂ ਦੇਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਹ ਵੀ ਲੜਕਿਆਂ ਦੇ ਬਰਾਬਰ ਦੇ ਹੱਕ-ਹਕੂਕ ਰੱਖ ਆਪਣੇ ਦੇਸ ਦਾ ਨਾਂਅ ਰੌਸ਼ਨ ਕਰ ਸਕਣ। ਇਸ ਮੌਕੇ 'ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ, ਗੁਰਸਿਮਰਨ ਕੌਰ, ਸੀ.ਡੀ.ਪੀ.ਓ. ਖਰੜ, ਕੁਲਦੀਪ ਸਿੰਘ ਸਮਾਣਾ, ਹਰਪਾਲ ਸਿੰਘ ਚੰਨਾ, ਆਰ.ਪੀ.ਸ਼ਰਮਾ, ਸੁਰਿੰਦਰ ਸਿੰਘ ਰੋਡਾ, ਅਰੁਣ ਗੋਇਲ ਅਤੇ ਅਕਵਿੰਦਰ ਸਿੰਘ ਗੋਸਲ ਤੋਂ ਇਲਾਵਾ ਸ਼ਹਿਰ ਦੇ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਸਨ।

# ਖਾਲੇਵਾਲ ਦਾ ਸਾਲਾਨਾ ਟੂਰਨਾਮੈਂਟ ਮਿੱਠੀਆਂ ਯਾਦਾਂ ਛੱਡਦਾ ਹੋਇਆ ਸੰਪੰਨ

**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)**

ਬਾਬਾ ਤਾਰਾ ਨਾਥ ਮੈਮੋਰੀਅਲ ਟੂਰਨਾਮੈਂਟ, ਛਿੰਝ ਅਤੇ ਵੈਲਫੇਅਰ ਕਮੇਟੀ ਨਵਾਂ ਪਿੰਡ ਖਾਲੇਵਾਲ ਵੱਲੋਂ ਕਰਵਾਏ ਸਾਲਾਨਾ ਛਿੰਝ ਮੇਲੇ ਦੌਰਾਨ ਹੋਈ ਪਟਕੇ ਦੀ ਕੁਸ਼ਤੀ 'ਚ ਪਹਿਲਵਾਨ ਸੁਰਿੰਦਰ ਸ਼ਾਹਕੋਟ ਨੇ ਰੋਹਿਤ ਕਾਂਜਲੀ ਨੂੰ ਜਬਰਦਸਤ ਮੁਕਾਬਲੇ 'ਚ ਪੁਆਇੰਟਾਂ ਦੇ ਅਧਾਰ 'ਤੇ ਹਰਾ ਕੇ ਪਟਕਾ ਚੁੰਮ ਲਿਆ, ਜਦਕਿ ਕਬੱਡੀ ਟੂਰਨਾਮੈਂਟ ਵਿੱਚ ਪਿੰਡ ਨਾਰੰਗਪੁਰ ਦੀ ਟੀਮ ਨੇ ਜਲਾਲਪੁਰ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਕੀਤੀ।ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਪੁੱਜਣ ਵਾਲੀਆਂ ਸਖਸ਼ੀਅਤਾਂ 'ਚ ਬਾਬਾ ਮੱਘਰ ਨਾਥ ਨੱਲ੍ਹ ਵਾਲੇ, ਬਾਬਾ ਸੁਰਜੀਤ ਸਿੰਘ ਸ਼ੰਟੀ ਸੀਚੇਵਾਲ, ਮਾਰਕੀਟ ਕਮੇਟੀ ਲੋਹੀਆਂ ਦੇ ਚੇਅਰਮੈਨ ਸਰਬਜੀਤ ਸਿੰਘ ਸਾਬ ਚਤਰੱਥ, ਆਪ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਅਕਾਲੀ ਦਲ ਦੇ ਇੰਚਾਰਜ ਬਚਿੱਤਰ ਸਿੰਘ ਕੋਹਾੜ, ਸ਼੍ਰੋਮਣੀ ਅਕਾਲੀ ਦਲ ਦੇ ਬਲਾਕ ਪ੍ਰਧਾਨ ਸਰਪੰਚ ਕੁਲਵੰਤ ਸਿੰਘ



ਮੁਰਾਜਵਾਲਾ, ਜਿਲ੍ਹਾ ਪ੍ਰੀਸ਼ਦ ਮੈਂਬਰ ਦਲਜੀਤ ਸਿੰਘ ਗੱਟੀ, ਸਾ. ਵਾਈਸ ਚੇਅਰਮੈਨ ਜਸਵੰਤ ਸਿੰਘ ਜੋਸਨ, ਬਲਾਕ ਕਾਂਗਰਸ ਦੇ ਪ੍ਰਧਾਨ ਗੁਰਪਾਲ ਸਿੰਘ ਜੱਕੋਪੁਰ, ਸ਼ਹਿਰੀ ਪ੍ਰਧਾਨ ਪਵਨ ਕੁਮਾਰ ਗਾਂਧੀ, ਪ੍ਰਧਾਨ ਜਗਜੀਤ ਸਿੰਘ, ਨਗਰ ਪੰਚਾਇਤ ਲੋਹੀਆਂ ਦੇ ਮੀਤ ਪ੍ਰਧਾਨ ਬਲਦੇਵ ਸਿੰਘ ਧੰਜੂ, ਸਾ. ਪ੍ਰਧਾਨ ਬਲਵਿੰਦਰ ਸਿੰਘ ਟਿੰਡ, ਰਵੀ ਭੁਪਿੰਦਰ ਸਿੰਘ ਜੋਸਨ, ਡਾ. ਜਸਵਿੰਦਰ ਸ਼ਰਮਾ, ਯੂਥ ਆਗੂ ਯਾਦਵਿੰਦਰ ਸਿੰਘ ਸਾਬ ਜੋਸਨ, ਸਰਪੰਚ ਜੋਗਾ ਸਿੰਘ ਚੱਕ ਚੇਲਾ, ਰਜਿੰਦਰ ਸਿੰਘ ਭੁੱਲਰ, ਬਲਜੀਤ ਸਿੰਘ ਹੇਰਾਂ, ਅਵਤਾਰ ਸਿੰਘ ਕਾਕੜ ਕਲਾਂ, ਜਸਵੀਰ ਜਲਾਲਪੁਰੀ, ਮਾ. ਗੁਰਦਿਆਲ ਸਿੰਘ ਕੰਗ ਕਲਾਂ, ਸੈਕਟਰੀ ਲਖਵੀਰ ਸਿੰਘ ਕੰਗ, ਪਹਿਲਵਾਨ ਲਹਿੰਬਰ ਸ਼ਾਹਕੋਟੀ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਖੇਡ ਮੇਲੇ ਦੌਰਾਨ ਕੁਸ਼ਤੀਆਂ ਦੀ ਸਰਪ੍ਰਸਤੀ ਕਰਨ ਵਾਲੇ ਪ੍ਰਸਿੱਧ ਉਸਤਾਦ ਪਹਿਲਵਾਨ ਮਲਕੀਤ ਸਿੰਘ ਕਾਂਜਲੀ, ਕੁਮੈਂਟੇਟਰ ਮਾ. ਗੁਰਪਾਲ ਸਿੰਘ, ਕੁਮੈਂਟੇਟਰ ਮੰਗਾ ਅਲੀਵਾਲ, ਸਾਰਾ ਜੋ ਦਿਨ ਅਹਿਤੀਆਤ ਵਜੋਂ ਐਂਬੂਲੈਂਸ ਹਾਜਰ ਰੱਖਣ ਵਾਲੇ 'ਨਦਰਿ ਕਰਮਿ ਸੇਵਾ ਦਲ ਲੋਹੀਆਂ' ਸਮੇਤ ਹੋਰ ਸਹਿਯੋਗੀਆਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਜੋ ਕੀਤਾ ਗਿਆ। ਇਸ ਮੌਕੇ ਖੇਡ ਮੇਲੇ ਦੇ ਸਰਪ੍ਰਸਤ ਪ੍ਰਵਾਸੀ ਭਾਰਤੀ ਸੰਤੋਖ ਸਿੰਘ ਸਫਰੀ ਯੂ.ਕੇ., ਸਹਿਯੋਗੀਆਂ ਵਿੱਚ ਪ੍ਰਵਾਸੀ ਭਾਰਤੀ ਗੁਲਜ਼ਾਰ ਸਿੰਘ ਜੋ ਚਤਰੱਥ ਯੂ.ਕੇ; ਸਰਬਣ ਸਿੰਘ ਸੈਕਟਰੀ, ਸਰਪੰਚ ਜੋ ਸੁਰਜੀਤ ਸਿੰਘ ਖਾਲੇਵਾਲ, ਮਾ. ਰਣਜੀਤ ਸਿੰਘ ਰਾਣਾ ਡੀ.ਪੀ, ਸੁਖਵੰਤ ਸਿੰਘ ਸੰਧਾ, ਜਰਨੈਲ ਸਿੰਘ ਟੁਰਨਾ, ਅਜੀਤ ਸਿੰਘ ਥਿੰਦ, ਸਾ. ਸਰਪੰਚ ਮੁਖਤਿਆਰ ਸਿੰਘ ਸਮੇਤ ਹੋਰ ਪਤਵੰਤਿਆਂ ਦੇ ਨਾਮ ਸ਼ਾਮਲ ਸਨ।

# ਜਲੰਧਰ 'ਚ ਬਣੇਗਾ ਆਧੁਨਿਕ ਫੂਡ ਸਟ੍ਰੀਟ ਹੱਬ : ਡਿਪਟੀ ਕਮਿਸ਼ਨਰ

**ਜਲੰਧਰ, (ਸੁਰਿੰਦਰ ਕੁਮਾਰ)**

ਜਲਦ ਹੀ ਜਲੰਧਰ ਵਾਸੀ ਆਧੁਨਿਕ ਫੂਡ ਸਟ੍ਰੀਟ ਹੱਬ ਦਾ ਆਨੰਦ ਲੈ ਸਕਣਗੇ। ਪ੍ਰਸ਼ਾਸਨ ਨੇ ਜਲੰਧਰ ਵਿਖੇ ਆਧੁਨਿਕ ਫੂਡ ਸਟ੍ਰੀਟ ਹੱਬ ਦੀ ਸਥਾਪਨਾ ਲਈ ਢੁੱਕਵੀਂ ਥਾਂ ਦੀ ਸ਼ਨਾਖਤ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸ਼ੁੱਕਰਵਾਰ ਨੂੰ ਇਸ ਸਬੰਧੀ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸਨਰ ਵਿਸ਼ੇਸ਼ ਸਾਰੰਗਲ ਨੇ ਨਗਰ ਨਿਗਮ ਜਲੰਧਰ ਦੇ ਅਧਿਕਾਰੀਆਂ ਨੂੰ ਆਧੁਨਿਕ ਫੂਡ ਸਟ੍ਰੀਟ ਹੱਬ ਲਈ ਜਗ੍ਹਾ ਅਤੇ ਹੋਰ ਲਾਜਮੀ ਸਹੂਲਤਾਂ ਬਾਰੇ ਵਿਸਥਾਰਪੂਰਵਕ ਰਿਪੋਰਟ ਭੇਜਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਫੂਡ ਸਟ੍ਰੀਟ ਹੱਬ ਨੂੰ ਸਾਫ-ਸੁਥਰੇ, ਹਵਾਦਾਰ, ਗੈਰ-ਪ੍ਰਦੂਸ਼ਿਤ ਖੇਤਰ ਵਿੱਚ ਵਿਕਸਿਤ ਕੀਤਾ ਜਾਵੇਗਾ, ਜਿਸ ਨੂੰ ਨਗਰ ਨਿਗਮ ਵੱਲੋਂ ਇੱਕ ਅਧਿਕਾਰਤ ਵੈਂਡਿੰਗ ਜੋਨ/ਏਰੀਆ ਵਜੋਂ ਮਾਨਤਾ ਮਿਲੀ ਹੋਵੇ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿੱਚ ਸਾਫ ਪਾਣੀ, ਪਾਰਕਿੰਗ, ਲਾਈਟ, ਸੈਨੀਟੇਸਨ ਅਤੇ ਕੂੜੇ ਦੇ ਨਿਪਟਾਰੇ ਵਰਗੀਆਂ ਆਮ ਸਹੂਲਤਾਂ ਉਪਲਬਧ ਹੋਣਗੀਆਂ। ਉਨ੍ਹਾਂ ਕਿਹਾ ਕਿ ਸਟ੍ਰੀਟ ਫੂਡ ਵਿਕਰੇਤਾਵਾਂ ਨੂੰ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਵੱਲੋਂ ਸਿਖਲਾਈ ਦਿੱਤੀ ਜਾਵੇਗੀ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਰੇਕ ਸਟ੍ਰੀਟ ਫੂਡ ਵਿਕਰੇਤਾ, ਹੈਲਪਰ ਨੂੰ 'ਫੂਡ ਹਾਈਜੀਨ' ਸਬੰਧੀ ਮੁੱਢਲੀ ਸਿਖਲਾਈ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਐਫ.ਐਸ.ਐਸ.ਏ.ਆਈ. ਤੋਂ ਲਾਇਸੈਂਸ ਪ੍ਰਾਪਤ ਕਰਨ ਅਤੇ ਰਜਿਸਟ੍ਰੇਸਨ ਲਈ ਸਹਾਇਤਾ ਵੀ ਦਿੱਤੀ ਜਾਵੇਗੀ। ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ ਪੁਨੀਤ ਸਰਮਾ ਨੇ ਕਿਹਾ ਕਿ ਆਧੁਨਿਕ ਫੂਡ ਸਟ੍ਰੀਟ ਹੱਬ ਲਈ ਢੁੱਕਵੀਂ ਥਾਂ ਦੀ ਸਨਾਖਤ ਲਈ ਪਹਿਲਾਂ ਹੀ ਅਧਿਕਾਰੀਆਂ ਦੀ ਟੀਮ ਗਠਿਤ ਕੀਤੀ ਜਾ ਚੁੱਕੀ ਹੈ ਅਤੇ ਇਸ ਸਬੰਧੀ ਰਿਪੋਰਟ ਤਿਆਰ ਕੀਤੀ ਜਾਵੇਗੀ।

# ਸ਼ਮਸ਼ਾਨਘਾਟ ਲਈ 4 ਲੱਖ ਰੁਪਏ ਦੀ ਗ੍ਰਾਂਟ ਜਾਰੀ

**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)**

ਸਹਾਰਾ ਵੈਲਫੇਅਰ ਕਲੱਬ ਉੜਮੁੜ ਨੂੰ ਸ਼ਮਸ਼ਾਨਘਾਟ ਦਾਰਾਪੁਰ ਟਾਂਡਾ ਦੀ ਬੇਹਤਰੀ ਲਈ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੇ ਕੋਟੇ ਵਿੱਚੋ ਜਾਰੀ 4 ਲੱਖ ਰੁਪਏ ਦੀ ਗ੍ਰਾਂਟ ਜ਼ਿਲ੍ਹਾ ਯੋਜਨਾ ਕਮੇਟੀ ਦੇ ਸਾਬਕਾ ਚੇਅਰਮੈਨ ਅਤੇ ਸੀਨੀਅਰ ਭਾਜਪਾ ਆਗੂ ਜਵਾਹਰ ਲਾਲ ਖੁਰਾਣਾ ਨੇ ਪ੍ਰਬੰਧਕਾਂ ਨੂੰ ਭੇਟ ਕੀਤੀ ਹੈ।. ਸ਼ਮਸ਼ਾਨਘਾਟ ਦੀ ਸੇਵਾ ਸੰਭਾਲ ਕਰਨ ਵਾਲੀ ਸਮਾਜ ਸੇਵੀ ਸੰਸਥਾ ਸਹਾਰਾ ਵੈੱਲਫੇਅਰ ਕਲੱਬ ਦੇ ਸੰਸਥਾਪਕ ਅਤੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਅਤੇ ਪ੍ਰਧਾਨ ਭਾਰਤ ਭੂਸ਼ਨ ਮਦਾਨ ਦੀ ਮੌਜੂਦਗੀ ਵਿਚ ਗ੍ਰਾਂਟ ਨਾਲ ਨਿਰਮਾਣ ਕੰਮ ਸ਼ੁਰੂ ਕਰਵਾਉਂਦੇ ਹੋਏ ਖੁਰਾਣਾ ਨੇ ਸਹਾਰਾ ਕਲੱਬ ਦੀ ਸਮੂਹ ਟੀਮ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਖੁਰਾਣਾ ਨੇ ਆਖਿਆ ਕਿ ਕਲੱਬ ਵੱਲੋਂ ਚਲਾਏ ਜਾ ਰਹੇ ਸਮਾਜ ਸੇਵੀ ਮਿਸ਼ਨ ਵਿਚ ਭਵਿੱਖ ਵਿਚ ਵੀ ਮਦਦ ਕਰਨ ਦਾ ਭਰੋਸਾ ਦਿੱਤਾ ਹੈ। ਚੇਅਰਮੈਨ ਅਰੋੜਾ ਨੇ ਕਲੱਬ ਵੱਲੋਂ ਸ਼ਮਸ਼ਾਨਘਾਟ ਕੀਤੇ ਗਏ ਨਿਰਮਾਣ ਕੰਮ ਅਤੇ ਹੋਰਨਾਂ ਸਮਾਜ ਸੇਵੀ ਉੱਦਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਤੱਕ ਕਲੱਬ ਵੱਲੋਂ ਸਮਸਾਨ ਘਾਟ ਦੇ ਵੱਖ ਵੱਖ ਵਿਕਾਸ ਕਾਰਜਾਂ 'ਤੇ 20 ਲੱਖ ਤੋਂ ਵੱਧ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਉਨਾਂ ਗ੍ਰਾਂਟ ਜਾਰੀ ਕਰਵਾਉਣ ਲਈ ਜਵਾਹਰ ਲਾਲ ਖੁਰਾਣਾ ਦਾ ਧੰਨਵਾਦ ਕੀਤਾ। ਇਸ ਮੌਕੇ ਮਹਿੰਦਰ ਪਾਲ ਮਦਾਨ, ਨਵਦੀਪ ਸਿੰਘ ਬੱਬੂ ਸੰਧਾਵਾਲੀਆ, ਨਵਦੀਪ ਛਿਤਰੂ, ਸੇਵਾ ਸਿੰਘ, ਰਾਕੇਸ਼ ਡੇਜ਼ੀ, ਨਰੇਸ਼ ਜੈਨ, ਤਰਸੇਮ ਲਾਲ, ਹਰਪ੍ਰੀਤ ਸੋਨੂ, ਰਾਜਨ ਸੋਨੀ ਜਸਵੀਰ ਸਿੰਘ ਪੰਛੀ ਆਦਿ ਮੌਜੂਦ ਸਨ।



# ਸੂਰੀ ਹਸਪਤਾਲ ਵੱਲੋਂ ਮੈਡੀਕਲ ਤੇ ਅੱਖਾਂ ਦਾ ਫ੍ਰੀ ਚੈੱਕਅਪ ਤੇ ਖ਼ੂਨਦਾਨ ਕੈਂਪ ਭਲਕੇ

**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਛੋਟੇ ਸਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸੂਰੀ ਹਸਪਤਾਲ ਬਲਾਚੌਰ ਦੇ ਵੱਲੋਂ ਫ੍ਰੀ ਮੈਡੀਕਲ ਚੈੱਕਅਪ ਕੈਂਪ ਅਤੇ ਖ਼ੂਨਦਾਨ ਕੈਂਪ 24 ਦਸੰਬਰ ਨੂੰ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਕਾਠਗੜ੍ਹ ਦੀ ਗਰਾਊਂਡ ਵਿਚ ਲਗਾਇਆ ਜਾ ਰਿਹਾ ਹੈ। ਇਸ ਸੰਬਧੀ ਪੱਤਰਕਾਰਾਂ ਗੱਲਬਾਤ ਕਰਦਿਆਂ ਡਾਕਟਰ ਭੁਪਿੰਦਰ ਸਿੰਘ ਸੂਰੀ ਅਤੇ ਡਾਕਟਰ ਅਮਨਦੀਪ ਕੌਰ ਸੂਰੀ ਨੇ ਦੱਸਿਆ ਕਿ ਇਹ ਕੈਂਪ ਉਹਨਾਂ ਦੀ ਸੀਨੀਅਰ ਡਾਕਟਰਾਂ ਟੀਮ ਵੱਲੋਂ ਮੈਡੀਕਲ ਤੇ ਅੱਖਾਂ ਦਾ ਫਰੀ ਚੈਕਅੱਪ ਕੈਂਪ 24 ਦਸੰਬਰ ਦਿਨ ਐਤਵਾਰ ਨੂੰ ਸਵੇਰੇ 10 ਤੋਂ 3 ਵਜੇ ਤੱਕ ਲਗਾਇਆ ਜਾ ਰਿਹਾ ਹੈ । ਇਸ ਮੌਕੇ ਖ਼ੂਨਦਾਨ ਕੈਂਪ ਵੀ ਲਗਾਇਆ ਜਾਵੇਗਾ। ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਕਰਨ ਅਰੋੜਾ ਵੀ ਬੱਚਿਆਂ ਦੀ ਸਿਹਤ ਦੀ ਜਾਂਚ ਕਰਨਗੇ। ਇਸ ਤੋਂ ਇਲਾਵਾ ਮਰੀਜਾਂ ਦੀਆਂ ਅੱਖਾਂ ਦਾ ਚੈਕਅਪ ਕਰਕੇ ਜ਼ਰੂਰਤਮੰਦ ਮਰੀਜਾਂ ਨੂੰ ਐਨਕਾਂ ਤੇ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ ਤੇ ਅੱਧੇ ਰੇਟ 'ਤੇ ਲੈਂਜ਼ ਵੀ ਪਾਏ ਜਾਣਗੇ। ਇਸ ਮੌਕੇ ਡਾ. ਇਸ਼ਵਰ ਸੂਰੀ ਹਸਪਤਾਲ ਵਿੱਕੀ ਚਾਹਲ, ਕਾਕਾ ਚੌਧਰੀ, ਨਰੇਸ਼ ਕੁਮਾਰ, ਕਪਿਲ ਚੌਧਰੀ ਪੰਜਾਬ ਪੁਲਸ, ਮਹਾਵੀਰ ਚੌਧਰੀ, ਸ਼ਾਮ ਲਾਲ, ਪ੍ਰਵੀਨ ਕੁਮਾਰ ਠੇਕੇਦਾਰ, ਵਿੱਕੀ ਬੰਗਾ, ਗੁਰਪ੍ਰੀਤ ਹੀਰ ਆਦਿ ਮੌਜੂਦ ਸਨ।

# ਸਤਨਾਮ ਸਿੰਘ ਧਾਮੀਆਂ ਸਬ ਸਰਕਲ ਹਾਜੀਪੁਰ ਦੇ ਪ੍ਰਧਾਨ ਨਿਯੁਕਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਖੁਣ ਖੁਣ ਦੀ ਅਗਵਾਈ ਹੇਠ ਹੁਸ਼ਿਆਰਪੁਰ ਵਿਖੇ ਹੋਈ, ਜਿਸ ਵਿੱਚ ਪਾਰਟੀ ਵੱਲੋਂ ਸੰਘਰਸ਼ਸ਼ੀਲ ਸਿੱਖ ਆਗੂ ਸਤਨਾਮ ਸਿੰਘ ਧਾਮੀਆਂ ਨੂੰ ਸਬ ਸਰਕਲ ਹਾਜੀਪੁਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਸਮੇਂ ਸਰਕਲ ਮੁਕੇਰੀਆਂ ਦੇ ਪ੍ਰਧਾਨ ਪਰਮਿੰਦਰ ਸਿੰਘ ਖਾਲਸਾ ਅਤੇ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਆ ਜਨਰਲ ਸਕੱਤਰ ਵੀ ਹਾਜਰ ਸਨ। ਧਾਮੀਆਂ ਦਾ ਗੁਰਦੀਪ ਸਿੰਘ ਖੁਣ ਖੁਣ, ਪਰਮਿੰਦਰ ਸਿੰਘ ਖਾਲਸਾ ਤੇ ਗੁਰਨਾਮ ਸਿੰਘ ਸਿੰਗੜੀਵਾਲਾ ਨੇ ਸਿਰੋਪਾ ਪਾ ਕੇ ਸਨਮਾਨ ਕੀਤਾ ਅਤੇ ਸਬ ਸਰਕਲ ਹਾਜੀਪੁਰ ਦੀ ਜਿੰਮੇਵਾਰੀ ਸੌਂਪੀ। ਧਾਮੀਆਂ ਨੇ ਤਨ ਦੇਹੀ ਨਾਲ ਜਿੰਮੇਵਾਰੀ ਨਿਭਾਉਣ ਅਤੇ ਪਾਰਟੀ ਪ੍ਰੋਗਰਾਮ ਨੂੰ ਪਿੰਡ ਪੱਧਰ ਤੱਕ ਲੈ ਕੇ ਜਾਣ ਦਾ ਵਾਅਦਾ ਕੀਤਾ। ਇਸ ਸਮੇਂ ਸੰਤੋਖ ਸਿੰਘ ਡਾਲੋਵਾਲ, ਸਤਵੰਤ ਸਿੰਘ ਮੁਰਾਦਪੁਰ, ਸੁਖਦੇਵ ਸਿੰਘ ਕਹਾਰੀ, ਗੁਰਬਖਸ ਸਿੰਘ ਮਾਨਸਰ, ਸਮਸੀਰ ਸਿੰਘ ਅਟੱਲਗੜ੍ਹ ਆਦਿ ਹਾਜਰ ਸਨ।



# ਆਦਿਧਰਮ ਮਿਸ਼ਨ ਯੂ ਕੇ ਯੂਨਿਟ ਦੀ ਮੀਟਿੰਗ 'ਚ ਸੰਤ ਸਤਵਿੰਦਰ ਹੀਰਾ, ਗਿਆਨ ਚੰਦ ਦੀਵਾਲੀ ਵੱਲੋਂ ਅਹਿਮ ਵਿਚਾਰਾਂ



**ਹੁਸ਼ਿਆਰਪੁਰ (ਓ ਪੀ ਰਾਣਾ )**

ਆਲ ਇੰਡੀਆ ਆਦਿ-ਧਰਮ ਮਿਸ਼ਨ (ਰਜਿ.) ਭਾਰਤ ਯੂ ਕੇ ਯੂਨਿਟ ਦੇ ਅਹੁਦੇਦਾਰਾਂ ਦੀ ਵਿਸ਼ੇਸ਼ ਮੀਟਿੰਗ ਮਾਊਂਟ ਪਲੈਜੈਂਟ ਬਿਲਸਟਨ ਵਿਖੇ ਪੰਜਾਬ ਪ੍ਰਧਾਨ ਗਿਆਨ ਚੰਦ ਦੀਵਾਲੀ ਸਾਬਕਾ ਮੈਂਬਰ ਐਸ ਸੀ ਕਮਿਸ਼ਨ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਇੰਗਲੈਂਡ ਸਮੇਤ ਹੋਰ ਦੇਸ਼ਾਂ ਵਿੱਚ ਆਦਿ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਵਿਚਾਰਾਂ ਕੀਤੀਆਂ ਗਈਆਂ।ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਇਸ ਮੌਕੇ ਯੂ ਕੇ ਯੂਨਿਟ ਦੇ ਪ੍ਰਧਾਨ ਕੈਪਟਨ ਬੀ ਆਰ ਨਈਅਰ , ਜਨਕ ਰਾਜ ਭਾਟੀਆ ਅਤੇ ਦੇਵ ਰਾਜ ਲਗਾਹ ਵੀ ਹਾਜ਼ਰ ਸਨ।ਇਸ ਮੌਕੇ ਆਦਿ ਧਰਮ ਮਿਸ਼ਨ ਦੇ ਵਿਸ਼ਵ ਭਰ ਵਿਚ ਪ੍ਰਚਾਰ ਤੇ ਪ੍ਰਸਾਰ ਸੰਬੰਧੀ ਨੀਤੀ ਉਲੀਕਦਿਆਂ ਸੰਤ ਸਤਵਿੰਦਰ ਹੀਰਾ ਅਤੇ ਗਿਆਨ ਚੰਦ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਹੀ ਨਹੀਂ ਬਲਕਿ ਪੂਰੇ ਭਾਰਤ ਅੰਦਰ ਆਦਿ ਧਰਮ ਮਿਸ਼ਨ ਰਹਿਬਰਾਂ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਅਤੇ ਪੂਰਾ ਕਰਨ ਲਈ ਅਹਿਮ ਰੋਲ ਨਿਭਾ ਰਿਹਾ ਹੈ।ਸਤਿਗੁਰੂ ਰਵਿਦਾਸ ਮਹਾਰਾਜ ਦੇ ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧਪੁ ਮਖੀਰਾ ਦੇ ਮਹਾਨ ਕ੍ਰਾਂਤੀਕਾਰੀ ਫਲਸਫੇ ਰਾਹੀਂ ਸਮੂਹ ਆਦਿ ਵਾਸੀ ਮੂਲ ਨਿਵਾਸੀ ਸੰਗਤਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨ ਦੇ ਯਤਨ ਕਰ ਰਿਹਾ ਹੈ। ਆਦਿ ਧਰਮ ਮਿਸ਼ਨ ਦੀ ਸਮੁੱਚੀ ਟੀਮ ਨਿਰਸਵਾਰਥ ਹੋ ਕੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਮਹਾਤਮਾ ਜੋਤੀ ਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਕਾਂਸ਼ੀ ਰਾਮ, ਬਾਬਾ ਬੰਤਾ ਰਾਮ ਘੇੜਾ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪਰਿਵਰਤਨ ਦੇ ਅੰਦੋਲਨ ਨੂੰ ਮੰਜਲ ਤੇ ਪਹੁੰਚਾਉਣ ਲਈ ਜਮੀਨੀ ਪੱਧਰ ਤੇ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਦੇ ਚਰਨਛੋਹ ਪ੍ਰਾਪਤ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ ਸਾਹਿਬ ਜਿਸ ਦੀ ਮਾਨਤਾ ਤੇ ਮੱਹਤਤਾ ਪੂਰੀ ਦੁਨੀਆਂ ਜਾਣ ਚੁੱਕੀ ਹੈ। ਸੰਨ 1981 ਵਿਚ ਬਾਬਾ ਬੰਤਾ ਰਾਮ ਘੇੜਾ ਨੇ ਸਤਿਗੁਰੂ ਰਵਿਦਾਸ ਜੀ ਦੇ ਚਰਨਛੋਹ ਪ੍ਰਾਪਤ ਅਸਥਾਨਾਂ ਦੇ ਨਾਲ ਨਾਲ ਇਸ ਸਥਾਨ ਦੀ ਖੋਜ ਕਰਕੇ ਅਤੇ ਇਤਿਹਾਸ ਦੀ ਜਾਣਕਾਰੀ ਸੰਗਤਾਂ ਨੂੰ ਦਿੱਤੀ ਸੀ।ਗੁਰੂ ਘਰ ਦੇ ਪ੍ਰਬੰਧਾਂ ਨੂੰ ਬੇਹਤਰ ਬਣਾਉਣ, ਸੰਗਤਾਂ ਲਈ ਹਰ ਤਰਾਂ ਦੀ ਸੁੱਖ ਸਹੂਲਤ ਪੈਦਾ ਕਰਨ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ ਦੇ ਪਲੇਟਫਾਰਮ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਦਿਨ ਰਾਤ ਇਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਸੰਤ ਸਰਵਣ ਦਾਸ ਜੀ ਸੰਚਾਲਕ ਡੇਰਾ ਸੰਤ ਟਹਿਲ ਦਾਸ ਸਲੇਮਟਾਵਰੀ ਲੁਧਿਆਣਾ ਰਾਸ਼ਟਰੀ ਪ੍ਰਧਾਨ ਆਦਿ ਧਰਮ ਸਾਧੂ ਸਮਾਜ, ਆਦਿ ਧਰਮ ਗੁਰੂ ਵੱਲੋਂ ਪੰਜਾਬੀ ਦੂਰਦਰਸ਼ਨ ਜਲੰਧਰ ਤੋਂ ਸ੍ਰੀ ਚਰਨਛੋਹ ਗੰਗਾ ਦੀ ਮਹਿਮਾ ਲਈ ਹਰ ਹਫਤੇ ਪ੍ਰੋਗਰਾਮ ਪੇਸ਼ ਕਰਕੇ ਭਾਰਤ ਹੀ ਨਹੀਂ ਵਿਸ਼ਵ ਭਰ ਦੀਆਂ ਸੰਗਤਾਂ ਨੂੰ ਜਾਗਰੂਕ ਕਰਨ ਲਈ ਇਕ ਨਵੀਂ ਲਹਿਰ ਪੈਦਾ ਕਰ ਦਿੱਤੀ ਹੈ। ਆਦਿ ਧਰਮ ਮਿਸ਼ਨ ਦੀ ਸੰਪਾਦਕੀ ਹੇਠ ਛਪਦੇ ਆਦਿ ਧਰਮ ਪਤ੍ਰਿਕਾ ਨਾਲ ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਗੁਰੂ ਘਰ ਦੀ ਚਰਚਾ ਵਿਸ਼ਵਭਰ ਵਿੱਚ ਹੋਣ ਲਗ ਪਈ ਹੈ। ਉਨ੍ਹਾਂ ਕਿਹਾ ਜਲਦ ਹੀ ਭਾਰਤ ਅੰਦਰ ਵੱਡੇ ਵੱਡੇ ਸਤਿਸੰਗ ਪ੍ਰੋਗਰਾਮ ਉਲੀਕ ਕੇ ਸੰਗਤਾਂ ਨੂੰ ਜਾਗਰੂਕ ਕਰਨ ਲਈ ਯਤਨ ਤੇਜ ਕੀਤੇ ਜਾਣਗੇ।

